@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 7 March 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 7 ਮਾਰਚ 2025, 21 ਫੱਗਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 117, qpatrika@gmail.com ਫੋਨ : 9971359517 www.qaumipatrika.org


## ਅੰਤਰਰਾਸ਼ਟਰੀ ਮਹਿਲਾ ਦਿਵਸ ਤੋਂ ਪਹਿਲਾਂ ਨਿਤਿਨ ਗਡਕਰੀ ਦਾ ਬਿਆਨ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 6 ਮਾਰਚ। ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਵੀਰਵਾਰ ਨੂੰ ਕਿਹਾ ਕਿ ਭਾਰਤ ਨੂੰ ਇੱਕ ਅਜਿਹੇ ਸਮਾਜ ਦੀ ਲੋੜ ਹੈ, ਜਿੱਥੇ ਕੋਈ ਵੀ ਲਿੰਗ, ਜਾਤ ਜਾਂ ਧਰਮ ਦੇ ਆਧਾਰ 'ਤੇ ਵਿਤਕਰਾ ਮਹਿਸੂਸ ਨਾ ਕਰੇ। ਗਡਕਰੀ ਨੇ ਇਹ ਬਿਆਨ 8 ਮਾਰਚ ਨੂੰ ਮਨਾਏ ਜਾਣ ਵਾਲੇ ਅੰਤਰਰਾਸ਼ਟਰੀ ਮਹਿਲਾ ਦਿਵਸ ਤੋਂ ਪਹਿਲਾਂ ਸਮਾਜ ਵਿੱਚ ਅਸਾਧਾਰਨ ਯੋਗਦਾਨ ਪਾਉਣ ਵਾਲੀਆਂ ਔਰਤਾਂ ਨੂੰ 'ਲੋਕਮਾਤਾ ਅਹਿਲਿਆਬਾਈ ਹੋਲਕਰ ਮਹਿਲਾ ਸਨਮਾਨ' ਪ੍ਰਦਾਨ ਕਰਨ ਲਈ ਆਯੋਜਿਤ ਇੱਕ ਸਮਾਗਮ ਵਿੱਚ ਦਿੱਤਾ। ਗਡਕਰੀ ਨੇ ਕਿਹਾ, ÷ਸਾਨੂੰ ਇੱਕ ਅਜਿਹਾ ਸਮਾਜ ਬਣਾਉਣਾ ਚਾਹੀਦਾ ਹੈ ਜਿੱਥੇ ਕਿਸੇ ਨਾਲ ਵੀ ਜਾਤ, ਲਿੰਗ, ਧਰਮ ਜਾਂ ਸਮਾਜਿਕ ਰੁਤਬੇ ਦੇ ਆਧਾਰ 'ਤੇ ਵਿਤਕਰਾ ਨਹੀਂ ਕੀਤਾ ਜਾਂਦਾ, ਸਗੋਂ ਉਸ ਦੀ ਪ੍ਰਤਿਭਾ ਅਤੇ ਯੋਗਦਾਨ ਦੇ ਆਧਾਰ 'ਤੇ ਕੀਤਾ ਜਾਂਦਾ ਹੈ।÷ ਜ਼ਿਕਰਯੋਗ ਹੈ ਕਿ ਇਹ ਪੁਰਸਕਾਰ ਮੁੰਬਈ ਸਥਿਤ ਕਮਲਾ ਅੰਕੀਬਾਈ ਘਮੰਡੀਰਾਮ ਗੋਵਾਨੀ ਟਰੱਸਟ ਦੁਆਰਾ ਦਿੱਤਾ ਜਾਂਦਾ ਹੈ। ਗਡਕਰੀ ਨੇ ਕਿਹਾ ਕਿ ਹੁਣ ਦੁਨੀਆ ਬਦਲ ਗਈ ਹੈ ਅਤੇ ਔਰਤਾਂ ਨੂੰ ਆਪਣੇ ਲਿੰਗ ਦੇ ਆਧਾਰ 'ਤੇ ਸੀਮਤ ਮਹਿਸੂਸ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ, "ਜਿੱਥੇ ਵੀ ਪ੍ਰਤਿਭਾ ਮੌਜੂਦ ਹੈ, ਉੱਥੇ ਔਰਤਾਂ




ਅਗਵਾਈ ਕਰ ਰਹੀਆਂ ਹਨ। ਸਭ ਤੋਂ ਵੱਧ ਪ੍ਰਾਪਤੀਆਂ ਕਰਨ ਵਾਲਿਆਂ ਵਿੱਚੋਂ 75 ਪ੍ਰਤੀਸ਼ਤ ਔਰਤਾਂ ਹਨ।÷ ਇਸ ਤੋਂ ਇਲਾਵਾ ਕੇਂਦਰੀ ਰਿਹਾਇਸ਼ ਅਤੇ ਸ਼ਹਿਰੀ ਮਾਮਲੇ ਮੰਤਰੀ ਮਨੋਹਰ ਲਾਲ ਖੱਟਰ ਨੇ ਮਹਿਲਾ ਸਸ਼ਕਤੀਕਰਨ ਅਤੇ ਪਿਛਲੇ ਕੁਝ ਸਾਲਾਂ ਵਿੱਚ ਇਸ ਸਬੰਧ ਵਿੱਚ ਹਰਿਆਣਾ ਵੱਲੋਂ ਕੀਤੇ ਗਏ ਵਿਕਾਸ ਬਾਰੇ ਗੱਲ ਕੀਤੀ। ਉਨ੍ਹਾਂ ਯਾਦ ਕੀਤਾ ਕਿ ਹਰਿਆਣਾ ਦੇ ਮੁੱਖ ਮੰਤਰੀ ਵਜੋਂ ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਨੇ ਔਰਤਾਂ ਦੇ ਸਬੰਧ ਵਿੱਚ ਸੂਬੇ 'ਚ ਪ੍ਰਚਲਿਤ ਡੂੰਘੀਆਂ ਪਾਬੰਦੀਆਂ ਨੂੰ ਦੇਖਿਆ। ਖੱਟਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 'ਬੇਟੀ ਬਚਾਓ, ਬੇਟੀ ਪੜ੍ਹਾਓ' ਪਹਿਲਕਦਮੀ ਨੇ ਹਰਿਆਣਾ ਵਿੱਚ ਮਹੱਤਵਪੂਰਨ ਬਦਲਾਅ ਲਿਆਂਦੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵਜੋਂ ਉਨ੍ਹਾਂ ਦੇ ਕਾਰਜਕਾਲ ਦੌਰਾਨ ਸੂਬੇ ਵਿੱਚ ਔਰਤਾਂ ਨੂੰ ਸਮਰਪਿਤ 30 ਪੁਲਸ ਸਟੇਸ਼ਨ ਸਥਾਪਿਤ ਕੀਤੇ ਗਏ ਸਨ ਅਤੇ ਇਨ੍ਹਾਂ ਸਾਰੇ ਸਟੇਸ਼ਨਾਂ ਦਾ ਪ੍ਰਬੰਧਨ ਮਹਿਲਾ ਅਧਿਕਾਰੀਆਂ ਦੁਆਰਾ ਕੀਤਾ ਗਿਆ ਸੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਔਰਤਾਂ ਬਿਨਾਂ ਕਿਸੇ ਝਿਜਕ ਦੇ ਆਪਣੀਆਂ ਸ਼ਿਕਾਇਤਾਂ ਆਸਾਨੀ ਨਾਲ ਦਰਜ ਕਰਵਾ ਸਕਣ।

## ਸੰਯੁਕਤ ਕਿਸਾਨ ਮੋਰਚੇ ਦੇ ਫ਼ੈਸਲੇ ਮੁਤਾਬਕ ਹੋਵੇਗਾ ਅਗਲਾ ਐਕਸ਼ਨ: ਉਗਰਾਹਾਂ

ਭਵਾਨੀਗੜ੍ਹ 6 ਮਾਰਚ। ਬੀਤੀ ਦੇਰ ਸ਼ਾਮ ਪੁਲਸ ਵੱਲੋਂ ਰਿਹਾਅ ਕੀਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਪਿੰਡ ਘਰਾਚੋਂ ਵਿਖੇ ਰੋਸ ਧਰਨੇ 'ਚ ਪਹੁੰਚੇ ਕੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੀ ਸੂਬਾ ਕਮੇਟੀ ਦਾ ਜੋ ਵੀ ਅਗਲਾ ਫ਼ੈਸਲਾ ਤੇ ਐਕਸ਼ਨ ਹੋਵੇਗਾ ਉਸ ਨੂੰ ਉਸੇ ਤਰ੍ਹਾਂ ਹੀ ਮੰਨਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਉਨ੍ਹਾਂ ਨੂੰ ਹਿਰਾਸਤ 'ਚ ਲੈਣ ਕਾਰਨ ਉਨ੍ਹਾਂ ਦੀ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨਾਲ ਅਜੇ ਕੋਈ ਗੱਲਬਾਤ ਨਹੀਂ ਹੋਈ। ਇਸ ਲਈ ਉਨ੍ਹਾਂ ਨੂੰ ਸੰਯੁਕਤ ਮੋਰਚੇ ਵੱਲੋਂ ਲਏ ਗਏ ਫ਼ੈਸਲੇ ਵਾਰੇ ਫਿਲਹਾਲ ਕੋਈ ਜਾਣਕਾਰੀ ਨਹੀਂ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਜਨਕ ਸਿੰਘ ਭੁਟਾਲ, ਸੂਬਾ ਪ੍ਰਚਾਰ ਸਕੱਤਰ ਜਗਤਾਰ ਸਿੰਘ ਕਾਲਾਝਾੜ, ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆ ਤੇ ਦਰਸ਼ਨ ਸਿੰਘ ਚੰਗਾਲੀਵਾਲਾ ਜ਼ਿਲ੍ਹਾ ਮਾਨਸਾ ਸਮੇਤ ਕਈ ਹੋਰ ਕਿਸਾਨ ਆਗੂ ਵੀ ਮੌਜੂਦ ਸਨ। ਜ਼ਿਕਰਯੋਗ ਹੈ ਕਿ ਦੇਰ ਰਾਤ ਨੂੰ ਪੁਲਸ ਵੱਲੋਂ ਗ੍ਰਿਫ਼ਤਾਰ ਕੀਤੇ ਕਿਸਾਨਾਂ ਨੂੰ ਰਿਹਾਅ ਕੀਤੇ ਜਾਣ 'ਤੇ ਰਾਤ ਦੇ ਕਰੀਬ 11 ਵਜੇ ਕਿਸਾਨਾਂ ਵੱਲੋਂ ਰੋਸ ਧਰਨਾ ਖ਼ਤਮ ਕੀਤਾ ਗਿਆ ਤੇ ਪੁਲਸ ਵੱਲੋਂ ਵੀ ਦੇਰ ਰਾਤ ਨੂੰ ਕਰੀਬ 13 ਘੰਟਿਆਂ ਬਾਅਦ ਸੜਕ 'ਤੇ ਲਗਾਏ ਗਏ ਬੈਰੀਕੇਡਾਂ ਨੂੰ ਹਟਾਉਣ ਤੋਂ ਬਾਅਦ ਸੜਕਾਂ ਉੱਪਰ ਆਵਾਜਾਈ ਦਰੁੱਸਤ ਹੋਈ।

## '8 ਮਾਰਚ ਨੂੰ ਖਾਤੇ 'ਚ ਆਉਣਗੇ 2500 ਰੁਪਏ, 500 ਰੁਪਏ 'ਚ ਮਿਲੇਗਾ ਸਿਲੰਡਰ'

ਵੈੱਬ ਡੈਸਕ 6 ਮਾਰਚ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਦਿੱਲੀ ਦੀਆਂ ਔਰਤਾਂ ਨੂੰ ਇੱਕ ਹੋਰ ਤੋਹਫ਼ਾ ਦੇਣ ਜਾ ਰਹੀ ਹੈ। 8 ਮਾਰਚ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਮੌਕੇ 'ਤੇ, ਦਿੱਲੀ ਸਰਕਾਰ ਦੋ ਮਹੱਤਵਪੂਰਨ ਵਾਅਦੇ ਪੂਰੇ ਕਰਨ ਜਾ ਰਹੀ ਹੈ। ਪਹਿਲਾ ਵਾਅਦਾ ਮਹਿਲਾ ਸਮ੍ਰਿਧੀ ਯੋਜਨਾ ਦਾ ਹੈ ਅਤੇ ਦੂਜਾ 500 ਰੁਪਏ ਵਿੱਚ ਐਲਪੀਜੀ ਸਿਲੰਡਰ ਪ੍ਰਦਾਨ ਕਰਨ ਦਾ ਹੈ। ਮਹਿਲਾ ਸਮ੍ਰਿਧੀ ਯੋਜਨਾ ਲਈ ਰਜਿਸਟ?ਰੇਸ਼ਨ 8 ਮਾਰਚ ਤੋਂ ਸ਼ੁਰੂ ਹੋਵੇਗੀ, ਜਿਸ ਰਾਹੀਂ ਦਿੱਲੀ ਦੀਆਂ ਔਰਤਾਂ ਇਸ ਨਾਲ ਸਬੰਧਤ ਕਈ ਸਹੂਲਤਾਂ ਪ੍ਰਾਪਤ ਕਰ ਸਕਣਗੀਆਂ। ਇਸ ਤੋਂ ਇਲਾਵਾ, ਇਸ ਦਿਨ ਤੋਂ ਗਰੀਬ ਔਰਤਾਂ ਨੂੰ 500 ਰੁਪਏ ਵਿੱਚ ਗੈਸ ਸਿਲੰਡਰ ਮਿਲੇਗਾ। ਹਾਲਾਂਕਿ, ਇਸ ਯੋਜਨਾ ਦੇ ਤਹਿਤ 500 ਰੁਪਏ ਦੀ ਸਬਸਿਡੀ ਬਾਅਦ 'ਚ ਔਰਤਾਂ ਦੇ ਖਾਤਿਆਂ ਵਿੱਚ ਸਿੱਧੀ ਵਾਪਸ ਕਰ ਦਿੱਤੀ ਜਾਵੇਗੀ। ਦਿੱਲੀ ਵਿਧਾਨ ਸਭਾ ਚੋਣਾਂ 2025 'ਚ ਭਾਰਤੀ ਜਨਤਾ



ਪਾਰਟੀ (ਭਾਜਪਾ) ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਵਾਅਦਾ ਕੀਤਾ ਸੀ ਕਿ ਹੋਲੀ ਅਤੇ ਦੀਵਾਲੀ 'ਤੇ ਦਿੱਲੀ ਦੀਆਂ ਔਰਤਾਂ ਨੂੰ ਮੁਫ਼ਤ ਗੈਸ ਸਿਲੰਡਰ ਦਿੱਤੇ ਜਾਣਗੇ। ਇੰਨਾ ਹੀ ਨਹੀਂ, ਗਰੀਬ ਪਰਿਵਾਰਾਂ ਨੂੰ 500 ਰੁਪਏ ਅਤੇ ਔਰਤਾਂ ਨੂੰ 2500 ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਵੀ ਕੀਤਾ ਗਿਆ। ਦਿੱਲੀ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੇ 70 ਵਿੱਚੋਂ 48 ਸੀਟਾਂ ਜਿੱਤੀਆਂ ਅਤੇ ਦਿੱਲੀ ਵਿੱਚ ਸਰਕਾਰ ਬਣਾਈ। ਹੁਣ ਰੇਖਾ ਗੁਪਤਾ ਦੀ ਸਰਕਾਰ ਇਨ੍ਹਾਂ ਯੋਜਨਾਵਾਂ ਨੂੰ ਲਾਗੂ ਕਰਨ ਵੱਲ ਕੰਮ ਕਰ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਦੋਵੇਂ ਯੋਜਨਾਵਾਂ ਮਹਿਲਾ ਦਿਵਸ ਦੇ ਮੌਕੇ 'ਤੇ ਸ਼ੁਰੂ ਕੀਤੀਆਂ ਜਾਣਗੀਆਂ, ਜਿਸ ਨਾਲ ਦਿੱਲੀ ਦੀਆਂ ਔਰਤਾਂ ਨੂੰ ਫਾਇਦਾ ਹੋਵੇਗਾ। ਗੈਸ ਸਿਲੰਡਰ 500 ਰੁਪਏ ਵਿੱਚ ਉਪਲਬਧ ਹੋਣਗੇ ਅਤੇ ਹੋਲੀ ਅਤੇ ਦੀਵਾਲੀ 'ਤੇ ਮੁਫਤ ਦਿੱਤੇ ਜਾਣਗੇ।

## ਪੂਰਾ ਹੋਣ ਹੀ ਵਾਲਾ ਹੈ ਮੁੰਬਈ-ਅਹਿਮਦਾਬਾਦ ਬੁਲੇਟ ਟਰੇਨ ਪੁਲ ਦਾ ਨਿਰਮਾਣ

ਨਵੀਂ ਦਿੱਲੀ 6 ਮਾਰਚ। ਭਾਰਤ ਦਾ ਪਹਿਲਾ ਬੁਲੇਟ ਟ?ਰੇਨ ਕੋਰੀਡੋਰ, ਮੁੰਬਈ-ਅਹਿਮਦਾਬਾਦ ਹਾਈ-ਸਪੀਡ ਰੇਲ ਪ੍ਰੋਜੈਕਟ, ਇਸ ਸਮੇਂ ਇੱਕ ਮਹੱਤਵਪੂਰਨ 200 ਮੀਟਰ ਲੰਬੇ 'ਮੇਕ ਇਨ ਇੰਡੀਆ' ਸਟੀਲ ਪੁਲ ਨੂੰ ਪੂਰਾ ਕਰਨ ਦੀ ਪ੍ਰਕਿਰਿਆ ਵਿੱਚ ਹੈ। ਇਹ ਸਟੀਲ ਪੁਲ ਗੁਜਰਾਤ ਦੇ ਨਡੀਆਡ ਵਿੱਚ ਸਥਿਤ ਹੈ, ਜੋ ਕਿ ਰਾਸ਼ਟਰੀ ਰਾਜਮਾਰਗ 48 ਦੇ ਨੇੜੇ ਹੈ, ਜੋ ਕਿ ਦਿੱਲੀ, ਮੁੰਬਈ ਅਤੇ ਚੇਨਈ ਨੂੰ ਜੋੜਨ ਵਾਲੀ ਇੱਕ ਪ੍ਰਮੁੱਖ ਸੜਕ ਹੈ। ਇਹ ਸਟੀਲ ਪੁਲ ਬੁਨਿਆਦੀ ਢਾਂਚਾ ਉਦਯੋਗ ਨਾਲ ਸਬੰਧਤ ਭਾਰਤ ਦੇ ਵੱਖ-ਵੱਖ ਯਤਨਾਂ ਨੂੰ ਦਰਸਾਉਂਦਾ ਹੈ। ਨਡੀਆਦ ਦੇ ਨੇੜੇ ਸਥਿਤ ਇਸ ਪੁਲ ਦਾ ਨਿਰਮਾਣ, ਜਿਸਨੂੰ 'ਮੇਕ ਇਨ ਇੰਡੀਆ' ਸਟੀਲ ਪੁਲ ਵਜੋਂ ਮਾਣ ਨਾਲ ਜਾਣਿਆ ਜਾਂਦਾ ਹੈ, ਮੁੰਬਈ-ਅਹਿਮਦਾਬਾਦ ਬੁਲੇਟ ਟ?ਰੇਨ ਪ੍ਰੋਜੈਕਟ ਲਈ ਇੱਕ ਮੀਲ ਪੱਥਰ ਹੈ। ਇਹ ਵਿਕਾਸ ਭਾਰਤ ਦੀਆਂ ਇੰਜੀਨੀਅਰਿੰਗ ਸਮਰੱਥਾਵਾਂ ਅਤੇ ਸਥਾਨਕ, ਘਰੇਲੂ ਪ੍ਰਤਿਭਾ ਰਾਹੀਂ ਦੇਸ਼ ਦੇ ਅੰਦਰ ਆਵਾਜਾਈ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਇੱਕ ਮਹੱਤਵਪੂਰਨ ਮੀਲ ਪੱਥਰ ਹੈ। 100 ਮੀਟਰ ਦੇ ਦੋ ਸਪੈਨਾਂ ਦੇ ਨਾਲ, ਸਟੀਲ ਪੁਲ ਦੀ ਚੌੜਾਈ 14.3 ਮੀਟਰ ਅਤੇ ਉਚਾਈ 14.6 ਮੀਟਰ ਹੈ। ਇਹ ਢਾਂਚਾ ਤਣਾਅ-ਨਿਯੰਤਰਿਤ ਉੱਚ ਤਾਕਤ ਵਾਲੇ ਬੋਲਟਾਂ ਦੀ ਵਰਤੋਂ ਕਰਕੇ ਤਿਆਰ ਕੀਤਾ ਗਿਆ ਹੈ ਅਤੇ ਇਸਨੂੰ ਉੱਤਰ ਪ੍ਰਦੇਸ਼ ਦੇ ਹਾਪੁੜ ਵਿੱਚ ਸਾਲਾਸਰ ਵਰਕਸ਼ਾਪ ਵਿੱਚ ਨਿਰਮਿਤ ਕੀਤਾ ਗਿਆ ਹੈ। ਸਟੀਲ ਪੁਲ ਨਿਰਮਾਣ ਲਚਕਤਾ ਵਿੱਚ ਫਾਇਦੇ ਪ੍ਰਦਾਨ ਕਰਦੇ ਹਨ ਅਤੇ ਮੌਜੂਦਾ ਰੇਲਵੇ ਲਾਈਨਾਂ ਅਤੇ ਹਾਈਵੇਅ ਨੂੰ ਪਾਰ ਕਰਨ ਲਈ ਮਜ਼ਬੂਤ ??ਸਹਾਇਤਾ ਪ੍ਰਦਾਨ ਕਰਦੇ ਹਨ। ਪ੍ਰੋਜੈਕਟ ਦੇ ਹਿੱਸੇ ਵਜੋਂ ਗੁਜਰਾਤ ਅਤੇ ਮਹਾਰਾਸ਼ਟਰ ਵਿੱਚ ਕੁੱਲ 28 ਸਟੀਲ ਪੁਲ ਬਣਾਏ ਜਾਣ ਦੀ ਉਮੀਦ ਹੈ, ਜਿਨ੍ਹਾਂ ਵਿੱਚੋਂ 17 ਗੁਜਰਾਤ ਵਿੱਚ ਅਤੇ 11 ਮਹਾਰਾਸ਼ਟਰ ਵਿੱਚ ਅਲਾਟ ਕੀਤੇ ਗਏ ਹਨ। ਵਰਤਮਾਨ ਵਿੱਚ, ਗੁਜਰਾਤ ਭਾਗ ਵਿੱਚ, ਛੇ ਪੁਲ ਪੂਰੇ ਹੋ ਚੁੱਕੇ ਹਨ, ਜੋ ਕਿ ਪ੍ਰੋਜੈਕਟ ਦੀ ਨਿਰੰਤਰ ਪ੍ਰਗਤੀ ਨੂੰ ਦਰਸਾਉਂਦਾ ਹੈ।

## ਪੰਜਾਬ ਸਰਕਾਰ ਨੇ ਸੱਦੀ ਮੀਟਿੰਗ, 13 ਮਾਰਚ ਨੂੰ ਇਸ ਮੁੱਦੇ 'ਤੇ ਲਿਆ ਜਾਵੇਗਾ

**ਏਜੰਸੀਆਂ**

ਜਲੰਧਰ 6 ਮਾਰਚ। ਪੰਜਾਬ ਸਰਕਾਰ ਨੇ ਪੰਜਾਬ ਵਕਫ਼ ਬੋਰਡ ਚੇਅਰਮੈਨ ਬਣਾਉਣ ਲਈ ਬੋਰਡ ਦੀ ਮੀਟਿੰਗ 13 ਮਾਰਚ ਸਵੇਰੇ 11 ਵਜੇ ਚੰਡੀਗੜ੍ਹ ਵਿਚ ਬੁਲਾਈ ਹੈ। ਇਸ ਵਿਚ ਬੋਰਡ ਦੇ ਚੇਅਰਮੈਨ ਦਾ ਉਸੇ ਦਿਨ ਫ਼ੈਸਲਾ ਹੋ ਜਾਵੇਗਾ। ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਇਕ ਸੀਲਬੰਦ ਲਿਫ਼ਾਫ਼ਾ ਖੋਲ੍ਹਿਆ ਜਾਵੇਗਾ, ਜਿਸ ਵਿੱਚ ਚੇਅਰਮੈਨ ਦਾ ਨਾਂ ਗੁਪਤ ਲਿਖਿਆ ਹੋਵਗਾ। ਬੋਰਡ ਦੇ ਸਾਰੇ ਮੈਂਬਰਾਂ ਨੂੰ ਸਰਕਾਰ ਦੇ ਬੰਦ ਲਿਫ਼ਾਫ਼ੇ ਦਾ ਸਮਰਥਨ ਕਰਨਾ ਹੋਵੇਗਾ। ਸਰਕਾਰ ਵੱਲੋਂ ਚੁਣੇ ਗਏ ਇਨ੍ਹਾਂ 10 ਮੈਂਬਰਾਂ ਵਿੱਚੋਂ ਇਕ ਨੂੰ ਚੇਅਰਮੈਨ ਬਣਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਵਕਫ਼ ਬੋਰਡ ਚੇਅਰਮੈਨ ਦੇ ਦੌਰ ਵਿਚ ਐੱਮ. ਐੱਲ. ਏ. ਡਾ. ਜਮੀਲ ਉਰ ਰਹਿਮਾਨ, ਸੂਝ ਕਾਰੋਬਾਰੀ ਮੁਹੰਮਦ ਓਵੈਸ ਅਤੇ ਡਾ. ਅਨਵਰ ਖਾਨ ਦੇ ਨਾਂ ਚਰਚਾਵਾਂ ਵਿਚ ਸ਼ਾਮਲ ਹੈ ਪਰ ਮਜ਼ਬੂਤ ਦਾਅਵੇਦਾਰ ਦੇ ਤੌਰ 'ਤੇ ਐੱਮ.ਐੱਲ.ਏ. ਡਾ. ਜਮੀਲ ਉਰ ਰਹਿਮਾਨ ਅਤੇ ਮੁਹੰਮਦ ਓਵੈਸ ਦੇ ਨਾਂ ਸ਼ਾਮਲ ਹਨ। ਜੇਕਰ ਪੰਜਾਬ ਸਰਕਾਰ ਵਿਧਾਇਕ ਡਾ. ਜਮੀਲ ਉਰ ਰਹਿਮਾਨ ਨੂੰ ਕੋਈ ਹੋਰ



ਮੰਤਰਾਲਾ ਦਿੰਦੀ ਹੈ ਤਾਂ ਮੁਹੰਮਦ ਓਵੈਸ ਦਾ ਵਕਫ਼ ਬੋਰਡ ਦਾ ਚੇਅਰਮੈਨ ਬਣਨਾ ਤੈਅ ਹੈ। ਸੂਤਰਾਂ ਦਾ ਕਹਿਣਾ ਹੈ ਕਿ ਜੇਕਰ ਆਮ ਆਦਮੀ ਪਾਰਟੀ ਦੇ ਕੌਮੀ ਪ੍ਰਧਾਨ ਅਰਵਿੰਦ ਕੇਜਰੀਵਾਲ ਦੀ ਸਿਫ਼ਾਰਿਸ਼ ਮੰਨੀ ਜਾਂਦੀ ਹੈ ਤਾਂ ਮਾਲੇਰਕੋਟਲਾ ਦੇ ਵਿਧਾਇਕ ਡਾ. ਜਮੀਲ ਉਰ ਰਹਿਮਾਨ ਚੇਅਰਮੈਨ ਹੋਣਗੇ। ਜੇਕਰ ਆਮ ਆਦਮੀ ਪਾਰਟੀ ਦੇ ਪੰਜਾਬ ਤੋਂ ਰਾਜ ਸਭਾ ਮੈਂਬਰ ਸੰਦੀਪ ਕੁਮਾਰ ਪਾਠਕ ਦੀ ਸਿਫ਼ਾਰਿਸ਼ ਮੰਨੀ ਜਾਂਦੀ ਹੈ ਤਾਂ ਬੂਟਾਂ ਦੇ ਕਾਰੋਬਾਰੀ ਮੁਹੰਮਦ ਓਵੈਸ ਚੇਅਰਮੈਨ ਹੋਣਗੇ। ਜਾਂ ਜੇਕਰ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਸਹਿਮਤ ਹੋ ਜਾਂਦੇ ਹਨ ਤਾਂ ਡਾ. ਅਨਵਰ ਖਾਨ ਵਕਫ਼ ਬੋਰਡ ਦੇ ਚੇਅਰਮੈਨ ਬਣ ਸਕਦੇ ਹਨ। ਇਸ ਸਮੇਂ ਕਈ ਤਰ੍ਹਾਂ ਦੀਆਂ ਅਟਕਲਾਂ ਸਾਹਮਣੇ ਆ ਰਹੀਆਂ ਹਨ। ਚੇਅਰਮੈਨਸ਼ਿਪ ਲਈ ਸਾਰੇ ਆਪਣੇ-ਆਪਣੇ ਦਾਅਵੇ ਠੋਕ ਰਹੇ ਹਨ, ਜਿਸ ਦਾ ਫ਼ੈਸਲਾ 13 ਮਾਰਚ ਨੂੰ ਹੋ ਜਾਵੇਗਾ।

## ਵਿਦੇਸ਼ ਮੰਤਰੀ ਦੀ ਲੰਡਨ ਫੇਰੀ ਦੌਰਾਨ ਸੁਰੱਖਿਆ 'ਚ ਕੁਤਾਹੀ, ਭਾਰਤ ਨੇ ਜਤਾਇਆ ਇਤਰਾਜ਼

ਨਵੀਂ ਦਿੱਲੀ 6 ਮਾਰਚ। ਭਾਰਤ ਨੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਦੀ ਲੰਡਨ ਯਾਤਰਾ ਦੌਰਾਨ ਹੋਈ ਸੁਰੱਖਿਆ ਕੁਹਾਤੀ ਦੀ ਘਟਨਾ ਦੀ ਵੀਰਵਾਰ ਯਾਨੀ ਕਿ ਅੱਜ ਨਿੰਦਾ ਕੀਤੀ। ਵਿਦੇਸ਼ ਮੰਤਰਾਲਾ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਕਿਹਾ ਕਿ ਅਸੀਂ ਵਿਦੇਸ਼ ਮੰਤਰੀ ਦੇ ਲੰਡਨ ਦੌਰੇ ਦੌਰਾਨ ਹੋਈ ਸੁਰੱਖਿਆ ਨਾਲ ਸਬੰਧਤ ਕੁਤਾਹੀ ਦੀ ਘਟਨਾ ਦੀ ਫੁਟੇਜ ਵੇਖੀ ਹੈ। ਜਾਇਸਵਾਲ ਨੇ ਕਿਹਾ ਕਿ ਅਸੀਂ ਵੱਖਵਾਦੀਆਂ ਅਤੇ ਕੱਟੜਪੰਥੀਆਂ ਦੇ ਇਸ ਛੋਟੇ ਸਮੂਹ ਦੀਆਂ ਭੜਕਾਊ ਗਤੀਵਿਧੀਆਂ ਦੀ ਨਿੰਦਾ ਕਰਦੇ ਹਾਂ। ਅਸੀਂ ਉਮੀਦ ਕਰਦੇ ਹਾਂ ਕਿ ਮੇਜ਼ਬਾਨ ਸਰਕਾਰ ਅਜਿਹੇ ਮਾਮਲਿਆਂ ਵਿਚ ਆਪਣੀਆਂ ਕੂਟਨੀਤਕ ਜ਼ਿੰਮੇਵਾਰੀਆਂ ਦੀ ਪੂਰੀ ਤਰ੍ਹਾਂ ਪਾਲਣਾ



ਕਰੇਗੀ। ਦੱਸ ਦੇਈਏ ਕਿ ਵਿਦੇਸ਼ ਮੰਤਰੀ ਜੈਸ਼ੰਕਰ ਇਸ ਸਮੇਂ ਲੰਡਨ ਵਿਚ ਹਨ। ਉਨ੍ਹਾਂ ਨੇ ਇੱਥੇ ਚੈਥਮ ਹਾਊਸ ਥਿੰਕ ਟੈਂਕ ਦੇ ਇਕ ਵਿਸ਼ੇਸ਼ ਪ੍ਰੋਗਰਾਮ 'ਚ ਹਿੱਸਾ ਲਿਆ। ਪ੍ਰੋਗਰਾਮ ਖਤਮ ਹੁੰਦੇ ਹੀ ਉਹ ਆਪਣੀ ਕਾਰ ਵੱਲ ਵਧੇ। ਉੱਥੇ ਪਹਿਲਾਂ ਹੀ ਵਿਰੋਧ ਕਰ ਰਹੇ ਖਾਲਿਸਤਾਨ ਸਮਰਥਕਾਂ ਨੇ ਉਨ੍ਹਾਂ ਨੂੰ ਦੇਖ ਕੇ ਨਾਅਰੇਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਉਨ੍ਹਾਂ ਦੀ ਕਾਰ ਨੂੰ ਘੇਰ ਲਿਆ। ਇਸ ਤੋਂ ਬਾਅਦ ਇਕ ਵਿਅਕਤੀ ਤਿਰੰਗਾ ਲੈ ਕੇ ਉਨ੍ਹਾਂ ਦੀ ਕਾਰ ਦੇ ਸਾਹਮਣੇ ਖੜ੍ਹਾ ਹੋ ਗਿਆ ਤੇ ਰਸਤਾ ਰੋਕ ਲਿਆ। ਇਸ ਦੌਰਾਨ ਉਸ ਨੇ ਭਾਰਤ ਦੇ ਤਿਰੰਗੇ ਨੂੰ ਪਾੜ ਦਿੱਤਾ। ਜਿਵੇਂ ਹੀ ਖਾਲਿਸਤਾਨ ਸਮਰਥਕ ਨੂੰ ਤਿਰੰਗਾ ਪਾੜਦੇ ਦੇਖਿਆ ਤਾਂ ਸੁਰੱਖਿਆ ਕਰਮੀਆਂ ਨੇ ਉਸ ਨੂੰ ਫੜ ਲਿਆ ਅਤੇ ਕਾਰ ਤੋਂ ਦੂਰ ਲੈ ਗਏ। ਇਸ ਪੂਰੀ ਘਟਨਾ ਨੂੰ ਵਿਦੇਸ਼ ਮੰਤਰੀ ਦੀ ਸੁਰੱਖਿਆ ਵਿਚ ਵੱਡੀ ਕੁਤਾਹੀ ਵਜੋਂ ਵੇਖਿਆ ਜਾ ਰਿਹਾ ਹੈ। ਇਸ ਘਟਨਾ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਇਸ ਘਟਨਾ ਤੋਂ ਬਾਅਦ ਭਾਰਤੀਆਂ ਨੇ ਲੰਡਨ ਵਿਚ ਵਿਰੋਧ ਪ੍ਰਦਰਸ਼ਨ ਕੀਤਾ। ਲੋਕ ਬ੍ਰਿਟਿਸ਼ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ ਤਿਰੰਗੇ ਦਾ ਅਪਮਾਨ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

## ਨਸ਼ੀਲੇ ਪਦਾਰਥਾਂ ਦੀ ਆਦਤ 'ਮਹਾਮਾਰੀ ਵਰਗੀ' : ਹਾਈ ਕੋਰਟ

**ਨਵਦੀਪ ਸਿੰਘ ਸਾਹਨੀ**

ਮੁੰਬਈ 6 ਮਾਰਚ। ਬੰਬੇ ਹਾਈ ਕੋਰਟ ਨੇ ਇਕ ਮਾਮਲੇ ਦੀ ਸੁਣਵਾਈ ਦੌਰਾਨ ਟਿੱਪਣੀ ਕੀਤੀ ਕਿ ਨਸ਼ੀਲੇ ਪਦਾਰਥਾਂ ਦੀ ਤਸਕਰੀ ਇਕ ਗੰਭੀਰ ਅਪਰਾਧ ਹੈ ਅਤੇ ਨਸ਼ੀਲੀਆਂ ਦਵਾਈਆਂ ਦੀ ਆਦਤ 'ਮਹਾਮਾਰੀ ਵਰਗੀ' ਹੈ। ਅਦਾਲਤ ਨੇ ਨਾਲ ਹੀ ਜ਼ੋਰ ਦਿੱਤਾ ਕਿ ਅਧਿਕਾਰੀਆਂ ਨੂੰ ਕਿਸੇ ਵਿਅਕਤੀ ਨੂੰ ਗ੍ਰਿਫ਼ਤਾਰ ਕਰਦੇ ਸਮੇਂ ਅਤੇ ਬਰਾਮਦਗੀ ਪ੍ਰਕਿਰਿਆ ਦੌਰਾਨ ਜ਼ਰੂਰੀ ਨਿਯਮਾਂ ਦੀ ਈਮਾਨਦਾਰੀ ਨਾਲ ਪਾਲਣਾ ਕਰਨੀ ਚਾਹੀਦੀ। ਜੱਜ ਮਿਲਿੰਦ ਜਾਧਵ ਦੀ ਏਕਲ ਬੈਂਚ ਨੇ ਮੰਗਲਵਾਰ ਨੂੰ ਪਾਸ ਆਦੇਸ਼ 'ਚ ਕਿਹਾ ਕਿ ਸਮਾਜ 'ਚ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ ਕਰਨ ਵਾਲੇ ਲੋਕਾਂ ਤੋਂ ਸਖ਼ਤੀ ਨਾਲ ਨਜਿੱਠਿਆ ਜਾਣਾ ਚਾਹੀਦਾ ਪਰ ਇਹ ਕਿਸੇ ਵਿਅਕਤੀ ਦੀ ਆਜ਼ਾਦੀ ਦੀ ਕੀਮਤ 'ਤੇ ਨਹੀਂ ਹੋ ਸਕਦਾ। ਅਦਾਲਤ ਨੇ ਇਹ ਟਿੱਪਣੀ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ?ਰੋਪਿਕ ਸਬਸਟੈਂਸ ਐਕਟ (ਐੱਨ.ਡੀ.ਪੀ.ਐੱਸ.) ਦੇ ਪ੍ਰਬੰਧਾਂ ਦੇ ਅਧੀਨ ਨਸ਼ੀਲੇ ਪਦਾਰਥ ਰੱਖਣ ਦੇ ਦੋਸ਼ 'ਚ 2023 'ਚ ਗ੍ਰਿਫ਼ਤਾਰ ਚਾਰ ਲੋਕਾਂ ਨੂੰ ਜ਼ਮਾਨਤ ਦਿੰਦੇ ਹੋਏ ਕੀਤੀ। ਦੋਸ਼ੀਆਂ ਨੇ ਜ਼ਮਾਨਤ ਦੀ ਅਪੀਲ ਕਰਦੇ ਹੋਏ ਉਨ੍ਹਾਂ



ਦੀ ਗ੍ਰਿਫ਼ਤਾਰੀ ਦੇ ਸਮੇਂ ਅਤੇ ਉਨ੍ਹਾਂ ਦੇ ਰਿਹਾਇਸ਼ੀ ਕੰਪਲੈਕਸਾਂ ਦੀ ਤਲਾਸ਼ੀ ਦੌਰਾਨ ਅਧਿਕਾਰੀਆਂ ਵਲੋਂ ਕੀਤੀ ਗਈ ਪ੍ਰਕਿਰਿਆਤਮਕ ਬੇਨਿਯਮੀਆਂ ਦਾ ਮੁੱਦਾ ਚੁੱਕਿਆ। ਬੈਂਚ ਨੇ ਆਪਣੇ ਆਦੇਸ਼ 'ਚ ਕਿਹਾ ਕਿ ਮੁਕੱਦਮਾ ਚਲਾਉਣ ਵਾਲੀ ਏਜੰਸੀ ਨੂੰ ਬਰਾਮਦਗੀ ਪ੍ਰਕਿਰਿਆ ਦੌਰਾਨ ਕਾਨੂੰਨ 'ਚ ਤੈਅ ਪ੍ਰਕਿਰਿਆ ਦੀ ਸਖ਼ਤੀ ਨਾਲ ਪਾਲਣਾ ਕਰਨੀ ਹੋਵੇਗੀ। ਅਦਾਲਤ ਨੇ ਕਿਹਾ,''ਅਜਿਹਾ ਇਸ ਲਈ ਹੈ, ਕਿਉਂਕਿ ਦੋਸ਼ੀ ਦੀ ਆਜ਼ਾਦੀ ਬੇਹੱਦ ਕੀਮਤੀ ਅਧਿਕਾਰ ਹੈ, ਜਿਸ ਨੂੰ ਕਮਜ਼ੋਰ/ਮਨਮਾਨੀ ਪ੍ਰਕਿਰਿਆ ਦੇ ਆਧਾਰ 'ਤੇ ਨਹੀਂ ਖੋਹਿਆ ਜਾ ਸਕਦਾ।'' ਬੈਂਚ ਨੇ ਕਿਹਾ ਕਿ ਇਸ ਮਾਮਲੇ ਨੇ ਉਸ ਨੂੰ ਨਸ਼ੀਲੇ ਪਦਾਰਥਾਂ ਦੀ ਗਲਤ ਵਰਤੋਂ ਦੇ ਮਾੜੇ ਪ੍ਰਭਾਵਾਂ ਬਾਰੇ ਗੰਭੀਰਤਾ ਨਾਲ ਸੋਚਣ 'ਤੇ ਮਜ਼ਬੂਰ ਕਰ ਦਿੱਤਾ ਹੈ, ਜੋ ਤਸਕਰਾਂ ਅਤੇ ਮਨੁੱਖੀ ਤਸਕਰਾਂ ਦਾ ਨਤੀਜਾ ਹੈ। ਜੱਜ ਨੇ ਕਿਹਾ,''ਨਸ਼ੀਲੇ ਪਦਾਰਥਾਂ ਦੀ ਤਸਕਰੀ ਇਕ ਗੰਭੀਰ ਅਪਰਾਧ ਹੈ ਅਤੇ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਦਾ ਖਤਰਾ ਸਿਰਫ਼ ਭਾਰਤ 'ਚ ਹੀ ਨਹੀਂ ਸਗੋਂ ਪੂਰੀ ਦੁਨੀਆ 'ਚ ਮੌਜੂਦ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਨਸ਼ੀਲੇ ਪਦਾਰਥਾਂ ਦੀ ਆਦਤ ਇਕ ਤਰ੍ਹਾਂ ਦੀ ਮਹਾਮਾਰੀ ਹੈ।

## ਅਮਰਨਾਥ ਯਾਤਰਾ ਦੀਆਂ ਤਾਰੀਖ਼ਾਂ ਦਾ ਐਲਾਨ ! ਬਾਬਾ ਬਰਫਾਨੀ ਦੇ ਭਗਤਾਂ ਲਈ ਵੱਡੀ ਖ਼ੁਸ਼ਖ਼ਬਰੀ

ਨੈਸ਼ਨਲ ਡੈਸਕ 6 ਮਾਰਚ। ਬਾਬਾ ਬਰਫਾਨੀ ਦੇ ਭਗਤਾ ਲਈ ਵੱਡੀ ਖ਼ੁਸ਼ਖ਼ਬਰੀ ਆਈ ਹੈ। ਇਸ ਸਾਲ ਅਮਰਨਾਥ ਯਾਤਰਾ ਦੀਆਂ ਤਾਰੀਖਾਂ ਦਾ ਐਲਾਨ ਹੋ ਗਿਆ ਹੈ। ਸ਼?ਰੀ ਮਾਤਾ ਵੈਸ਼ਣੋ ਦੇਵੀ ਸ਼?ਰਾਈਨ ਬੋਰਡ ਦੀ ਬੈਠਕ 'ਚ ਇਹ ਫੈਸਲਾ ਲਿਆ ਗਿਆ ਹੈ ਕਿ ਅਮਰਨਾਥ ਯਾਤਰਾ 3 ਜੁਲਾਈ ਤੋਂ ਸ਼ੁਰੂ ਹੋ ਕੇ 9 ਅਗਸਤ ਤਕ ਚੱਲੇਗੀ। ਇਸ ਵਾਰ ਯਾਤਰਾ ਨੂੰ ਹੋਰ ਸੁਰੱਖਿਅਤ ਬਣਾਉਣ ਲਈ ਖ਼ਾਸ ਪ੍ਰਬੰਧ ਕੀਤੇ ਜਾਣਗੇ। ਸ਼ਰਧਾਲੂਆਂ ਦੇ ਰਹਿਣ, ਖਾਣ ਅਤੇ ਸੁਰੱਖਿਆ ਦੀ ਪੂਰੀ ਵਿਵਸਥਾ ਕੀਤੀ ਜਾਵੇਗੀ। ਆਓ ਜਾਣਦੇ ਹਾਂ ਇਸ ਵਾਰ ਦੀ ਅਮਰਨਾਥ ਯਾਤਰਾ ਨਾਲ ਜੁੜੀਆਂ ਜ਼ਰੂਰੀ ਗੱਲਾਂ। ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਯਾਤਰਾ ਲਈ ਆਨਲਾਈਨ ਅਤੇ ਆਫਲਾਈਨ ਦੋਵਾਂ ਤਰ੍ਹਾਂ ਰਜਿਸਟ?ਰੇਸ਼ਨ ਦੀ ਸਹੂਲਤ ਦਿੱਤੀ ਜਾਵੇਗੀ। ਦੱਸ ਦੇਈਏ ਕਿ ਬੀਤੇ ਸਾਲ ਯਾਨੀ 2024 'ਚ ਪਵਿੱਤਰ ਅਮਰਨਾਥ ਯਾਤਰਾ ਲਈ ਰਜਿਸਟ?ਰੇਸ਼ਨ 17 ਅਪ੍ਰੈਲ ਤੋਂ ਸ਼ੁਰੂ ਹੋਈ ਸੀ, ਇਸ ਵਾਰ ਵੀ ਇਸੇ ਤਰ੍ਹਾਂ ਦੀ ਪ੍ਰਕਿਰਿਆ ਅਪਣਾਈ ਜਾਵੇਗੀ। ਅਮਰਨਾਥ ਸ਼?ਰਾਈਨ ਬੋਰਡ ਦੇ ਚੇਅਰਮੈਨ ਅਤੇ ਜੰਮੂ-ਕਸ਼ਮੀਰ ਦੇ ਐੱਲ.ਜੀ. ਮਨੋਜ ਸਿਨਹਾ ਦੀ ਅਗਵਾਈ ਹੇਠ ਹੋਏ ਇਸ ਬੈਠਕ 'ਚ ਜੰਮੂ-ਕਸ਼ਮੀਰ ਦੇ ਡੀ.ਜੀ.ਪੀ. ਨਲਿਨ ਪ੍ਰਭਾਤ, ਮੁੱਖ ਸਕੱਤਰ ਅਟਲ ਢੁੱਲੂ ਸਣੇ ਕਈ ਹੋਰ ਵੱਡੇ ਅਧਿਕਾਰੀ ਮੌਜੂਦ ਸਨ। ਸਰਕਾਰ ਅਤੇ ਟਰੱਸਟ ਵੱਲੋਂ ਸੁਰੱਖਿਆ ਨੂੰ ਪਹਿਲ ਦਿੱਤੀ ਜਾਵੇਗੀ

## ਅਰਵਿੰਦ ਕੇਜਰੀਵਾਲ ਦੀ ਸੁਰੱਖਿਆ ਰਹੇਗੀ ਬਰਕਰਾਰ

ਨਵੀਂ ਦਿੱਲੀ 6 ਮਾਰਚ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸੁਰੱਖਿਆ ਫਿਲਹਾਲ ਬਰਕਰਾਰ ਰਹੇਗੀ। ਸੂਤਰਾਂ ਦੇ ਹਵਾਲੇ ਤੋਂ ਇਹ ਖ਼ਬਰ ਸਾਹਮਣੇ ਆਈ ਹੈ।



ਹਾਲਾਂਕਿ ਆਈ. ਬੀ. ਅਤੇ ਦਿੱਲੀ ਪੁਲਸ ਵਲੋਂ ਖ਼ਤਰੇ ਦੇ ਮੁਲਾਂਕਣ ਮਗਰੋਂ ਇਸ 'ਤੇ ਅੱਗੇ ਫ਼ੈਸਲਾ ਲਿਆ ਜਾਵੇਗਾ। ਇਸ ਸਬੰਧ ਵਿਚ ਦਿੱਲੀ ਪੁਲਸ ਦੀ ਸੁਰੱਖਿਆ ਵਿੰਗ ਕੇਂਦਰੀ ਗ੍ਰਹਿ ਮੰਤਰਾਲਾ ਨੂੰ ਮੌਜੂਦਾ ਸਥਿਤੀ ਨੂੰ ਲੈ ਕੇ ਰਿਪੋਰਟ ਭੇਜ ਸਕਦੀ ਹੈ। ਰਿਪੋਰਟ ਮਗਰੋਂ ਸੁਰੱਖਿਆ ਜਾਰੀ ਰੱਖਣ 'ਤੇ ਫ਼ੈਸਲਾ ਲਿਆ ਜਾਵੇਗਾ। ਦੱਸ ਦੇਈਏ ਕਿ ਕਿ ਕਈ ਸੁਰੱਖਿਆ ਖ਼ਤਰਿਆਂ ਕਾਰਨ ਗ੍ਰਹਿ ਮੰਤਰਾਲਾ ਨੇ ਕੇਜਰੀਵਾਲ ਨੂੰ ਸੁਰੱਖਿਆ ਕਵਰ ਪ੍ਰਦਾਨ ਕੀਤਾ ਸੀ। ਸਤੰਬਰ 2024 ਵਿਚ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਮਗਰੋਂ ਵੀ ਦਿੱਲੀ ਪੁਲਸ ਵਲੋਂ ਉਨ੍ਹਾਂ ਨੂੰ ਇਸ ਸ਼?ਰੇਣੀ ਦੀ ਸੁਰੱਖਿਆ ਦਿੱਤੀ ਗਈ। ਇਕ ਰਿਪੋਰਟ ਮੁਤਾਬਕ ਕੇਜਰੀਵਾਲ ਦੀ ਸੁਰੱਖਿਆ ਨੂੰ ਲੈ ਕੇ ਸੁਰੱਖਿਆ ਕਵਰ ਪ੍ਰਾਪਤ ਹੈ, ਜੋ ਖਤਰੇ ਦੀ ਸ਼ੰਕਾ ਦੇ ਆਧਾਰ 'ਤੇ ਗ੍ਰਹਿ ਮੰਤਰਾਲਾ ਵਲੋਂ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਸ਼?ਰੇਣੀ ਦੀ ਸੁਰੱਖਿਆ ਦਿੱਲੀ ਪੁਲਸ ਵਲੋਂ ਦਿੱਤੀ ਜਾਂਦੀ ਹੈ। ਦੱਸਣਯੋਗ ਹੈ ਕਿ ਦਿੱਲੀ ਵਿਚ 27 ਸਾਲਾਂ ਬਾਅਦ ਭਾਜਪਾ ਸੱਤਾ 'ਚ ਆਈ ਹੈ। ਮੁੱਖ ਮੰਤਰੀ ਬਣੀ ਰੇਖਾ ਗੁਪਤਾ ਨੂੰ ਜ਼ੈੱਡ ਸ਼੍ਰੇਣੀ ਦੀ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ। ਇਸ ਨਾਲ ਸਾਰੇ ਨਵੇਂ ਮੰਤਰੀਆਂ ਨੂੰ ਸੁਰੱਖਿਆ ਮਿਲ ਗਈ ਹੈ।

## ਹਿਮਾਨੀ ਨਰਵਾਲ ਕਤਲ ਕੇਸ 'ਚ ਨਹੀਂ ਹੈ ਕੋਈ ਫ਼ਰਕੂ ਐਂਗਲ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 6 ਮਾਰਚ। ਹਰਿਆਣਾ ਦੇ ਰੋਹਤਕ ਸਥਿਤ ਸਾਂਪਲਾ ਇਲਾਕੇ ਵਿਚ 1 ਮਾਰਚ ਨੂੰ ਸੂਟਕੇਸ ਵਿਚ ਇੱਕ ਔਰਤ ਦੀ ਲਾਸ਼ ਮਿਲਣ ਦਾ ਮਾਮਲਾ ਸਾਹਮਣੇ ਆਇਆ ਸੀ। ਮ੍ਰਿਤਕ ਔਰਤ ਦੀ ਪਛਾਣ ਕਾਂਗਰਸੀ ਵਰਕਰ ਹਿਮਾਨੀ ਨਰਵਾਲ ਵਜੋਂ ਹੋਈ ਹੈ। ਹਰਿਆਣਾ ਪੁਲਸ ਨੇ ਇਸ ਮਾਮਲੇ ਵਿੱਚ ਉਸਦੇ ਦੋਸਤ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਦੌਰਾਨ ਸੋਸ਼ਲ ਮੀਡੀਆ 'ਤੇ ਕੁਝ ਯੂਜ਼ਰ ਹਿਮਾਨੀ ਨਰਵਾਲ ਦੇ ਕਤਲ ਨੂੰ ਫਿਰਕੂ ਰੰਗ ਦੇ ਰਹੇ ਹਨ। ਯੂਜ਼ਰਸ ਅੰਦਾਜ਼ਾ ਲਗਾ ਰਹੇ ਹਨ ਕਿ ਕਤਲ ਦਾ ਦੋਸ਼ੀ ਮੁਸਲਮਾਨ ਹੈ। ਬੂਮ ਨੇ ਜਾਂਚ ਕੀਤੀ ਅਤੇ ਪਾਇਆ ਕਿ ਵਾਇਰਲ ਹੋਇਆ ਫਿਰਕੂ ਦਾਅਵਾ ਜਾਅਲੀ ਹੈ। ਹਿਮਾਨੀ ਨਰਵਾਲ ਕਤਲ ਕਾਂਡ ਦੇ ਦੋਸ਼ੀ ਸਚਿਨ, ਜੋ ਕਿ ਹਿੰਦੂ ਭਾਈਚਾਰੇ ਨਾਲ ਸਬੰਧਤ ਹੈ, ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਬੂਮ ਨਾਲ ਗੱਲਬਾਤ ਵਿੱਚ ਰੋਹਤਕ ਪੁਲਸ ਨੇ ਵੀ ਫਿਰਕੂ ਦਾਅਵੇ ਤੋਂ ਇਨਕਾਰ ਕੀਤਾ ਹੈ। ਵਾਇਰਲ ਕੋਲਾਜ਼ ਵਿੱਚ ਇੱਕ ਤਸਵੀਰ ਉਸ ਥਾਂ ਦੀ ਹੈ, ਜਿੱਥੇ ਸੂਟਕੇਸ ਮਿਲਿਆ ਸੀ। ਕੁਝ ਤਸਵੀਰਾਂ 'ਚ ਹਿਮਾਨੀ ਰਾਹੁਲ ਗਾਂਧੀ ਨਾਲ ਨਜ਼ਰ ਆ ਰਹੀ ਹੈ। ਤੁਹਾਨੂੰ ਦੱਸ ਦੇਈਏ ਕਿ ਹਿਮਾਨੀ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' 'ਚ ਹਿੱਸਾ ਲੈ ਚੁੱਕੀ ਹੈ। ਫੇਸਬੁੱਕ 'ਤੇ ਘਟਨਾ ਨਾਲ ਜੁੜੀਆਂ ਫੋਟੋਆਂ ਦਾ ਕੋਲਾਜ਼ ਸ਼ੇਅਰ ਕਰਦੇ ਹੋਏ



ਇਕ ਯੂਜ਼ਰ ਨੇ ਇਤਰਾਜ਼ਯੋਗ ਕੈਪਸ਼ਨ ਲਿਖਿਆ, ''ਹਿਮਾਨੀ ਨਰਵਾਲ ਨੂੰ ਹਰਿਆਣਾ ਦੇ ਰੋਹਤਕ ਵਿਚ ਕਿਸੇ ਨੇ ਸੂਟਕੇਸ ਵਿੱਚ ਭਰ ਕੇ ਪਰਮਾਨੈਂਟ ਪੈਕਅਪ ਕਰ ਦਿੱਤਾ। ਪਹਿਲੀ ਨਜ਼ਰ ਵਿਚ ਤਾਂ ਕੰਮ ਕਰਨ ਦਾ ਪੈਟਰਨ 'ਅਬਦੁੱਲ ਮੀਆਂ' ਵਾਲਾ ਹੀ ਹੈ।'' ਘਟਨਾ ਨਾਲ ਸਬੰਧਤ ਖ਼ਬਰਾਂ ਦੀ ਖੋਜ ਕਰਨ 'ਤੇ ਪਤਾ ਲੱਗਾ ਕਿ ਹਿਮਾਨੀ ਨਰਵਾਲ ਕਤਲ ਕਾਂਡ ਦੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਨ੍ਹਾਂ ਰਿਪੋਰਟਾਂ ਵਿਚ ਉਸ ਦਾ ਨਾਂ 30 ਸਾਲਾ ਸਚਿਨ ਉਰਫ ਢਿੱਲੂ ਦੱਸਿਆ ਗਿਆ ਹੈ। ਦੈਨਿਕ ਜਾਗਰਣ ਦੀ ਰਿਪੋਰਟ ਅਨੁਸਾਰ, ਝੱਜਰ ਦੇ ਰਹਿਣ ਵਾਲੇ ਸਚਿਨ ਨੂੰ 3 ਮਾਰਚ 2024 ਨੂੰ ਮੁੰਡਕਾ, ਦਿੱਲੀ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਇੱਥੇ, ਇੱਥੇ ਅਤੇ ਇੱਥੇ ਸੰਬੰਧਿਤ ਖ਼ਬਰਾਂ ਦੇਖੋ। ਰੋਹਤਕ ਦੀ ਰਹਿਣ ਵਾਲੀ 22 ਸਾਲਾ ਹਿਮਾਨੀ ਦੀ ਮੁਲਾਕਾਤ ਸਚਿਨ ਨਾਲ ਸੋਸ਼ਲ ਮੀਡੀਆ 'ਤੇ ਹੋਈ ਸੀ। ਖ਼ਬਰਾਂ 'ਚ ਕਿਹਾ ਗਿਆ ਹੈ ਕਿ ਦੋਵੇਂ ਕਰੀਬ ਡੇਢ ਸਾਲ ਤੋਂ ਰਿਲੇਸ਼ਨਸ਼ਿਪ 'ਚ ਸਨ। ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਵਿੱਚ ਏਡੀਜੀ ਕੇਕੇ ਰਾਓ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਹਿਮਾਨੀ ਰੋਹਤਕ ਦੇ ਵਿਜੇ ਨਗਰ ਵਿੱਚ ਆਪਣੇ ਘਰ ਵਿੱਚ ਇਕੱਲੀ ਰਹਿੰਦੀ ਸੀ। ਮੁਲਜ਼ਮ ਸਚਿਨ ਅਕਸਰ ਉਸ ਦੇ ਘਰ ਆਉਂਦਾ ਰਹਿੰਦਾ ਸੀ। ਪੁਲਸ ਪੁੱਛਗਿੱਛ ਦੌਰਾਨ ਸਚਿਨ ਨੇ ਦੱਸਿਆ ਕਿ 27 ਫਰਵਰੀ ਨੂੰ ਵੀ ਉਹ ਹਿਮਾਨੀ ਦੇ ਘਰ ਹੀ ਠਹਿਰਿਆ ਹੋਇਆ ਸੀ। 28 ਫਰਵਰੀ ਨੂੰ ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਦੋਵਾਂ ਵਿਚਾਲੇ ਲੜਾਈ ਹੋ ਗਈ, ਜਿਸ ਤੋਂ ਬਾਅਦ ਉਸ ਨੇ ਹਿਮਾਨੀ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ ਅਤੇ ਲਾਸ਼ ਨੂੰ ਸੂਟਕੇਸ 'ਚ ਪਾ ਕੇ ਸਾਂਪਲਾ ਬੱਸ ਸਟੈਂਡ ਨੇੜੇ ਸੜਕ ਕਿਨਾਰੇ ਸੁੱਟ ਦਿੱਤਾ। ਰੋਹਤਕ ਪੁਲਸ ਦੀ ਵਿਸ਼ੇਸ਼ ਜਾਂਚ ਟੀਮ ਨੇ ਉਸ ਨੂੰ 1 ਮਾਰਚ ਨੂੰ ਦਿੱਲੀ ਤੋਂ ਗ੍ਰਿਫ਼ਤਾਰ ਕੀਤਾ ਸੀ। ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਹਿਮਾਨੀ ਕਾਂਗਰਸ ਨਾਲ ਜੁੜੀ ਹੋਈ ਸੀ ਪਰ ਮੁਲਜ਼ਮ ਦਾ ਕੋਈ ਸਿਆਸੀ ਸਬੰਧ ਨਹੀਂ ਸੀ। ਹਿਮਾਨੀ ਨੂੰ ਸਾਲ 2022-23 'ਚ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ 'ਚ ਵੀ ਦੇਖਿਆ ਗਿਆ ਸੀ। ਰੋਹਤਕ ਪੁਲਸ ਨੇ ਆਪਣੇ ਐਕਸ ਹੈਂਡਲ 'ਤੇ ਗ੍ਰਿਫਤਾਰੀ ਨਾਲ ਸਬੰਧਤ ਇੱਕ ਨਿਊਜ਼ ਪੇਪਰ ਕਲਿੱਪ ਸ਼ੇਅਰ ਕੀਤਾ ਸੀ। ਇਸ 'ਚ ਘਟਨਾ ਦੇ ਦੋਸ਼ੀ ਦਾ ਨਾਂ ਸਚਿਨ ਦੱਸਿਆ ਗਿਆ ਹੈ। ਅਸੀਂ ਪਾਇਆ ਕਿ ਕਿਸੇ ਵੀ ਰਿਪੋਰਟ ਵਿੱਚ ਘਟਨਾ ਵਿੱਚ ਕਿਸੇ ਵੀ ਫ਼?ਰਕੂ ਐਂਗਲ ਦਾ ਜ਼ਿਕਰ ਨਹੀਂ ਕੀਤਾ ਗਿਆ ਸੀ। ਅਸੀਂ ਪੁਸ਼ਟੀ ਲਈ ਰੋਹਤਕ ਪੁਲਸ ਨਾਲ ਵੀ ਸੰਪਰਕ ਕੀਤਾ। ਰੋਹਤਕ ਪੁਲਸ ਦੇ ਪੀਆਰਓ ਨੇ ਬੂਮ ਨੂੰ ਦੱਸਿਆ ਕਿ ਘਟਨਾ ਵਿੱਚ ਕੋਈ ਫਿਰਕੂ ਐਂਗਲ ਨਹੀਂ ਹੈ।

# ਪੁਲਸ ਫੋਰਸ ਨਾਲ ਖ਼ਤਰਨਾਕ ਗੈਂਗਸਟਰਾਂ ਦੀ ਜਲੰਧਰ ਕੋਰਟ 'ਚ ਪੇਸ਼ੀ

ਜਲੰਧਰ 6 ਮਾਰਚ। ਜਲੰਧਰ ਕਮਿਸ਼ਨਰੇਟ ਪੁਲਸ ਇਕ ਵਾਰ ਫਿਰ ਗੈਂਗਸਟਰ ਦਵਿੰਦਰ ਬੰਬੀਹਾ ਦੇ ਸ਼ਾਰਪ ਸ਼ੂਟਰ ਪੁਨੀਤ ਸ਼ਰਮਾ ਉਰਫ਼ ਪੁਨੀਤ ਜਲੰਧਰ ਅਤੇ ਨਰਿੰਦਰ ਸ਼ਰਮਾ ਉਰਫ਼ ਲਾਲੀ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲੈ ਕੇ ਆਈ ਹੈ। ਇਸ ਵਾਰ ਦੋਵਾਂ ਮੁਲਜ਼ਮਾਂ ਤੋਂ 6 ਮਾਰਚ 2021 ਨੂੰ ਸੋਢਲ ਰੋਡ 'ਤੇ ਸਥਿਤ ਪ੍ਰੀਤ ਨਗਰ ਵਿੱਚ ਪੀ. ਵੀ. ਸੀ. ਕਾਰੋਬਾਰੀ ਗੁਰਮੀਤ ਸਿੰਘ ਟਿੰਕੂ ਦਾ ਗੋਲ?ਆਂ ਮਾਰ ਕੇ ਕਤਲ ਕਰਨ ਦੇ ਮਾਮਲੇ ਵਿੱਚ ਪੁੱਛਗਿੱਛ ਕੀਤੀ ਜਾਵੇਗੀ। ਜਲੰਧਰ ਦਿਹਾਤੀ ਪੁਲਸ ਵੱਲੋਂ ਦੋਵੇਂ ਮੁਲਜ਼ਮਾਂ ਦਾ ਰਿਮਾਂਡ ਕੱਲ੍ਹ ਖ਼ਤਮ ਹੋ ਗਿਆ ਸੀ ਅਤੇ ਉਨ੍ਹਾਂ ਨੂੰ ਦੋਬਾਰਾ ਰਿਮਾਂਡ 'ਤੇ ਲਿਆ ਗਿਆ ਹੈ। ਤੁਹਾਨੂੰ ਦੱਸ ਦੇਈਏ ਕਿ ਇਹ ਦੋਵੇਂ ਪਿਛਲੇ 20 ਤੋਂ ਵੱਧ ਦਿਨਾਂ ਤੋਂ ਜਲੰਧਰ ਸਿਟੀ ਅਤੇ ਦਿਹਾਤੀ ਪੁਲਸ ਕੋਲ ਰਿਮਾਂਡ 'ਤੇ ਹਨ। ਤੁਹਾਨੂੰ ਦੱਸ ਦੇਈਏ ਕਿ ਪੁਨੀਤ ਅਤੇ ਨਰਿੰਦਰ ਦੋਵੇਂ ਹੀ ਟਿੰਕੂ ਦੇ ਕਤਲ ਦੇ ਮੁੱਖ ਸ਼ੂਟਰ ਸਨ। ਇਸ ਤੋਂ ਪਹਿਲਾਂ ਵੀ ਸ਼ਹਿਰ ਦੀ ਪੁਲਸ ਨੇ ਦੋਵਾਂ ਸ਼ੂਟਰਾਂ ਨੂੰ ਰਿਮਾਂਡ 'ਤੇ ਲਿਆ ਸੀ। ਜਿਸ ਵਿੱਚ ਉਨ੍ਹਾਂ ਤੋਂ ਸਾਬਕਾ ਕੌਂਸਲਰ ਸੁਖਮੀਤ ਡਿਪਟੀ ਦੇ ਕਤਲ ਮਾਮਲੇ ਵਿੱਚ ਪੁੱਛਗਿੱਛ ਕੀਤੀ ਗਈ ਸੀ। ਤੁਹਾਨੂੰ ਦੱਸ ਦੇਈਏ ਕਿ ਇਸ ਤੋਂ ਪਹਿਲਾਂ ਦੋਵੇਂ ਸ਼ੂਟਰ ਜਲੰਧਰ ਦਿਹਾਤੀ ਪੁਲਸ ਕੋਲ ਰਿਮਾਂਡ 'ਤੇ ਸਨ। ਹਾਲ ਹੀ ਵਿੱਚ ਪੁਲਸ ਨੇ ਮੁਲਜ਼ਮਾਂ ਤੋਂ ਪੰਜਾਬ ਦੇ ਅੰਤਰਰਾਸ਼ਟਰੀ ਸਰਕਲ ਸਟਾਈਲ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆ ਦੇ ਕਤਲ ਵਿੱਚ ਵਰਤੇ ਗਏ ਹਥਿਆਰ ਬਰਾਮਦ ਕੀਤੇ ਸਨ। ਇਹ ਬਰਾਮਦਗੀ ਗੈਂਗਸਟਰ ਪੁਨੀਤ ਜਲੰਧਰ ਅਤੇ ਨਰਿੰਦਰ ਲਾਲੀ ਦੇ ਰਿਮਾਂਡ ਦੌਰਾਨ ਹੋਈ ਸੀ। ਇਨ੍ਹਾਂ ਦੋਵਾਂ ਗੈਂਗਸਟਰਾਂ ਨੇ ਪੰਜਾਬ, ਹਰਿਆਣਾ,



ਦਿੱਲੀ, ਰਾਜਸਥਾਨ ਵਿੱਚ ਇਕ ਦਰਜਨ ਕਤਲਾਂ ਸਮੇਤ ਕਈ ਘਿਨਾਉਣੇ ਅਪਰਾਧ ਕੀਤੇ ਹਨ। ਤੁਹਾਨੂੰ ਦੱਸ ਦੇਈਏ ਕਿ ਪੁਨੀਤ ਅਤੇ ਨਰਿੰਦਰ ਨੇ ਮਿਲ ਕੇ ਜਲੰਧਰ ਵਿੱਚ ਕੁਝ ਵੱਡੇ ਕਤਲ ਕੀਤੇ ਸਨ। ਜਿਸ ਵਿੱਚ ਪਹਿਲਾ ਕਤਲ ਕਾਰੋਬਾਰੀ ਟਿੰਕੂ ਦਾ, ਦੂਜਾ ਸਾਬਕਾ ਕੌਂਸਲਰ ਸੁਖਮੀਤ ਸਿੰਘ ਡਿਪਟੀ ਦਾ ਅਤੇ ਫਿਰ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆ ਦਾ ਕਤਲ ਮੁਲਜ਼ਮਾਂ ਵੱਲੋਂ ਕੀਤਾ ਗਿਆ ਸੀ। ਜਿਸ ਤੋਂ ਬਾਅਦ ਦੋਸ਼ੀ ਫਰਾਰ ਰਹੇ ਪਰ ਪੰਜਾਬ ਪੁਲਸ ਦੀ ਕਾਊਂਟਰ ਇੰਟੈਲੀਜੈਂਸ ਟੀਮ ਨੇ ਜਨਵਰੀ ਦੇ ਅੰਤ ਵਿੱਚ ਅੰਮ੍ਰਿਤਸਰ ਨੇੜੇ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ। ਪ੍ਰਾਪਤ ਜਾਣਕਾਰੀ ਅਨੁਸਾਰ ਦੋਵੇਂ ਸ਼ੂਟਰਾਂ ਨੂੰ ਜਲੰਧਰ ਸਿਟੀ ਪੁਲਸ ਦੀ ਸੀ. ਆਈ. ਏ. ਸਟਾਫ਼ ਟੀਮ ਨੇ ਰਿਮਾਂਡ 'ਤੇ ਲੈ ਲਿਆ ਹੈ। ਦੋਵਾਂ ਤੋਂ ਸੀਆਈਏ ਇੰਚਾਰਜ ਸੁਰਿੰਦਰ ਸਿੰਘ ਦੀ ਨਿਗਰਾਨੀ ਹੇਠ ਕਾਰੋਬਾਰੀ ਟਿੰਕੂ ਕਤਲ ਕੇਸ ਵਿੱਚ ਪੁੱਛਗਿੱਛ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਸੀ. ਆਈ. ਏ. ਟੀਮ ਨੇ ਉਨ੍ਹਾਂ ਨੂੰ ਸਾਬਕਾ ਕੌਂਸਲਰ ਸੁਖਮੀਤ ਡਿਪਟੀ ਕਤਲ ਕੇਸ ਵਿੱਚ ਰਿਮਾਂਡ 'ਤੇ ਲਿਆ ਸੀ ਅਤੇ ਉਸ ਮਾਮਲੇ ਵਿੱਚ ਦੋਵਾਂ ਤੋਂ ਲਗਭਗ 14 ਦਿਨ ਪੁੱਛਗਿੱਛ ਕੀਤੀ ਗਈ ਸੀ। ਪੁਲਸ ਟੀਮ ਦੋਵਾਂ ਨੂੰ ਕਪੂਰਥਲਾ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲੈ ਕੇ ਆਈ ਹੈ। ਪੁਲਸ ਨੇ ਪੁਨੀਤ ਸ਼ਰਮਾ ਉਰਫ਼ ਪੁਨੀਤ ਜਲੰਧਰ, ਵਾਸੀ ਅਮਨ ਨਗਰ (ਜਲੰਧਰ) ਅਤੇ ਨਰਿੰਦਰ ਸ਼ਰਮਾ ਉਰਫ਼ ਨਰਿੰਦਰ ਲਾਲੀ, ਵਾਸੀ ਪ੍ਰੀਤ ਨਗਰ, ਜਲੰਧਰ ਨੂੰ ਉਨ੍ਹਾਂ ਦੇ ਚਾਰ ਹੋਰ ਸਾਥੀਆਂ ਸਮੇਤ ਗ੍ਰਿਫ਼ਤਾਰ ਕੀਤਾ ਸੀ। ਇਨ੍ਹਾਂ ਵਿੱਚ ਪੁਨੀਤ ਅਤੇ ਨਰਿੰਦਰ ਦੇ ਨਾਲ-ਨਾਲ ਪੰਜਾਬ ਵਾਸੀ ਗੋਰੀ ਚਾਟੀਵਿੰਡ, ਸ਼ਨੂੰ ਮੀਤਾ, ਮਨਜਿੰਦਰ ਸਿੰਘ, ਹਰਪ੍ਰੀਤ ਸ਼ਾਮਲ ਸਨ। ਪੁਲਸ ਨੇ ਮੁਲਜ਼ਮਾਂ ਤੋਂ 6 ਵਿਦੇਸ਼ੀ ਪਿਸਤੌਲ ਅਤੇ ਲਗਭਗ 40 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ।

## 2 ਮੋਟਰਸਾਈਕਲਾਂ ਵਿਚਾਲੇ ਹੋਈ ਭਿਆਨਕ ਟੱਕਰ, 5 ਲੋਕਾਂ ਦੀ ਮੌਤ

ਆਗਰਾ 6 ਮਾਰਚ। ਆਗਰਾ ਜ਼ਿਲ੍ਹੇ ਦੇ ਕਾਗਰੋਲ ਇਲਾਕੇ 'ਚ ਦੋ ਮੋਟਰਸਾਈਕਲਾਂ ਦੀ ਟੱਕਰ 'ਚ ਪੰਜ ਲੋਕਾਂ ਦੀ ਮੌਤ ਹੋ ਗਈ ਅਤੇ ਇਕ ਹੋਰ ਵਿਅਕਤੀ ਜ਼ਖਮੀ ਹੋ ਗਿਆ। ਪੁਲਸ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਚਾਰ ਲੋਕ- ਭਗਵਾਨ ਦਾਸ (35), ਵਕੀਲ (35), ਰਾਮ ਸਵਰੂਪ (28) ਅਤੇ ਸੋਨੂੰ (30), ਜੋ ਕਿ ਸੈਯਾ ਇਲਾਕੇ ਦੇ ਵਸਨੀਕ ਹਨ, ਇਕੋ ਮੋਟਰਸਾਈਕਲ 'ਤੇ ਇਕ ਵਿਆਹ ਸਮਾਰੋਹ 'ਚ ਗਏ ਸਨ। ਉਨ੍ਹਾਂ ਦੱਸਿਆ ਕਿ ਇਹ ਚਾਰੇ ਲੋਕ ਸ਼ਨੀਵਾਰ ਰਾਤ ਕਰੀਬ 10 ਵਜੇ ਵਾਪਸ ਆ ਰਹੇ ਸਨ, ਉਦੋਂ ਰਸਤੇ 'ਚ ਕਾਗਰੋਲ ਇਲਾਕੇ 'ਚ ਉਨ੍ਹਾਂ ਦਾ



ਮੋਟਰਸਾਈਕਲ ਸਾਹਮਣੇ ਤੋਂ ਆ ਰਹੇ ਇਕ ਹੋਰ ਮੋਟਰਸਾਈਕਲ ਨਾਲ ਟਕਰਾ ਗਿਆ। ਉਸ ਨੇ ਦੱਸਿਆ ਕਿ ਇਸ ਘਟਨਾ 'ਚ ਚਾਰੇ ਲੋਕ ਮਾਰੇ ਗਏ। ਉੱਥੇ ਹੀ ਦੂਜੇ ਮੋਟਰਸਾਈਕਲ 'ਤੇ ਸਵਾਰ ਕਰਨ (17) ਦੀ ਵੀ ਮੌਤ ਹੋ ਗਈ ਅਤੇ ਕ੍ਰਿਸ਼ਨਵੀਰ ਨਾਮੀ ਇਕ ਹੋਰ ਵਿਅਕਤੀ ਜ਼ਖ਼ਮੀ ਹੋ ਗਿਆ। ਕ੍ਰਿਸ਼ਨਵੀਰ ਦਾ ਇਕ ਨਿੱਜੀ ਹਸਪਤਾਲ 'ਚ ਇਲਾਜ ਕੀਤਾ ਜਾ ਰਿਹਾ ਹੈ। ਉਸ ਦੀ ਹਾਲਤ ਬੇਹੱਦ ਨਾਜ਼ੁਕ ਦੱਸੀ ਗਈ ਹੈ। ਪੁਲਸ ਨੇ ਦੱਸਿਆ ਕਿ ਲਾਸ਼ਾਂ ਪੋਸਟਮਾਰਟਮ ਲਈ ਭੇਜੀਆਂ ਗਈਆਂ ਹਨ।

## 50 ਤੋਂ ਵੱਧ ਰੇਲਾਂ ਹੋ ਗਈਆਂ ਰੱਦ, ਯਾਤਰਾ ਕਰਨ ਤੋਂ ਪਹਿਲਾਂ ਚੈੱਕ ਕਰ ਲਓ ਆਪਣੀ ਟਰੇਨ ਦਾ ਸਟੇਟਸ

ਨੈਸ਼ਨਲ ਡੈਸਕ 6 ਮਾਰਚ। ਜੇਕਰ ਤੁਸੀਂ ਵੀ ਰੇਲ ਰਾਹੀਂ ਸਫਰ ਕਰਨ ਦੀ ਯੋਜਨਾ ਬਣਾ ਰਹੇ ਹੋ ਤਾਂ ਇਹ ਖਬਰ ਤੁਹਾਡੇ ਲਈ ਬੇਹੱਦ ਜ਼ਰੂਰੀ ਹੈ। ਭਾਰਤੀ ਰੇਲਵੇ ਨੇ ਅਗਲੇ ਮਹੀਨੇ ਕਈ ਰੇਲਾਂ ਨੂੰ ਰੱਦ (ਕੈਂਸਿਲ) ਕਰਨ ਦਾ ਫੈਸਲਾ ਲਿਆ ਹੈ। ਇਸ ਫੈਸਲੇ ਨਾਲ ਕਈ ਯਾਤਰੀਆਂ ਨੂੰ ਪਰੇਸ਼ਾਨੀ ਦਾ ਸਾਹਮਣੇ ਕਰਨਾ ਪੈ ਸਕਦਾ ਹੈ। ਰੇਲਵੇ ਨੇ 50 ਤੋਂ ਵੱਧ ਰੇਲਾਂ ਨੂੰ ਰੱਦ ਕੀਤਾ ਹੈ, ਜਿਸ ਨਾਲ ਉੱਤਰ-ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਸਮੇਤ ਕਈ ਸੂਬਿਆਂ ਦੇ ਯਾਤਰੀ ਪ੍ਰਭਾਵਿਤ ਹੋਣਗੇ। ਜੇਕਰ ਤੁਹਾਡੀ ਰੇਲ



ਵੀ ਇਸ ਲਿਸਟ 'ਚ ਹੈ ਤਾਂ ਤੁਹਾਨੂੰ ਪਹਿਲਾਂ ਹੀ ਆਪਣੀ ਯਾਤਰਾ ਦੀ ਯੋਜਨਾ ਬਣਾ ਲੈਣੀ ਚਾਹੀਦੀ ਹੈ। ਭਾਰਤੀ ਰੇਲਵੇ ਸਮੇਂ-ਸਮੇਂ 'ਤੇ ਟ?ਰੈਕ ਦੀ ਮੁਰੰਮਤ ਅਤੇ ਨਵੇਂ ਰੇਲ ਮਾਰਗਾਂ ਨੂੰ ਜੋੜਨ ਲਈ ਕੁਝ ਰੇਲਾਂ ਨੂੰ ਰੱਦ ਕਰਦਾ ਹੈ। ਇਸ ਵਾਰ ਡੋਮੀਨਗੜ੍ਹ-ਗੋਰਖਪੁਰ ਰੇਲਖੰਡ 'ਤੇ ਨਵੇਂ ਟ?ਰੈਕ ਜੋੜਨ ਅਤੇ ਪੁਰਾਣੇ ਟ?ਰੈਕ ਦੀ ਮੁਰੰਮਤ ਕਾਰਨ ਰੇਲਵੇ ਨੇ ਕਈ ਰੇਲਾਂ ਨੂੰ ਅਸਥਾਈ ਤੌਰ 'ਤੇ ਰੱਦ ਕਰ ਦਿੱਤਾ ਹੈ। ਇਸ ਨਾਲ ਰੇਲਵੇ ਨੂੰ ਆਪਣੇ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨ 'ਚ ਮਦਦ ਮਿਲੇਗੀ ਪਰ ਯਾਤਰੀਆਂ ਨੂੰ ਅਸੁਵਿਧਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਰੇਲਵੇ ਵੱਲੋਂ ਜਿਨ੍ਹਾਂ ਰੇਲਾਂ ਨੂੰ ਰੱਦ ਕੀਤਾ ਗਿਆ ਹੈ ਉਨ੍ਹਾਂ 'ਚ ਕਈ ਮਹੱਤਵਪੂਰਨ ਰੇਲਾਂ ਸ਼ਾਮਲ ਹਨ, ਜੋ ਦਿੱਲੀ, ਮੁੰਬਈ, ਗੋਰਖਪੁਰ, ਪਟਨਾ ਅਤੇ ਕੋਲਕਾਤਾ ਵਰਗੇ ਵੱਡੇ ਸ਼ਹਿਰਾਂ ਨੂੰ ਜੋੜਦੀਆਂ ਹਨ। ਹੇਠਾਂ ਕੁਝ ਪ੍ਰਮੁੱਖ ਰੇਲਾਂ ਦੀ ਸੂਚੀ ਦਿੱਤੀ ਗਈ ਹੈ ਜੋ ਰੱਦ ਕੀਤੀਆਂ ਗਈਆਂ ਹਨ-

## ਤਿਲਕ ਸਮਾਗਮ ਬਣਿਆ ਜੰਗ ਦਾ ਮੈਦਾਨ, ਦਾਅਵਤ ਖਾਣ ਮਹਿਮਾਨਾਂ ਨੇ ਰੋਟੀਆਂ ਦੀ ਥਾਂ ਖਾਧੀਆਂ ਡਾਂਗਾਂ

ਨੈਸ਼ਨਲ ਡੈਸਕ 6 ਮਾਰਚ। ਉੱਤਰ ਪ੍ਰਦੇਸ਼ ਦੇ ਸ਼ਾਹਜਹਾਂਪੁਰ ਜ਼ਿਲ੍ਹੇ ਵਿੱਚ ਤਿਲਕ ਸਮਾਗਮ ਦੌਰਾਨ ਮਾਮੂਲੀ ਝਗੜੇ ਨੂੰ ਲੈ ਕੇ ਦੋ ਧਿਰਾਂ ਵਿੱਚ ਝੜਪ ਹੋ ਗਈ। ਦਰਅਸਲ, ਲੋਕ ਨਸ਼ੇ ਵਿਚ ਸਨ ਅਤੇ ਮਾਮੂਲੀ ਝਗੜੇ ਤੋਂ ਬਾਅਦ ਰੋਟੀ ਖਾਣ ਨੂੰ ਲੈ ਕੇ ਆਪਸ ਵਿਚ ਲੜ ਪਏ। ਦੋਵਾਂ ਧਿਰਾਂ ਨੇ ਇੱਕ ਦੂਜੇ 'ਤੇ ਕੁਰਸੀਆਂ ਨਾਲ ਹਮਲਾ ਕੀਤਾ। ਤਿਲਕ ਦੀ ਰਸਮ ਦੌਰਾਨ ਦਾਅਵਤ ਖਾਣ ਆਏ ਦੋਵਾਂ ਪਾਸਿਆਂ ਦੇ ਲੋਕਾਂ ਨੂੰ ਸਮਝਾਇਆ ਗਿਆ। ਪਰ ਦੋਵੇਂ ਧਿਰਾਂ ਇੱਕ ਦੂਜੇ 'ਤੇ ਕੁਰਸੀਆਂ ਨਾਲ ਹਮਲਾ ਕਰਦੀਆਂ ਰਹੀਆਂ। ਮਾਮਲਾ ਜ਼ਿਲ੍ਹੇ ਦੇ ਸਿੰਧੌਲੀ ਥਾਣਾ ਖੇਤਰ ਅਧੀਨ ਪੈਂਦੇ ਪਿੰਡ ਕਾਠਪੁਰਾ ਦਾ ਹੈ। ਤਿਲਕ ਸਮਾਗਮ ਦੌਰਾਨ ਕੁਰਸੀਆਂ ਵਰ੍ਹਾਉਣ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਦਰਅਸਲ, ਤਿਲਕ ਸਮਾਗਮ ਦੌਰਾਨ ਸ਼ਰਾਬ ਦੀ ਪਾਰਟੀ ਅਤੇ ਖਾਣਾ ਖਾਣ ਨੂੰ ਲੈ ਕੇ ਝਗੜਾ ਹੋ ਗਿਆ ਸੀ। ਜਿਸ ਤੋਂ ਬਾਅਦ ਝਗੜਾ ਇੰਨਾ ਵੱਧ ਗਿਆ ਕਿ ਦੋਵਾਂ ਧਿਰਾਂ ਦੇ ਲੋਕਾਂ ਨੇ ਇੱਕ ਦੂਜੇ 'ਤੇ ਕੁਰਸੀਆਂ ਨਾਲ ਹਮਲਾ ਕਰਨਾ ਸ਼ੁਰੂ ਕਰ ਦਿੱਤਾ। ਇਸ



ਦੌਰਾਨ ਜੰਮ ਕੇ ਡਾਂਗਾਂ ਅਤੇ ਕੁਰਸੀਆਂ ਚੱਲੀਆਂ। ਕਿਸੇ ਨੇ ਲੜਾਈ ਦਾ ਵੀਡੀਓ ਬਣਾ ਲਿਆ ਅਤੇ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਵਾਇਰਲ ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਕਿਸ ਤਰ੍ਹਾਂ ਲੋਕ ਇਕ ਦੂਜੇ 'ਤੇ ਕੁਰਸੀਆਂ ਨਾਲ ਹਮਲਾ ਕਰ ਰਹੇ ਹਨ। ਇੰਨਾ ਹੀ ਨਹੀਂ ਸ਼ਰਾਬ ਦੇ ਨਸ਼ੇ 'ਚ ਦੋਵੇਂ ਧਿਰਾਂ ਦੇ ਲੋਕਾਂ ਵੱਲੋਂ ਕੁਰਸੀਆਂ, ਡੰਡਿਆਂ ਅਤੇ ਲੱਤਾਂ ਨਾਲ ਹਮਲਾ ਕੀਤਾ ਜਾ ਰਿਹਾ ਸੀ। ਮਾਮੂਲੀ ਝਗੜਾ ਹੋਣ 'ਤੇ ਦੋਵੇਂ ਧਿਰਾਂ ਦੇ ਲੋਕ ਭੜਕ ਗਏ ਅਤੇ ਇਕ-ਦੂਜੇ 'ਤੇ ਕੁਰਸੀਆਂ ਸੁੱਟੀਆਂ ਅਤੇ ਫਿਰ ਡੰਡਿਆਂ ਨਾਲ ਹਮਲਾ ਕਰਨਾ ਸ਼ੁਰੂ ਕਰ ਦਿੱਤਾ। ਲੜਾਈ ਦੌਰਾਨ ਕਈ ਲੋਕ ਜ਼ਖਮੀ ਹੋ ਗਏ। ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ 'ਤੇ ਇੰਸਪੈਕਟਰ ਮਹਿੰਦਰ ਸਿੰਘ ਯਾਦਵ ਨੇ ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਕੁੱਟਮਾਰ ਦੀ ਕੋਈ ਸੂਚਨਾ ਨਹੀਂ ਮਿਲੀ ਹੈ। ਉਨ੍ਹਾਂ ਕਿਹਾ ਕਿ ਨਾ ਹੀ ਕਿਸੇ ਨੇ ਕੋਈ ਸ਼ਿਕਾਇਤ ਪੱਤਰ ਦਿੱਤਾ ਹੈ। ਜੇਕਰ ਕੋਈ ਸ਼ਿਕਾਇਤ ਮਿਲਦੀ ਹੈ ਤਾਂ ਮਾਮਲੇ ਦੀ ਜਾਂਚ ਕਰਕੇ ਕਾਰਵਾਈ ਕੀਤੀ ਜਾਵੇਗੀ।

## ਸੱਜਰੀ ਵਿਆਹੀ ਨੇ ਸਹੁਰੇ ਘਰ ਆਉਣ ਦੇ ਹਫ਼ਤੇ ਬਾਅਦ ਹੀ ਚਾੜ੍ਹ'ਤਾ ਚੰਨ, ਜਾਣ ਤੁਸੀਂ ਵੀ ਕਰੋਗੇ 'ਤੌਬਾ-ਤੌਬਾ'

ਸ਼ੇਰਪੁਰ 6 ਮਾਰਚ। ਬਲਾਕ ਸ਼ੇਰਪੁਰ ਦੇ ਪਿੰਡ ਰਾਮਨਗਰ ਛੰਨਾਂ ਵਿਖੇ ਇਕ ਹੈਰਾਨੀਜਨਕ ਘਟਨਾ ਵਾਪਰੀ ਸੀ, ਜਦੋਂ ਵਿਆਹ ਦੇ ਇਕ ਹਫਤੇ ਬਾਅਦ ਹੀ ਨਵੀਂ ਵਿਆਹੀ ਦੁਲਹਨ ਆਪਣੇ ਸਹੁਰੇ ਘਰ ਤੋਂ ਲੱਖਾਂ ਰੁਪਏ ਦੇ ਗਹਿਣੇ ਅਤੇ ਨਕਦੀ ਲੈ ਕੇ ਫਰਾਰ ਹੋਈ ਨਵ-ਵਿਆਹੀ ਦੁਲਹਨ ਨੂੰ ਕਾਬੂ ਕਰਨ 'ਚ ਪੁਲਸ ਨੇ ਸਫਲਤਾ ਹਾਸਲ ਕੀਤੀ ਹੈ। ਸਹਿਜਪ੍ਰੀਤ ਸਿੰਘ ਪੁੱਤਰ ਅੰਮ੍ਰਿਤਪਾਲ ਸਿੰਘ ਵਾਸੀ ਰਾਮਨਗਰ ਛੰਨਾ ਨੇ ਸ਼ੇਰਪੁਰ ਪੁਲਸ ਕੋਲ ਬਿਆਨ ਦਰਜ ਕਰਵਾਏ ਸਨ ਕਿ ਉਸ ਦਾ ਵਿਆਹ 14 ਫਰਵਰੀ 2025 ਨੂੰ ਵੀਰਪਾਲ ਕੌਰ ਪੁੱਤਰੀ ਚਮਕੌਰ ਸਿੰਘ ਥਾਣਾ ਮਹਿਤਾ ਜ਼ਿਲ੍ਹਾ ਬਰਨਾਲਾ



ਨਾਲ ਹੋਇਆ ਸੀ। ਇਸ ਤੋਂ ਇਕ ਹਫਤੇ ਬਾਅਦ 21 ਫਰਵਰੀ 2025 ਨੂੰ ਉਸ ਦੀ ਪਤਨੀ ਵੀਰਪਾਲ ਕੌਰ ਬਿਨਾਂ ਦੱਸੇ ਘਰ ਦੇ ਬਾਹਰ ਆਈ ਗੱਡੀ 'ਚ ਬੈਠ ਕੇ ਕਾਰ ਸਵਾਰ ਵਿਅਕਤੀ ਨਾਲ ਚਲੀ ਗਈ ਸੀ। ਇਸ ਤੋਂ ਬਾਅਦ ਜਦੋਂ ਉਸ ਨੇ ਘਰ 'ਚ ਦੇਖਿਆ ਤਾਂ 7 ਲੱਖ ਰੁਪਏ ਅਤੇ 20 ਤੋਲੇ ਸੋਨੇ ਦੇ ਗਹਿਣੇ ਗਾਇਬ ਸਨ, ਜਿਸ ਮਗਰੋਂ ਥਾਣਾ ਸ਼ੇਰਪੁਰ ਵਿਖੇ ਵੀਰਪਾਲ ਕੌਰ ਦੇ ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ। ਥਾਣਾ ਸ਼ੇਰਪੁਰ ਦੇ ਥਾਣਾ ਮੁਖੀ ਇੰਸ. ਬਲਵੰਤ ਸਿੰਘ ਬਿਲਿੰਗ ਨੇ ਦੱਸਿਆ ਕਿ ਵੀਰਪਾਲ ਕੌਰ ਨੂੰ ਪੁਲਸ ਪਾਰਟੀ ਨੇ ਉਤਰਾਖੰਡ -ਯੂ.ਪੀ. ਦੇ ਬਾਰਡਰ ਨੇੜਿਓਂ ਬਿਲਾਸਪੁਰ ਤੋਂ ਗ੍ਰਿਫਤਾਰ ਕਰ ਕੇ ਉਸ ਦੀ ਨਿਸ਼ਾਨਦੇਹੀ 'ਤੇ ਗਹਿਣੇ ਬਰਾਮਦ ਕੀਤੇ ਹਨ। ਉਨ੍ਹਾਂ ਦੱਸਿਆ ਉਕਤ ਔਰਤ ਦਾ ਪੁਲਸ ਰਿਮਾਂਡ ਲੈ ਕੇ ਹੋਰ ਡੂੰਘਾਈ ਨਾਲ ਪੁੱਛਗਿੱਛ ਜਾਰੀ ਹੈ।

## ਮਲੇਸ਼ੀਆ ਬੈਠੇ ਨੌਜਵਾਨ ਦਾ ਵੱਡਾ ਕਾਂਡ, ਸਹੁਰੇ ਪਰਿਵਾਰ ਨੂੰ ਭੇਜੀਆਂ ਨੂੰਹ ਦੀਆਂ ਅਜਿਹੀਆਂ ਤਸਵੀਰਾਂ

ਜਲੰਧਰ 6 ਮਾਰਚ। ਪੰਜਾਬ ਵਿੱਚ ਇਕ ਬਹੁਤ ਹੀ ਸ਼ਰਮਨਾਕ ਘਟਨਾ ਸਾਹਮਣੇ ਆਈ ਹੈ। ਜਲੰਧਰ ਦੀ ਰਹਿਣ ਵਾਲੀ ਇਕ ਵਿਆਹੁਤਾ ਔਰਤ ਦੀ ਫਰਜ਼ੀ ਆਈ. ਡੀ. ਬਣਾ ਕੇ ਉਸ ਦੀਆਂ ਇਤਰਾਜ਼ਯੋਗ ਤਸਵੀਰਾਂ ਅਪਲੋਡ ਕਰਕੇ ਸਹੁਰੇ ਪਰਿਵਾਰ ਨੂੰ ਭੇਜ ਦਿੱਤੀਆਂ ਗਈਆਂ। ਇਸ ਸਬੰਧੀ 25 ਸਾਲਾ ਪੀੜਤਾ ਨੇ ਮਾਮਲਾ ਦਰਜ ਕਰਵਾਇਆ ਹੈ। ਪੀੜਤਾ ਦੇ ਬਿਆਨਾਂ ਦੇ ਆਧਾਰ 'ਤੇ ਕਮਿਸ਼ਨਰੇਟ ਪੁਲਸ ਨੇ ਵਿਦੇਸ਼ 'ਚ ਰਹਿਣ ਵਾਲੀ ਇਕ ਔਰਤ ਅਤੇ ਇਕ ਵਿਅਕਤੀ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਹੈ। ਦੋਸ਼ੀ ਦੀ ਪਛਾਣ ਨੇਹਾ ਪਤਨੀ ਰਮਨ ਵਾਸੀ ਲੁਧਿਆਣਾ ਅਤੇ ਵਿਸ਼ਾਲ ਵਾਸੀ ਮਲੇਸ਼ੀਆ ਦੇ ਰੂਪ ਵਿਚ ਹੋਈ ਹੈ। ਇਨ੍ਹਾਂ ਖ਼?ਲਾਫ਼ ਬੀ. ਐੱਨ. ਐੱਸ. ਦੀ ਧਾਰਾ 354-ਸੀ, 506, 507, 509, 120-ਬੀ ਅਤੇ ਆਈ. ਟੀ. ਐਕਟ ਦੀ ਧਾਰਾ 77-ਆਈ, 67, 67-ਈ ਦੇ ਤਹਿਤ ਕੇਸ ਦਰਜ ਕਰ ਲਿਆ ਹੈ। ਫਿਲਹਾਲ ਕਿਸੇ ਵੀ ਦੋਸ਼ੀ ਦੀ ਗ੍ਰਿਫ਼ਤਾਰੀ ਨਹੀਂ ਹੋਈ ਹੈ।ਪੀੜਤਾ ਨੇ ਪੁਲਸ ਨੂੰ ਦੱਸਿਆ ਕਿ ਮੁਲਜ਼ਮਾਂ ਨੇ ਇੰਸਟਾਗ੍ਰਾਮ 'ਤੇ ਉਸ ਦੀ ਫੇਕ ਆਈ. ਡੀ. ਬਣਾਈ ਅਤੇ ਉਸ 'ਤੇ ਇਤਰਾਜ਼ਯੋਗ ਤਸਵੀਰਾਂ ਸ਼ੇਅਰ ਕਰ ਦਿੱਤੀਆਂ। ਇਸ ਦੇ ਬਾਅਦ ਇਹ ਤਸਵੀਰਾਂ ਮਹਿਲਾ ਦੇ ਸਹੁਰੇ ਪਰਿਵਾਰ ਨੂੰ ਭੇਜ ਦਿੱਤੀਆਂ ਗਈਆਂ ਅਤੇ ਪੀੜਤਾ ਵਿਆਹੁਤਾ ਦਾ ਰਿਸ਼ਤਾ ਖ਼ਰਾਬ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਗਈ। ਪੁਲਸ ਨੇ ਸ਼ਿਕਾਇਤ ਤੋਂ ਬਾਅਦ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਥਾਣਾ ਬਸਤੀ ਬਾਵਾ ਖੇਲ ਦੀ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਐੱਸ.ਐੱਚ.ਓ. ਨੇ ਦੱਸਿਆ ਕਿ ਮਾਮਲੇ ਵਿਚ ਅੱਗੇ ਦੀ ਜਾਂਚ ਕੀਤੀ ਜਾ ਰਹੀ ਹੈ।

## ਐਕਟਿਵਾ 'ਤੇ ਜਾ ਰਹੀ ਮਾਂ-ਧੀ ਕੋਲੋਂ ਲੁਟੇਰਿਆਂ ਨੇ ਖੋਹਿਆ ਪਰਸ

ਬਟਾਲਾ 6 ਮਾਰਚ। ਐਕਟਿਵਾ 'ਤੇ ਸਵਾਰ ਹੋ ਕੇ ਜਾ ਰਹੀਆਂ ਮਾਂਵਾਂ-ਧੀਆਂ ਕੋਲੋਂ ਤਿੰਨ ਅਣਪਛਾਤੇ




ਲੁਟੇਰਿਆਂ ਵਲੋਂ ਪਰਸ ਖੋਹ ਕੇ ਫਰਾਰ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਡੇਰਾ ਬਾਬਾ ਨਾਨਕ ਦੇ ਏ.ਐੱਸ.ਆਈ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਰਾਜਬੀਰ ਕੌਰ ਪਤਨੀ ਗੁਰਦੇਵ ਸਿੰਘ ਵਾਸੀ ਉੱਦੋਵਾਲੀ ਖੁਰਦ ਨੇ ਪੁਲਸ ਨੂੰ ਦਰਜ ਕਰਵਾਏ ਬਿਆਨ ਵਿਚ ਲਿਖਵਾਇਆ ਹੈ ਕਿ ਉਹ ਆਪਣੀ ਲੜਕੀ ਅੰਮ੍ਰਿਤਪਾਲ ਕੌਰ ਨਾਲ ਬੀਤੀ ਸ਼ਾਮ ਸਾਢੇ 4 ਵਜੇ ਆਪਣੀ ਐਕਟਿਵਾ ਸਕੂਟਰੀ ਨੰ.ਪੀ.ਬੀ.06ਏ.ਡੀ.2366 'ਤੇ ਸਵਾਰ ਹੋ ਕੇ ਫਤਿਹਗੜ੍ਹ ਚੂੜੀਆਂ ਆਪਣੇ ਪਿੰਡ ਊਦੋਵਾਲੀ ਨੂੰ ਜਾ ਰਹੀਆਂ ਸੀ ਕਿ ਪਿੰਡ ਅਲਾਵਲਵਾਲ ਨੇੜੇ ਤਿੰਨ ਅਣਪਛਾਤੇ ਨੌਜਵਾਨ ਜਿੰਨ੍ਹਾਂ ਨੇ ਪਰਨਿਆਂ ਨਾਲ ਮੂੰਹ ਬੱਧੇ ਹੋਏ ਸਨ, ਆਏ ਅਤੇ ਉਨ੍ਹਾਂ ਦੀ ਸਕੂਟਰੀ ਅੱਗੇ ਮੋਟਰਸਾਈਕਲ ਰੋਕ ਲਿਆ ਤੇ ਮੇਰਾ ਪਰਸ ਖੋਹ ਕੇ ਫਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਪਰਸ ਵਿਚ ਦੋ ਆਈ ਫੋਨ, ਈਅਰ ਪੋਡ, ਲੇਡੀਜ਼ ਸੂਟ ਸਮੇਤ 2000 ਰੁਪਏ ਨਕਦੀ ਸੀ। ਉਕਤ ਬਿਆਨਕਰਤਾ ਮਹਿਲਾ ਮੁਤਾਬਕ ਲੁਟੇਰੇ ਉਸਦੀ ਐਕਟਿਵਾ ਦੀ ਚਾਬੀ ਵੀ ਜਾਂਦੇ ਸਮੇਂ ਨਾਲ ਲੈ ਗਏ। ਉਕਤ ਪੁਲਸ ਅਧਿਕਾਰੀ ਨੇ ਅੱਗੇ ਦੱਸਿਆ ਕਿ ਉਕਤ ਮਾਮਲੇ ਸਬੰਧੀ ਕਾਰਵਾਈ ਕਰਦਿਆਂ ਥਾਣਾ ਡੇਰਾ ਬਾਬਾ ਨਾਨਕ ਵਿਖੇ ਤਿੰਨ ਅਣਪਛਾਤੇ ਲੁਟੇਰਿਆਂ ਖਿਲਾਫ ਬਣਦੀਆਂ ਧਾਰਾਵਾਂ ਹੇਠ ਕੇਸ ਦਰਜ ਕਰ ਦਿੱਤਾ ਗਿਆ ਹੈ।

## ਬੇਕਾਬੂ ਕਾਰ ਨਹਿਰ 'ਚ ਡਿੱਗੀ, ਜਾਨੀ ਨੁਕਸਾਨ ਤੋਂ ਬਚਾਅ

ਬਠਿੰਡਾ 6 ਮਾਰਚ। ਬੁੱਧਵਾਰ ਸਵੇਰੇ ਇਕ ਕਾਰ ਬੇਕਾਬੂ ਹੋ ਕੇ ਸਰਹਿੰਦ ਨਹਿਰ 'ਚ ਡਿੱਗ ਗਈ। ਆਸ-ਪਾਸ ਦੇ ਲੋਕਾਂ ਵਲੋਂ ਕਾਰ ਸਵਾਰ 2 ਵਿਅਕਤੀਆਂ ਨੂੰ ਨਹਿਰ 'ਚੋਂ ਬੜੀ ਮੁਸ਼ਕਲ ਨਾਲ ਬਾਹਰ ਕੱਢਿਆ ਗਿਆ। ਜਾਣਕਾਰੀ ਅਨੁਸਾਰ ਸਵੇਰੇ ਪਿੰਡ ਕੋਠੇ ਅਮਰਪੁਰਾਨ ਵਿਖੇ ਇਕ ਕਾਰ ਸੰਤੁਲਨ ਵਿਗੜਨ ਕਾਰਨ ਸਰਹਿੰਦ ਨਹਿਰ 'ਚ ਡਿੱਗ ਗਈ। ਸੂਚਨਾ ਮਿਲਣ 'ਤੇ ਸਹਾਰਾ ਜਨ ਸੇਵਾ ਦੇ ਵਰਕਰ ਮੌਕੇ 'ਤੇ ਪਹੁੰਚੇ ਅਤੇ ਪਿੰਡ ਵਾਸੀਆਂ ਦੀ ਮਦਦ ਨਾਲ ਕਾਰ ਅਤੇ ਕਾਰ ਸਵਾਰਾਂ ਨੂੰ ਨਹਿਰ 'ਚੋਂ ਸੁਰੱਖਿਅਤ ਬਾਹਰ ਕੱਢਿਆ ਗਿਆ। ਸਹਾਰਾ ਦੇ ਪ੍ਰਧਾਨ ਵਿਜੇ ਗੋਇਲ ਨੇ ਦੱਸਿਆ ਕਿ ਕਾਰ 'ਚ ਇਕ ਔਰਤ ਅਤੇ ਵਿਅਕਤੀ ਮੌਜੂਦ ਸਨ। ਹਾਦਸੇ ਦੌਰਾਨ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ। ਸੰਸਥਾਂ ਵਰਕਰਾਂ ਵਲੋਂ ਦੋਹਾਂ ਨੂੰ ਸਿਵਲ ਹਸਪਤਾਲ ਪਹੁੰਚਾਇਆ ਗਿਆ।

### ਪੂਰਬੀ ਸਬ-ਰਜਿਸਟਰਾਰ ਦਫ਼ਤਰ 'ਚ ਸ਼ੁਰੂ ਹੋਇਆ ਰਜਿਸਟਰੀਆਂ ਕਰਵਾਉਣ ਦਾ ਕੰਮ

ਲੁਧਿਆਣਾ 6 ਮਾਰਚ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਚੇਤਾਵਨੀ ਮਗਰੋਂ ਟ?ਰਾਂਸਪੋਰਟ ਨਗਰ ਸਥਿਤ ਪੂਰਬੀ ਸਬ ਰਜਿਸਟਰਾਰ ਦਫ਼ਤਰ ਵਿਚ ਅੱਜ 2 ਦਿਨ ਬਾਅਦ ਰਜਿਸਟਰੀਆਂ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪੰਜਾਬ ਦੀ ਤਹਿਸੀਲਦਾਰ ਯੂਨੀਅਨ ਨੇ ਪੱਛਮੀ ਤਹਿਸੀਲ ਦੇ ਤਹਿਸੀਲਦਾਰ ਜਗਸੀਰ ਸਿੰਘ 'ਤੇ ਵਿਜੀਲੈਂਸ ਪੁਲਸ ਵੱਲੋਂ ਦਰਜ ਕੀਤੇ ਗਏ ਮਾਮਲੇ ਦੇ ਵਿਰੋਧ ਵਿਚ ਹੜਤਾਲ ਕਰਨ ਦਾ ਐਲਾਨ ਕੀਤਾ ਗਿਆ ਸੀ। ਇਸ ਮਗਰੋਂ ਅੱਜ ਪੂਰਬੀ ਸਬ ਰਜਿਸਟਰਾਰ ਦਫ਼ਤਰ ਵਿਚ ਲੋਕਾਂ ਨੂੰ ਇਕ ਵੱਡੀ ਰਾਹਤ ਮਿਲ ਰਹੀ ਹੈ।

## ਵਿਆਹੇ ਹੋਣ ਦੇ ਬਾਵਜੂਦ ਨੌਜਵਾਨ ਨੇ ਕਰਵਾਇਆ ਦੂਜਾ ਵਿਆਹ, 2 ਸਾਲ ਬਾਅਦ ਇੰਝ ਹੋਇਆ ਖੁਲਾਸਾ

ਬਾਂਕਾ 6 ਮਾਰਚ। ਬਿਹਾਰ ਦੇ ਬਾਂਕਾ ਜ਼ਿਲ੍ਹੇ ਤੋਂ ਇਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇਕ ਵਿਅਕਤੀ ਨੇ ਪਹਿਲਾਂ ਤੋਂ ਹੀ ਵਿਆਹਿਆ ਹੋਣ ਦੇ ਬਾਵਜੂਦ ਦੂਜੀ ਕੁੜੀ ਨਾਲ ਵਿਆਹ ਕਰਵਾ ਲਿਆ। ਉਸ ਦੀ ਪਹਿਲੀ ਪਤਨੀ ਤੋਂ 2 ਪੁੱਤਰ ਅਤੇ ਇਕ ਧੀ ਵੀ ਹੈ। ਹਾਲਾਂਕਿ ਜਦੋਂ ਕੁੜੀ ਨੂੰ ਉਸ ਆਦਮੀ ਦੇ ਪਹਿਲੇ ਵਿਆਹ ਅਤੇ ਬੱਚਿਆਂ ਬਾਰੇ ਪਤਾ ਲੱਗਾ ਤਾਂ ਉਸ ਨੇ ਉਸ ਨਾਲ ਰਹਿਣ ਤੋਂ ਇਨਕਾਰ ਕਰ ਦਿੱਤਾ। ਹੁਣ ਕੁੜੀ ਪੁਲਸ ਸਟੇਸ਼ਨ ਪਹੁੰਚੀ ਹੈ ਅਤੇ ਉਸ ਆਦਮੀ ਖ਼?ਲਾਫ਼ ਸ਼ਿਕਾਇਤ ਦਰਜ ਕਰਵਾਈ ਹੈ। ਜਾਣਕਾਰੀ ਅਨੁਸਾਰ ਇਹ ਮਾਮਲਾ ਜ਼ਿਲ੍ਹੇ ਦੇ ਸ਼ੰਭੂਗੰਜ ਦੇ ਪਿੰਡ ਕਿਰਨਪੁਰ ਦਾ ਹੈ। ਪੁਲਸ ਨੂੰ ਮਿਲੀ ਸ਼ਿਕਾਇਤ ਦੇ ਅਨੁਸਾਰ, ਕਿਰਨਪੁਰ ਪਿੰਡ ਦੇ ਰਹਿਣ ਵਾਲੇ ਰਾਜੇਸ਼ ਕੁਮਾਰ ਦਾ ਪਹਿਲਾ ਵਿਆਹ 7 ਸਾਲ ਪਹਿਲਾਂ ਮੁੰਗੇਰ ਜ਼ਿਲ੍ਹੇ ਦੇ ਰਤਨਪੁਰ ਪਿੰਡ ਦੀ ਮਮਤਾ ਕੁਮਾਰੀ ਨਾਲ ਹੋਇਆ ਸੀ। ਉਸ ਦੇ 2 ਪੁੱਤਰ ਅਤੇ ਇਕ ਧੀ ਹੈ। ਇਸ ਦੌਰਾਨ



ਰਾਜੇਸ਼ ਨੂੰ ਭਾਗਲਪੁਰ ਜ਼ਿਲ੍ਹੇ ਦੇ ਸੁਲਤਾਨਗੰਜ ਥਾਣਾ ਖੇਤਰ ਦੇ ਕਥਾਰਾ ਪਿੰਡ ਦੀ ਇਕ ਕੁੜੀ ਰਿਮਜਿਮ ਕੁਮਾਰੀ ਨਾਲ ਪਿਆਰ ਹੋ ਗਿਆ। ਫਿਰ ਦੋਵਾਂ ਦਾ ਵਿਆਹ ਹੋ ਗਿਆ। ਰਾਜੇਸ਼ ਕੁਮਾਰ ਨੇ ਰਿਮਝਿਮ ਨੂੰ 2 ਸਾਲ ਆਪਣੀ ਪਤਨੀ ਬਣਾ ਕੇ ਬਾਹਰ ਰੱਖਿਆ। ਲਗਭਗ 2 ਸਾਲਾਂ ਬਾਅਦ, ਜਦੋਂ ਰਿਮਝਿਮ ਨੂੰ ਰਾਜੇਸ਼ ਦੇ ਪਹਿਲੇ ਵਿਆਹ ਅਤੇ ਬੱਚਿਆਂ ਬਾਰੇ ਪਤਾ ਲੱਗਾ, ਤਾਂ ਉਸ ਨੇ ਉਸ ਨਾਲ ਰਹਿਣ ਤੋਂ ਇਨਕਾਰ ਕਰ ਦਿੱਤਾ। ਫਿਰ ਦੋਵਾਂ ਪਰਿਵਾਰਾਂ ਵਿਚਕਾਰ ਬਹੁਤ ਝਗੜਾ ਹੋਇਆ। ਬੀਤੇ ਸ਼ਨੀਵਾਰ ਨੂੰ ਕੁੜੀ ਨੇ ਥਾਣੇ ਪਹੁੰਚ ਕੇ ਰਾਜੇਸ਼ ਕੁਮਾਰ ਖ਼?ਲਾਫ਼ ਸ਼ਿਕਾਇਤ ਦਰਜ ਕਰਵਾਈ ਅਤੇ ਪੁਲਸ ਨੂੰ ਇਨਸਾਫ਼ ਦੀ ਅਪੀਲ ਕੀਤੀ।

# ਸਰਕਾਰੀ ਸਕੂਲਾਂ ਲਈ ਪੰਜਾਬ ਪ੍ਰਸ਼ਾਸਨ ਦਾ ਵੱਡਾ ਕਦਮ, ਅਧਿਕਾਰੀਆਂ ਨੂੰ ਜਾਰੀ ਹੋ ਗਏ ਨਿਰਦੇਸ਼

ਲੁਧਿਆਣਾ 6 ਮਾਰਚ। ਪਿਛਲੇ ਸਾਲਾਂ ਦੌਰਾਨ ਸਰਕਾਰੀ ਅਤੇ ਮਾਨਤਾ ਪ੍ਰਾਪਤ ਸਕੂਲਾਂ 'ਚ ਪੜ੍ਹਨ ਵਾਲੇ ਬੱਚਿਆਂ ਲਈ ਪਾਠ ਪੁਸਤਕਾਂ ਦੀ ਸਪਲਾਈ 'ਚ ਹੋਈ ਦੇਰ ਕਾਰਨ ਨਾ ਸਿਰਫ ਵਿਦਿਆਰਥੀਆਂ ਦੀ ਪੜ੍ਹਾਈ 'ਤੇ ਅਸਰ ਪਿਆ ਸੀ, ਸਗੋਂ ਮਾਪਿਆਂ ਅਤੇ ਅਧਿਆਪਕਾਂ 'ਚ ਵੀ ਅਸੰਤੋਖ ਦੇਖਿਆ ਗਿਆ ਸੀ। ਇਸ ਨਾਲ ਸਿੱਖਿਆ ਵਿਭਾਗ ਦੀ ਕਾਰਜਸ਼ੈਲੀ 'ਤੇ ਗੰਭੀਰ ਸਵਾਲ ਖੜ੍ਹੇ ਹੋਏ ਸਨ ਅਤੇ ਪ੍ਰਸ਼ਾਸਨ ਨੂੰ ਅਲੋਚਨਾਵਾਂ ਦਾ ਸਾਹਮਣਾ ਕਰਨਾ ਪਿਆ ਸੀ। ਇਨ੍ਹਾਂ ਸਮੱਸਿਆਵਾਂ ਨੂੰ ਧਿਆਨ 'ਚ ਰੱਖਦੇ ਹੋਏ ਅਤੇ ਭਵਿੱਖ ਵਿਚ ਅਜਿਹੀ ਸਥਿਤੀ ਤੋਂ ਬਚਣ ਲਈ ਸਿੱਖਿਆ ਵਿਭਾਗ ਨੇ ਇਸ ਵਾਰ ਸਮੇਂ ਸਿਰ ਠੋਸ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ। 1 ਅਪ੍ਰੈਲ ਤੋਂ ਸ਼ੁਰੂ ਹੋਣ ਵਾਲੇ ਨਵੇਂ ਵਿੱਦਿਅਕ ਸੈਸ਼ਨ 'ਚ ਕਿਸੇ ਵੀ ਵਿਦਿਆਰਥੀ ਨੂੰ ਕਿਤਾਬਾਂ ਦੀ ਕਮੀ ਨਾ ਝੱਲਣੀ ਪਵੇ, ਇਸ ਦੇ ਲਈ ਵਿਭਾਗ ਨੇ ਹੁਣ ਤੋਂ ਵਿਸਥਾਰਤ ਯੋਜਨਾ ਤਿਆਰ ਕਰ ਲਈ ਹੈ ਅਤੇ ਜ਼ਿਲ੍ਹਾ ਤੇ ਬਲਾਕ ਪੱਧਰ 'ਤੇ ਅਧਿਕਾਰੀਆਂ ਨੂੰ ਵਿਸ਼ੇਸ਼ ਜ਼ਿੰਮੇਵਾਰੀਆਂ ਸੌਂਪੀਆਂ ਹਨ। ਪੰਜਾਬ ਸਿੱਖਿਆ ਵਿਭਾਗ ਦੇ ਨਿਦੇਸ਼ਕ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ, ਸਮੱਗਰ ਸਿੱਖਿਆ ਮੁਹਿੰਮ ਨੇ ਸਾਰੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ (ਪ੍ਰਾਇਮਰੀ ਅਤੇ ਸੈਕੰਡਰੀ) ਨੂੰ ਆਗਾਮੀ ਵਿੱਦਿਅਕ ਸਾਲ 2025-26 ਲਈ ਪਾਠ ਪੁਸਤਕਾਂ ਦੀ ਸੁਚਾਰੂ ਸਪਲਾਈ ਯਕੀਨੀ ਬਣਾਉਣ ਦੇ ਨਿਰਦੇਸ਼ ਜਾਰੀ ਕੀਤੇ ਹਨ। ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ 'ਚ ਪਹਿਲੀ ਤੋਂ 12ਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਨੂੰ ਸਮੇਂ 'ਤੇ ਮੁਫਤ ਪੁਸਤਕਾਂ ਮੁਹੱਈਆ ਕਰਵਾਉਣ ਲਈ ਇਕ ਸੰਗਠਿਤ ਯੋਜਨਾ ਬਣਾਈ ਗਈ ਹੈ। ਨਿਰਦੇਸ਼ਾਂ ਮੁਤਾਬਕ ਪ੍ਰਾਇਮਰੀ ਕਲਾਸਾਂ ਦੀਆਂ ਪੁਸਤਕਾਂ ਦੀ ਵੇਰਵਾ ਵਿਵਸਥਾ ਦੀ ਜ਼ਿੰਮੇਵਾਰੀ ਉਪ ਜ਼ਿਲ੍ਹਾ ਸਿੱਖਿਆ ਅਧਿਕਾਰੀ (ਪ੍ਰਾਇਮਰੀ) ਨੂੰ ਦਿੱਤੀ ਗਈ ਹੈ, ਜਦੋਂਕਿ ਸੈਕੰਡਰੀ ਕਲਾਸਾਂ ਦੀਆਂ ਪੁਸਤਕਾਂ ਦਾ ਪ੍ਰਬੰਧ ਉਪ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈਕੰਡਰੀ) ਕਰਨਗੇ। ਇਨ੍ਹਾਂ ਅਧਿਕਾਰੀਆਂ ਨੂੰ ਮੁੱਖ ਦਫਤਰ ਵਲੋਂ ਚਲਾਏ ਗਏ ਅਧਿਕਾਰਤ ਵ?ਟਸਐਪ ਗਰੁੱਪ ਨਾਲ ਜੁੜੇ ਰਹਿਣ ਨੂੰ ਕਿਹਾ ਗਿਆ ਹੈ। ਇਸ ਤੋਂ ਇਲਾਵਾ ਹਰ ਜ਼ਿਲ੍ਹੇ 'ਚ ਨਿਯੁਕਤ ਟੈਸਟਬੁਕ ਕੋਆਰਡੀਨੇਟਰ ਦਾ ਨਾਂ, ਅਹੁਦਾ, ਸੰਪਰਕ ਨੰਬਰ ਅਤੇ ਈ-ਮੇਲ ਆਈ. ਡੀ. ਤਤਕਾਲ 'ਤੇ ਭੇਜਣ ਦੇ ਨਿਰਦੇਸ਼ ਦਿੱਤੇ ਗਏ ਹਨ। ਸਿੱਖਿਆ ਵਿਭਾਗ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਪਿਛਲੇ ਸਾਲਾਂ 'ਚ ਕਈ ਸਕੂਲਾਂ ਵਲੋਂ ਬਲਾਕ ਸਿੱਖਿਆ ਅਧਿਕਾਰੀਆਂ ਨਾਲ ਤਾਲਮੇਲ ਦੀ ਕਮੀ ਕਾਰਨ ਪੁਸਤਕਾਂ ਦੀ ਵੰਡ 'ਚ ਦੇਰੀ ਹੋਈ ਸੀ। ਇਸ ਸਮੱਸਿਆ ਤੋਂ ਬਚਣ ਲਈ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਉਹ ਆਪਣੇ ਅਧੀਨ ਅਧਿਕਾਰੀਆਂ ਨੂੰ ਇਸ ਵਿਸ਼ੇ ਵਿਚ ਜ਼ਰੂਰੀ ਨਿਰਦੇਸ਼ ਦੇਣ, ਤਾਂ ਕਿ ਛੇਵੀਂ ਤੋਂ 12ਵੀਂ ਕਲਾਸ ਤੱਕ ਦੀਆਂ ਪੁਸਤਕਾਂ ਦੀ ਵੰਡ ਦੀ



ਜ਼ਿੰਮੇਵਾਰੀ ਸੁਚਾਰੂ ਰੂਪ 'ਚ ਨਿਭਾਈ ਜਾ ਸਕੇ। ਪੰਜਾਬ ਸਕੂਲ ਸਿੱਖਿਆ ਬੋਰਡ ਨੇ ਜਾਣਕਾਰੀ ਦਿੱਤੀ ਹੈ ਕਿ ਬਲਾਕ ਪੱਧਰ 'ਤੇ ਕਿਤਾਬਾਂ ਦੀ ਸਪਲਾਈ ਜਲਦ ਸ਼ੁਰੂ ਕੀਤੀ ਜਾਵੇਗੀ। ਇਸ ਦੇ ਲਈ ਜ਼ਿਲ੍ਹਾ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਆਪਣੇ ਖੇਤਰ 'ਚ ਸਥਿਤ ਬਲਾਕ ਸਿੱਖਿਆ ਅਧਿਕਾਰੀਆਂ ਨੂੰ ਸਮੇਂ 'ਤੇ ਸੂਚਿਤ ਕਰਨ, ਤਾਂ ਕਿ ਕਿਤਾਬਾਂ ਸਕੂਲ ਪੱਧਰ ਤੱਕ ਜਲਦ ਪਹੁੰਚ ਸਕਣ। ਇਸ ਤੋਂ ਇਲਾਵਾ ਕਿਤਾਬਾਂ ਦੇ ਰੱਖ-ਰਖਾਅ ਅਤੇ ਟ?ਰਾਂਸਪੋਰਟ ਲਈ ਢੁੱਕਵੀਂ ਵਿਵਸਥਾ ਕਰਨ ਅਤੇ ਇਸ 'ਤੇ ਆਉਣ ਵਾਲੇ ਖਰਚ ਦਾ ਵੇਰਵਾ ਜ਼ਿਲ੍ਹਾ ਪ੍ਰਸ਼ਾਸਨ ਨੂੰ ਭੇਜਣ ਦੇ ਨਿਰਦੇਸ਼ ਵੀ ਜਾਰੀ ਕੀਤੇ ਗਏ ਹਨ। ਸਕੂਲਾਂ 'ਚ ਪਹਿਲਾਂ ਤੋਂ ਉਪਲਬਧ ਪੁਸਤਕਾਂ ਦਾ ਰਿਕਾਰਡ ਬਣਾਈ ਰੱਖਣ ਅਤੇ ਗੈਰ-ਜ਼ਰੂਰੀ ਸਪਲਾਈ ਰੋਕਣ ਲਈ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਉਹ ਪਿਛਲੇ ਸਟਾਕ ਦਾ ਮੁੱਲਾਕਣ ਕਰਨ ਅਤੇ ਸਿਰਫ ਜ਼ਰੂਰੀ ਪੁਸਤਕਾਂ ਦੀ ਸਪਲਾਈ ਯਕੀਨੀ ਬਣਾਉਣ। ਜੇਕਰ ਕਿਸੇ ਸਕੂਲ 'ਚ ਪੁਸਤਕਾਂ ਦੀ ਬਹੁਤਾਂ ਜਾਂ ਕਮੀ ਹੁੰਦੀ ਹੈ ਤਾਂ ਬਲਾਕ ਸਿੱਖਿਆ ਅਧਿਕਾਰੀ ਸਬੰਧਤ ਸਕੂਲ ਮੁਖੀ ਨਾਲ ਸੰਪਰਕ ਕਰ ਕੇ ਲੋੜ ਮੁਤਾਬਕ ਪੁਸਤਕਾਂ ਮੁਹੱਈਆ ਕਰਵਾਉਣਗੇ। ਇਸ ਤੋਂ ਇਲਾਵਾ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਉਹ ਸਕੂਲਾਂ 'ਚ ਬੁੱਕ ਬੈਂਕ ਸਥਾਪਿਤ ਕਰਨ ਲਈ ਸਕੂਲ ਮੁਖੀਆਂ ਨੂੰ ਪ੍ਰੇਰਿਤ ਕਰਨ, ਤਾਂ ਕਿ ਲੋੜ ਪੈਣ 'ਤੇ ਵਿਦਿਆਰਥੀਆਂ ਨੂੰ ਉਥੋਂ ਪੁਸਤਕਾਂ ਮਿਲ ਸਕਣ। ਸਾਰੇ ਜ਼ਿਲ੍ਹਾ ਅਤੇ ਬਲਾਕ ਪੱਧਰ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਉਹ ਇਸ ਮਹੱਤਵਪੂਰਨ ਕੰਮ ਨੂੰ ਤਾਲਮੇਲ ਅਤੇ ਇਕਰੂਪਤਾ ਨਾਲ ਪੂਰਾ ਕਰਨ, ਤਾਂ ਕਿ ਕਿਸੇ ਵੀ ਵਿਦਿਆਰਥੀ ਨੂੰ ਪਾਠ ਪੁਸਤਕਾਂ ਦੀ ਕਮੀ ਦਾ ਸਾਹਮਣਾ ਨਾ ਕਰਨਾ ਪਵੇ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਆਉਂਦੀ ਕੁੜੀਏ ਜਾਂਦੀ ਕੁੜੀਏ...

ਸੁਖਦੇਵ ਮਾਦਪੁਰੀ

'ਆਉਂਦੀ ਕੁੜੀਏ ਜਾਂਦੀਏ ਕੁੜੀਏ' ਪੰਜਾਬੀ ਲੋਕ-ਕਾਵਿ ਦਾ ਲੋਪ ਹੋ ਰਿਹਾ ਵਿਲੱਖਣ ਕਾਵਿ ਰੂਪ ਹੈ ਜਿਸ ਨੂੰ ਵਿਆਹ ਦੇ ਅਵਸਰ ਤੇ ਮੇਲਣਾਂ, ਬੜੇ ਚਾਵਾਂ ਨਾਲ ਗਾਉਂਦੀਆਂ ਹਨ। ਇਹ ਸਿੱਠਣੀਆਂ ਦਾ ਹੀ ਇੱਕ ਹੋਰ ਰੂਪ ਹੈ ਜੋ ਮਾਲਵੇ ਵਿਚ ਹੀ ਪ੍ਰਚੱਲਤ ਰਿਹਾ ਹੈ। ਇਹ ਉੱਚੀ ਸੁਰ ਤੇ ਸਮੂਹਕ ਰੂਪ ਵਿਚ, ਚਲਦਿਆਂ-ਚਲਦਿਆਂ ਗਾਏ ਜਾਣ ਵਾਲੇ ਹਾਸ-ਵਿਅੰਗ ਭਰਪੂਰ ਲੋਕ ਗੀਤ ਹਨ ਜਿਨ੍ਹਾਂ ਨੂੰ ਗਾ ਕੇ ਔਰਤਾਂ ਆਪਣੇ ਦਿਲਾਂ ਦੇ ਗੁਭ-ਗੁਭਾੜ ਹੀ ਨਹੀਂ ਕੱਢਦੀਆਂ ਬਲਕਿ ਸਮੁੱਚੇ ਵਾਤਾਵਰਣ ਵਿਚ ਹਾਸ-ਵਿਨੋਦ ਦਾ ਸੰਚਾਰ ਵੀ ਕਰਦੀਆਂ ਹਨ। ਇਨ੍ਹਾਂ ਗੀਤਾਂ ਵਿਚ ਪੌਣੀ ਸਦੀ ਪਹਿਲਾਂ ਦੇ ਪੇਂਡੂ ਪੰਜਾਬ ਦੇ ਇਤਿਹਾਸ ਦੇ ਅਵਿਸ਼ੇਸ਼ ਵਿਦਮਾਨ ਹਨ ਜਿਨ੍ਹਾਂ ਵਿੱਚੋਂ ਪੁਰਾਣੇ ਪੰਜਾਬ ਦੇ ਸਮਾਜਿਕ ਤੇ ਸੱਭਿਆਚਾਰਕ ਦ੍ਰਿਸ਼ ਸਾਫ਼ ਦਿਸ ਆਉਂਦੇ ਹਨ।

ਓਦੋਂ ਵਿਆਹ ਦਾ ਅਵਸਰ ਸਮੁੱਚੇ ਭਾਈਚਾਰੇ ਲਈ ਖ਼ੁਸ਼ੀਆਂ ਦਾ ਢੋਆ ਲੈ ਕੇ ਆਉਂਦਾ ਸੀ ਤੇ ਪੰਜਾਬ ਦਾ ਲੋਕ ਮਾਨਸ ਇਸ ਦੇ ਪਲ-ਪਲ ਨੂੰ ਮਾਣਦਾ ਹੋਇਆ ਆਪਣੇ ਪੱਬ ਧਰਤੀ 'ਤੇ ਨਹੀਂ ਸੀ ਲਾਉਂਦਾ। ਔਰਤਾਂ ਅੱਜ ਵਾਂਗ ਬਰਾਤ ਵਿਚ ਸ਼ਾਮਲ ਨਹੀਂ ਸੀ ਹੁੰਦੀਆਂ। ਓਧਰ ਧੂੜਾਂ ਪੁੱਟਦਿਆਂ ਬਰਾਤ ਨੇ ਤੁਰਨਾ ਇਧਰ ਵਿਆਹ ਵਾਲੇ ਘਰ ਨਾਨਕਾ ਮੇਲ਼ ਅਤੇ ਹੋਰ ਰਿਸ਼ਤੇਦਾਰੀਆਂ 'ਚੋਂ ਆਈਆਂ ਮੇਲਣਾਂ ਨੇ ਨੱਚ ਟੱਪ ਕੇ ਕੋਈ ਸਮਾਂ ਬੰਨ੍ਹ ਦੇਣਾ-ਕਿਧਰੇ ਛੱਜ ਕੁਟਣੇ, ਕਿਧਰੇ ਰਿੱਧੇ-ਫਰੂਹੇ ਨੇ ਮੱਘ ਪੈਣਾ ਤੇ ਕਿਧਰੇ ਜਾਗੋ ਕੱਢਣੀ।

ਘੋਰ੍ਹ ਪਾਉਂਦੀਆਂ ਚਾਵਾਂ ਮੱਤੀਆਂ ਮੇਲਣਾਂ ਨੇ ਜਦੋਂ ਵਿਆਹ ਵਾਲੇ ਘਰ ਤੋਂ ਸਵੇਰ-ਸ਼ਾਮ ਬਾਹਰ ਬੈਠਣ ਲਈ ਜਾਣਾ ਜਾਂ ਸ਼ਰੀਕੇ ਵਿਚ ਪਰੋਸੇ ਫੇਰਨ ਜਾਂ ਜਠੇਰਿਆਂ ਤੇ ਮੱਥਾ ਟਕਾਉਣ ਲਈ ਬਾਹਰ ਨਿਕਲਣਾ ਤਾਂ ਸਾਰੀਆਂ ਮੇਲਣਾਂ ਨੇ ਤੁਰਦਿਆਂ ਫਿਰਦਿਆਂ ਸਮੂਹਕ ਰੂਪ ਵਿਚ 'ਆਉਂਦੀ ਕੁੜੀਏ ਜਾਂਦੀਏ ਕੁੜੀਏ' ਨਾਮੀ ਗੀਤ ਲੰਮੀ ਹੇਕ ਨਾਲ ਗਾ ਕੇ ਆਪਣੀ ਹੋਂਦ ਦਾ ਅਹਿਸਾਸ ਕਰਵਾਉਣਾ! ਵਿਆਹੀਆਂ ਔਰਤਾਂ-ਮੁਟਿਆਰਾਂ ਘੱਗਰੇ ਪਾਉਂਦੀਆਂ ਸਨ ਤੇ ਅਲ੍ਹੜ ਮੁਟਿਆਰਾਂ ਫਬਵੇਂ ਰੰਗ-ਬਰੰਗੇ ਸੂਟਾਂ ਵਿਚ ਸਜੀਆਂ ਮਨੋਹਰ ਨਜ਼ਾਰਾ ਪੇਸ਼ ਕਰਦੀਆਂ ਹਨ। ਉਨ੍ਹਾਂ ਤੁਰਨ ਸਮੇਂ ਮੰਗਲਾ ਚਰਨ ਵਜੋਂ ਗੁਰੂਆਂ ਨੂੰ ਯਾਦ ਕਰਦਿਆਂ ਗੀਤ ਆਰੰਭ ਦੇਣੇ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਚੱਕ ਲਿਆ ਬਜ਼ਾਰ ਵਿੱਚੋਂ ਕਾਨਾ*
*ਭਗਤੀ ਦੋ ਕਰਗੇ*
*ਗੁਰੂ ਨਾਨਕ ਤੇ ਮਰਦਾਨੇ*
*ਭਗਤੀ ਦੋ ਕਰਗੇ...*

ਕਿਸੇ ਗੋਬਿੰਦ ਦਾ ਜਸ ਗਾਉਣਾ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਬਹਿ ਪਟੜੇ ਪਰ ਨਾਹ ਲੈ*
*ਭਜਨ ਕਰ ਗੋਬਿੰਦ ਦਾ*
*ਮੂੰਹੋਂ ਮੰਗੀਆਂ ਮੁਰਾਦਾਂ ਪਾ ਲੈ*
*ਭਜਨ ਕਰ ਗੋਬਿੰਦ ਦਾ...*

ਕਿਸੇ ਝਾਂਜਰਾਂ ਵਾਲੀ ਨੇ ਸ਼ਰੀਕੇ ਵਾਲਿਆਂ ਨੂੰ ਸੱਦਾ ਦੇਣਾ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਭਰ ਲਿਆ ਕਣਦ ਦੀ ਥਾਲ਼ੀ*
*ਭੋਗ ਪੈਂਦਾ ਖੰਡ ਪਾਠ ਦਾ*
*ਸੱਦਾ ਦੇਗੀ ਝਾਜਰਾਂ ਵਾਲੀ*
*ਭੋਗ ਪੈਂਦਾ ਖੰਡ ਪਾਠ ਦਾ...*

ਭਗਤੀ ਭਾਵਨਾ ਵਾਲੇ ਗੀਤਾਂ ਤੋਂ ਬਾਅਦ ਉਨ੍ਹਾਂ ਵੀਰ-ਪਿਆਰ ਦੀ ਭਾਵਨਾ ਵਾਲੇ ਗੀਤ ਆਰੰਭ ਦੇਣੇ। ਭੈਣ ਤਾਂ ਮਾਣ-ਤਾਣ ਦੀ ਭੁੱਖੀ ਹੈ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਚੱਕ ਲਿਆ ਬਜ਼ਾਰ ਵਿੱਚੋਂ ਛਾਵਾਂ*
*ਕਹਿ ਦਿਉ ਮੇਰੇ ਚੰਦ ਵੀਰ ਨੂੰ*
*ਮੇਰੀ ਆਮਨਾ ਰੱਖੇ ਤਾਂ ਆਵਾਂ*
*ਕਹਿ ਦਿਉ ਮੇਰੇ ਚੰਦ ਵੀਰ ਨੂੰ...*

ਭੈਣਾਂ ਤਾਂ ਵੀਰ ਦਾ ਪਿਆਰ ਲੋਚਦੀਆਂ ਹਨ, ਜੇ ਪਿਆਰ ਹੀ ਨਾ ਮਿਲੇ ਤਾਂ ਹਰਖਣਾਂ ਤਾਂ ਜਾਇਜ਼ ਹੀ ਹੈ :

ਆਉਂਦੀ ਕੁੜੀਏ ਜਾਂਦੀ ਕੁੜੀਏ






ਚੱਕ ਲਿਆ ਬਜ਼ਾਰ ਵਿੱਚੋਂ ਖੀਰਾ
ਹਰਖਾਂ ਨਾਲ ਮੈਂ ਭਰਗੀ
ਮੇਰਾ ਸਿਰ ਨਾ ਪਲੋਸਿਆ ਵੀਰਾ
ਹਰਖਾਂ ਨਾਲ ਮੈਂ ਭਰਗੀ...

ਕੋਈ ਭੈਣ ਨਹੀਂ ਚਾਹੁੰਦੀ ਕਿ ਉਹਦਾ ਭਰਾ ਉਹਦੇ ਨਾਲੋ ਨਾਤਾ ਤੋੜ ਲਵੇ :

ਆਉਂਦੀ ਕੁੜੀਏ ਜਾਂਦੀ ਕੁੜੀਏ
ਰਿਝਦੀ ਖੀਰ ਵਿਚ ਡੋਈ
ਟੁੱਟ ਕੇ ਨਾ ਬਹਿਜੀਂ ਵੀਰਨਾ
ਭੈਣਾਂ ਵਰਗਾ ਸਾਕ ਨਾ ਕੋਈ
ਟੁਟਕੇ ਨਾ ਬਹਿਜੀਂ ਵੀਰਨਾ...

ਭੈਣ ਵੀਰ ਦਾ ਮੁਖੜਾ ਤੱਕਦੇ ਸਾਰ ਹੀ ਖਿੜ੍ਹ ਜਾਂਦੀ ਹੈ। ਜਦੋਂ ਉਹ ਨਵੀਂ ਵਹੁਟੀ ਲੈ ਕੇ ਘਰ ਆਉਂਦਾ ਹੈ ਤਾਂ ਬਾਬਲ ਦਾ ਘਰ ਚਾਨਣ ਨਾਲ ਭਰ ਜਾਂਦਾ ਹੈ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਚਕ ਲਿਆਂ ਬਜ਼ਾਰ ਵਿੱਚੋਂ ਡੋਈ*
*ਵੀਰ ਘਰ ਆਉਂਦੇ ਨੂੰ*
*ਚੰਦ ਵਰਗੀ ਰੋਸ਼ਨੀ ਹੋਈ*
*ਵੀਰ ਘਰ ਆਉਂਦੇ ਨੂੰ...*

ਵੀਰਾਂ ਦੇ ਘਰ ਜਦੋਂ ਖ਼ੁਸ਼ੀਆਂ ਆਉਂਦੀਆਂ ਹਨ ਉਦੋਂ ਭੈਣਾਂ ਉਨ੍ਹਾਂ ਪਾਸੋਂ ਗਹਿਣੇ ਦੀ ਸੁਗਾਤ ਮੰਗਦੀਆਂ ਹਨ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਹਰੀਆਂ ਹਰੀਆਂ ਕਣਕਾਂ*
*ਉੱਤੇ ਉੱਡਣ ਭੰਬੀਰੀਆਂ*
*ਬੋਲੋ ਵੀਰੋ ਵੇ*
*ਭੈਣਾਂ ਮੰਗਣ ਜੰਜੀਰੀਆਂ...*

ਸਮਾਜਿਕ ਆਰਥਿਕ ਕਾਰਨਾਂ ਕਾਰਨ ਕਈ ਵੇਰ ਵੀਰ ਭੈਣਾਂ ਨਾਲੋਂ ਨਾਤਾ ਤੋੜ ਲੈਂਦੇ ਹਨ ਤਾਂ ਭੈਣ ਦਾ ਦੁੱਖ ਝਲਿਆ ਨੀ ਜਾਂਦਾ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਅੱਗੇ ਤਾਂ ਭੈਣਾਂ ਨੂੰ ਭਾਈ ਲੈਣ ਆਉ*
*ਹੁਣ ਕਿਉਂ ਆਉਂਦੇ ਨਾਈ*
*ਮੁਹੱਬਤਾਂ ਤੋੜ ਗਏ*
*ਭੈਣਾਂ ਨਾਲੋਂ ਭਾਈ*
*ਮੁਹੱਬਤਾਂ ਤੋੜ ਗਏ...*

ਪੰਜਾਬ ਵਿਚ ਚੱਲੀਆਂ ਸਮਾਜ ਸੁਧਾਰ ਲਹਿਰਾਂ-ਅਕਾਲੀ ਲਹਿਰ, ਸਿੰਘ ਸਭਾ ਲਹਿਰ, ਆਜ਼ਾਦੀ ਲਹਿਰ ਅਤੇ ਸੰਸਾਰ ਜੰਗਾਂ ਦੇ ਪ੍ਰਭਾਵ ਨੂੰ ਵੀ ਪੰਜਾਬ ਦੀ ਔਰਤ ਦੀ ਚੇਤਨਾ ਨੇ ਕਬੂਲਿਆ ਹੈ। ਇਨ੍ਹਾਂ ਲਹਿਰਾਂ ਦਾ ਗੀਤਾਂ ਵਿਚ ਜ਼ਿਕਰ, ਇਨ੍ਹਾਂ ਗੀਤਾਂ ਦੀ ਇਤਿਹਾਸਕ ਤੇ ਸਮਾਜਿਕ ਮਹੱਤਤਾ ਨੂੰ ਮੂਰਤੀਮਾਨ ਕਰਦਾ ਹੈ।

ਦੀਵਾਨ ਵਿਚ ਬੈਠੇ ਸਿੰਘ ਸਭੀਏ ਭਰਾ ਦੀ ਵਾਸ਼ਨਾ ਉਸ ਨੂੰ ਫੁੱਲਾਂ ਸਮਾਨ ਜਾਪਦੀ ਹੈ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਵਿਚ ਨਾ ਹੁੱਕੇ ਵਾਲਾ ਆਵੇ*
*ਸਭਾ ਦੇ ਵਿਚ ਰੰਗ ਵੀਰ ਦਾ*
*ਸਾਨੂੰ ਵਾਸ਼ਨਾ ਫੁੱਲਾਂ ਦੀ ਆਵੇ*
*ਸਭਾ ਦੇ ਵਿਚ ਰੰਗ ਵੀਰ ਦਾ*

ਆਜ਼ਾਦੀ ਲਹਿਰ ਬਾਰੇ ਵੀ ਪੰਜਾਬ ਦੀ ਮੁਟਿਆਰ ਚੇਤੰਨ ਹੈ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਸਿਰ 'ਤੇ ਟੋਕਰਾ ਨਰੰਗੀਆਂ ਦਾ*
*ਕਿੱਥੇ ਰੱਖਾਂ ਵੇ ਕਿੱਥੇ ਰੱਖਾਂ ਵੇ*
*ਰਾਜ ਫਰੰਗੀਆਂ ਦਾ*
*ਕਿੱਥੇ ਰੱਖਾਂ ਵੇ...*

ਸਮਾਜਕ ਅਤੇ ਰਾਜਸੀ ਚੇਤਨਾ ਵਾਲੇ ਗੀਤਾਂ ਤੋਂ ਇਲਾਵਾ ਮੇਲਣਾ ਹਾਸੇ-ਠੱਠੇ ਦਾ ਮਾਹੌਲ ਪੈਦਾ ਕਰਨ ਲਈ ਨਸੰਗ ਹੋ ਕੇ ਰੁਮਾਂਚਕ ਗੀਤ ਵੀ ਗਾਉਂਦੀਆਂ ਤੇ ਇਕ ਦੂਜੀ ਨਾਲ ਨੋਕ-ਝੋਕ ਵੀ ਕਰਦੀਆਂ ਹਨ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਚੱਕ ਲਿਆ ਬਜ਼ਾਰ ਵਿੱਚੋਂ ਥਾਲ਼ੀ*
*ਤੈਂ ਕੀ ਸ਼ੇਰ ਮਾਰਨਾ*
*ਤੇਰੇ ਬਾਪ ਨੇ ਬਿੱਲੀ ਨਾ ਮਾਰੀ*
*ਤੈਂ ਕੀ ਸ਼ੇਰ ਮਾਰਨਾ...*

ਜੋਬਨ ਮੱਤੀਆਂ ਸਰੂ ਕੱਦ ਸ਼ੌਕੀਨ ਮੇਲਣਾਂ ਦੇ ਬਣ-ਬਣ ਪੈਂਦੇ ਰੂਪ ਦੀ ਝਾਲ ਝੱਲੀ ਨਹੀਂ ਜਾਂਦੀ। ਵੇਖਣ ਵਾਲਿਆਂ ਦੀਆਂ ਅੱਖਾਂ ਚੁੰਧਿਆਂ ਜਾਂਦੀਆਂ ਹਨ। ਉਹ ਆਪਣੇ ਕਾਰਜ ਛੱਡ ਕੇ ਉਨ੍ਹਾਂ ਵੱਲ ਵੇਖਦੇ ਰਹਿੰਦੇ ਹਨ:

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਚੱਕ ਲਿਆ ਬਜ਼ਾਰ ਵਿੱਚੋਂ ਸ਼ੀਸ਼ੀ*
*ਘਗਰੇ ਦਾ ਫੇਰ ਦੇਖ ਕੇ*
*ਥਾਣੇਦਾਰ ਨੇ ਕਚਹਿਰੀ ਬੰਦ ਕੀਤੀ*
*ਘਗਰੇ ਦਾ ਫੇਰ ਦੇਖ ਕੇ...*

ਪੁਰਾਣੇ ਸਮਿਆਂ ਵਿਚ ਪੰਜਾਬੀ ਕਿਸਾਨਾਂ ਦੀ ਆਰਥਿਕ ਹਾਲਤ ਬਹੁਤੀ ਚੰਗੀ ਨਹੀਂ ਸੀ। ਆਰਥਿਕ ਮੰਦਹਾਲੀ ਕਾਰਨ ਉਹ ਆਪਣੀਆਂ ਧੀਆਂ ਦੇ ਵਿਆਹ ਤਾਂ ਨਿੱਕੀ ਉਮਰ ਵਿਚ ਕਰ ਦਿੰਦੇ ਸਨ। ਪਰੰਤੂ ਮੁਕਲਾਵਾ ਤੋਰਨ ਵਿਚ ਕਾਫ਼ੀ ਸਮਾਂ ਲੰਘਾ ਦਿੰਦੇ ਜਿਸ ਕਾਰਨ ਵਿਆਹੀਆਂ ਮੁਟਿਆਰਾਂ ਦੇ ਚਾਅ ਮਧੋਲੇ ਜਾਂਦੇ। ਉਨ੍ਹਾਂ ਦੀਆਂ ਦਬੀਆਂ ਭਾਵਨਾਵਾਂ ਨੂੰ ਮੇਲਣਾਂ ਵਿਅੰਗ ਦੇ ਰੂਪ ਵਿਚ ਪ੍ਰਗਟਾਉਂਦੀਆਂ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਚਕ ਲਿਆ ਬਜ਼ਾਰ ਵਿੱਚੋਂ ਚਾਦੀ*
*ਤੇਰੇ ਨਾਲੋਂ ਬਾਂਦਰੀ ਚੰਗੀ*
*ਜਿਹੜੀ ਨਿਤ ਮੁਕਲਾਵੇ ਜਾਂਦੀ*
*ਤੇਰੇ ਨਾਲੋਂ ਬਾਂਦਰੀ ਚੰਗੀ...*

ਰੁਮਾਂਚਕ ਗੀਤਾਂ ਤੋਂ ਇਲਾਵਾਂ ਮੇਲਣਾਂ ਹੋਰਨਾਂ ਵਿਸ਼ਿਆਂ 'ਤੇ ਵੀ ਹਾਸਾ ਪੈਦਾ ਕਰਨ ਵਾਲੇ ਗੀਤ ਗਾਉਂਦੀਆਂ। ਕਿਧਰੇ ਬੁੜ੍ਹੇ-ਬੁੜ੍ਹੀ ਦੀ ਦੁਰਦਸ਼ਾ ਦਾ ਵਰਨਣ ਹੈ, ਕਿਧਰੇ ਸੱਸਾਂ ਦੇ ਚਾਲੂ ਹੋਣ ਦਾ, ਕਿਧਰੇ ਹਾਣੀ ਨੂੰ ਕੇਸਾਂ ਤੋਂ ਫੜਨ ਦਾ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਚਕ ਲਿਆ ਬਜ਼ਾਰ ਵਿੱਚੋਂ ਪਾਵੇ*
*ਤੂੜੀ ਵਾਲੇ ਅੱਗ ਲੱਗ ਗੀ*
*ਬੁੜ੍ਹਾ-ਬੁੜ੍ਹੀ ਨੂੰ ਘੜੀਸੀ ਜਾਵੇ...*

ਸਹੁਰੇ ਜਾਂਦੀ ਧੀ ਦੀ ਵਿਲਕਣੀ ਮਾਂ ਦਾ ਹਿਰਦਾ ਵਲੂੰਧਰ ਦਿੰਦੀ ਹੈ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਸੱਚ ਦੇ ਬਚਨਾਂ ਦੀ ਆਰੀ*
*ਆਹ ਲੈ ਮਾਏਂ ਸਾਂਭ ਕੁੰਜੀਆਂ*
*ਧੀਆਂ ਕਰ ਚਲੀਆਂ ਸਰਦਾਰੀ*
*ਆਹ ਲੈ ਮਾਏਂ ਸਾਂਭ ਕੁੰਜੀਆਂ*

ਘਰਾਂ ਨੂੰ ਪਰਤਦੀਆਂ ਹੋਈਆਂ ਮੇਲਣਾਂ ਸਮਾਜ ਵਿਚ ਨੇਕੀ ਖੱਟਣ ਦਾ ਰਾਜ਼ ਵੀ ਸਮਝਾ ਜਾਂਦੀਆਂ ਹਨ :

*ਆਉਂਦੀ ਕੁੜੀਏ ਜਾਂਦੀ ਕੁੜੀਏ*
*ਮੁਰਕੀ ਚੁਰਕੀ ਕੰਨਾਂ ਦੇ ਵਾਲੇ*
*ਬਈ ਨੇਕੀ ਖੱਟ ਜਾਣਗੇ*
*ਮਿੱਠੀਆਂ ਜ਼ਬਾਨਾਂ ਵਾਲੇ*
*ਬੇਈ ਨੇਕੀ ਖੱਟ ਜਾਣਗੇ...*

ਵਿਆਹ ਸਮਾਗਮਾਂ ਵਿਚ ਆਈ ਤਬਦੀਲੀ ਕਾਰਨ ਅੱਜ ਕੱਲ੍ਹ ਵਿਆਹ ਵਿਚ ਸ਼ਰੀਕ ਹੋਈਆਂ ਮੇਲਣਾਂ ਨੂੰ ਇਹ ਗੀਤ ਗਾਉਣ ਦਾ ਅਵਸਰ ਹੀ ਪ੍ਰਾਪਤ ਨਹੀਂ ਹੁੰਦਾ ਜਿਸ ਕਰਕੇ ਇਨ੍ਹਾਂ ਦੀ ਸਿਰਜਣ ਪ੍ਰਕਿਰਿਆ ਵੀ ਸਮਾਪਤ ਹੋ ਗਈ ਹੈ। ਇਹ ਸੈਂਕੜਿਆਂ ਦੀ ਗਿਣਤੀ ਵਿਚ ਉਪਲੱਬਧ ਹਨ। ਇਨ੍ਹਾਂ ਨੂੰ ਸਾਂਭਣ ਦੀ ਫ਼ੌਰੀ ਲੋੜ ਹੈ। ਇਹ ਪੰਜਾਬੀ ਲੋਕ ਸਾਹਿਤ ਦਾ ਅਨਿਖੜਵਾਂ ਅੰਗ ਹਨ। •

94630-34472

**ਮੇਲਣਾਂ**

*ਵਿਆਹ ਸਮਾਗਮਾਂ ਵਿਚ ਆਈ ਤਬਦੀਲੀ ਕਾਰਨ ਅੱਜ ਕੱਲ੍ਹ ਵਿਆਹ ਵਿਚ ਸ਼ਰੀਕ ਹੋਈਆਂ ਮੇਲਣਾਂ ਨੂੰ ਇਹ ਗੀਤ ਗਾਉਣ ਦਾ ਅਵਸਰ ਹੀ ਪ੍ਰਾਪਤ ਨਹੀਂ ਹੁੰਦਾ। ਇਸ ਕਰਕੇ ਇਨ੍ਹਾਂ ਦੀ ਸਿਰਜਣ ਪ੍ਰਕਿਰਿਆ ਵੀ ਸਮਾਪਤ ਹੋ ਗਈ ਹੈ। ਬੇਸ਼ੱਕ ਇਹ ਸੈਂਕੜਿਆਂ ਦੀ ਗਿਣਤੀ ਵਿਚ ਉਪਲੱਬਧ ਹਨ। ਇਨ੍ਹਾਂ ਨੂੰ ਸਾਂਭਣ ਦੀ ਫੌਰੀ ਲੋੜ ਹੈ।*



---

ਕੈਲਾਸ਼ ਚੰਦਰ ਸ਼ਰਮਾ



# ਤਿੜਕਣ ਲੱਗੇ ਜਦੋਂ ਪਤੀ- ਪਤਨੀ ਦਾ ਰਿਸ਼ਤਾ

ਮਨੁੱਖ ਇਕ ਅਜਿਹਾ ਜੀਵ ਹੈ ਜੋ ਸਵਰਗ-ਨਰਕ ਦੀਆਂ ਧਾਰਨਾਵਾਂ ਵਿਚ ਬੱਝਿਆ ਹੋਇਆ ਹੈ। ਇਸ ਧਰਤੀ ਉੱਪਰ ਰਹਿਣ ਵਾਲੇ ਜੀਵਾਂ ਨੂੰ ਜਦੋਂ ਆਪਣੇ ਕਾਰਜਾਂ ਵਿਚ ਖ਼ੁਸ਼ੀ ਅਤੇ ਅਨੰਦ ਮਿਲਦਾ ਹੈ ਤਾਂ ਉਨ੍ਹਾਂ ਦਾ ਜੀਵਨ ਸਵਰਗ ਦੀ ਨਿਆਈਂ ਹੈ ਅਤੇ ਜਦੋਂ ਵਿਅਕਤੀ ਆਪਣੇ ਜੀਵਨ ਵਿਚ ਡਰ, ਪਛਤਾਵਾ ਅਤੇ ਚਿੰਤਾ ਨਾਲ ਸਦਾ ਗ੍ਰਸਤ ਰਹਿੰਦਾ ਹੈ ਤਾਂ ਉਹ ਨਰਕ ਵਰਗਾ ਜੀਵਨ ਬਤੀਤ ਕਰਦਾ ਹੈ। ਰਿਸ਼ਤੇ ਜ਼ਿੰਦਗੀ ਦੇ ਖ਼ੂਬਸੂਰਤ ਪਲਾਂ ਦਾ ਅਨੰਦ ਮਾਣਨ ਲਈ ਅਹਿਮ ਰੋਲ ਅਦਾ ਕਰਦੇ ਹਨ ਭਾਵੇਂ ਇਹ ਜਨਮ ਤੋਂ ਜੁੜੇ ਹੋਣ ਜਾਂ ਆਪ ਹੀ ਜੋੜੇ ਹੋਣ। ਇਨ੍ਹਾਂ ਰਿਸ਼ਤਿਆਂ ਤੋਂ ਸਦੀਵੀ ਖ਼ੁਸ਼ੀ ਪ੍ਰਾਪਤ ਕਰਨ ਲਈ ਵਿਸ਼ਵਾਸ ਅਹਿਮ ਰੋਲ ਅਦਾ ਕਰਦਾ ਹੈ ਕਿਉਂਕਿ ਵਿਸ਼ਵਾਸ ਅਜਿਹੀ ਅਨਮੋਲ ਦਵਾਈ ਹੈ ਜੋ ਮਨਾਂ ਵਿਚ ਉਪਜੀ ਸ਼ੰਸ਼ੋਪੰਜ ਨੂੰ ਖ਼ਤਮ ਕਰ ਕੇ ਇਨ੍ਹਾਂ ਵਿਚ ਸਥਿਰਤਾ ਨੂੰ ਸ਼ਾਮਲ ਕਰਦਾ ਹੈ।

## ਨਫ਼ਰਤ

ਆਮ ਤੌਰ 'ਤੇ ਵੇਖਿਆ ਗਿਆ ਹੈ ਕਿ ਪਤੀ-ਪਤਨੀ ਦੇ ਰਿਸ਼ਤੇ ਉਦੋਂ ਤਿੜਕਣ ਲੱਗਦੇ ਹਨ ਜਦੋਂ ਦੋਵਾਂ ਵਿਚ 'ਉਹ' ਆ ਜਾਵੇ। 'ਉਹ' ਕੋਈ ਵੀ ਹੋ ਸਕਦਾ ਹੈ, ਲੜਕੇ ਦੇ ਮਾਂ-ਬਾਪ, ਭੈਣ-ਭਰਾ, ਲੜਕੀ ਦੇ ਮਾਂ-ਬਾਪ, ਭੈਣ-ਭਰਾ ਜਾਂ ਕੋਈ ਦੋਸਤ ਜਾਂ ਕੋਈ ਹੋਰ ਰਿਸ਼ਤੇਦਾਰ। ਜਿੱਥੇ ਪਤੀ-ਪਤਨੀ ਦੇ ਆਪਸੀ ਤਾਲਮੇਲ ਨੂੰ 'ਉਹ' ਪ੍ਰਭਾਵਿਤ ਨਾ ਕਰ ਸਕੇ ਉੱਥੇ ਦੋਵਾਂ ਦਾ ਰਿਸ਼ਤਾ ਸੋਨ-ਸੁਨਹਿਰੀ ਬਣਿਆ ਰਹਿੰਦਾ ਹੈ ਨਹੀਂ ਤਾਂ ਨਰਕ ਬਣ ਜਾਂਦਾ ਹੈ। 'ਉਹ' ਕੇਵਲ ਉਦੋਂ ਹੀ ਪਤੀ-ਪਤਨੀ ਦੇ ਰਿਸ਼ਤੇ ਨੂੰ ਪ੍ਰਭਾਵਿਤ ਕਰਦਾ ਹੈ ਜਦੋਂ ਪਤੀ-ਪਤਨੀ ਵਿਚ ਵਿਸ਼ਵਾਸ ਦੀ ਕਮੀ ਹੋਵੇ। ਕਹਿੰਦੇ ਹਨ ਕਿ ਇਕ ਵਾਰ ਕਿਸੇ ਲੜਕੀ ਨੇ ਬੇਟੇ ਨੂੰ ਜਨਮ ਦਿੱਤਾ। ਘਰ ਵਿਚ ਖ਼ੁਸ਼ੀਆਂ ਦੀ ਚਹਿਲ-ਪਹਿਲ ਸੀ। ਅਚਾਨਕ ਲੜਕੀ ਦੀ ਕਿਸੇ ਸਹੇਲੀ ਨੇ ਉਸ ਨੂੰ ਪੁੱਛਿਆ ਕਿ ਉਸ ਦੇ ਪਤੀ ਨੇ ਇਸ ਦੇ ਇਵਜ਼ ਵਿਚ ਉਸ ਨੂੰ ਕੀ ਤੋਹਫ਼ਾ ਦਿੱਤਾ ਹੈ। ਜਦੋਂ ਜਵਾਬ ਨਾਂਹ ਵਿਚ ਮਿਲਿਆ ਤਾਂ ਤੁਰੰਤ ਉਸ ਨੂੰ ਕਿਹਾ, 'ਇਸ ਦਾ ਅਰਥ ਹੈ ਕਿ ਤੇਰੇ ਪਤੀ ਦੀ ਨਜ਼ਰ ਵਿਚ ਤੇਰੀ ਕੋਈ ਕੀਮਤ ਨਹੀਂ।' ਇਸ ਗੱਲ ਨੇ ਲੜਕੀ ਦੇ ਮਨ ਵਿਚ ਪਤੀ ਪ੍ਰਤੀ ਨਫ਼ਰਤ ਪਾ ਦਿੱਤੀ ਤੇ ਆਖ਼ਰ ਉਨ੍ਹਾਂ ਦਾ ਹੱਸਦਾ-ਵੱਸਦਾ ਘਰ ਬਰਬਾਦ ਹੋ ਗਿਆ। ਜੇਕਰ ਪਤਨੀ ਸਮਝ ਜਾਂਦੀ ਕਿ ਬੱਚਾ ਕੇਵਲ ਉਸ ਦਾ ਜਾਂ ਉਸ ਦੇ ਪਤੀ ਦਾ ਹੀ ਨਹੀਂ ਬਲਕਿ ਦੋਵਾਂ ਦਾ ਹੈ।

## ਵਿਕਾਸ ਵਿਚ ਰੋੜਾ

ਪਤੀ-ਪਤਨੀ ਦੇ ਮਨ-ਮਟਾਵ ਦਾ ਸਭ ਤੋਂ ਜ਼ਿਆਦਾ ਅਸਰ ਉਨ੍ਹਾਂ ਦੇ ਬੱਚਿਆਂ ਦੇ ਪਾਲਣ-ਪੋਸ਼ਣ 'ਤੇ ਪੈਂਦਾ ਹੈ। ਅਕਸਰ ਅਸੀਂ ਸੋਚ ਲੈਂਦੇ ਹਾਂ ਕਿ ਬੱਚੇ ਨੂੰ ਕਿਸੇ ਗੱਲ ਦੀ ਸਮਝ ਨਹੀਂ ਹੁੰਦੀ ਪਰ ਬੱਚਾ ਕੇਵਲ ਬੋਲਦਾ ਨਹੀਂ ਸਮਝਦਾ ਸਭ ਕੁਝ ਹੈ। ਬੱਚੇ ਦੀ ਇਸ ਉਮਰ ਵਿਚ ਬੀਤੀਆਂ ਘਟਨਾਵਾਂ ਉਸ ਦੀਆਂ ਯਾਦਾਂ ਦਾ ਇਕ ਅਹਿਮ ਹਿੱਸਾ ਬਣ ਜਾਂਦੀਆਂ ਹਨ। ਪਰਿਵਾਰ ਵਿਚ ਬੋਲੀ ਜਾਂਦੀ ਮੰਦੀ ਭਾਸ਼ਾ ਤੇ ਮਾਰ ਕੁਟਾਈ ਦਾ ਅਸਰ ਬੱਚਿਆਂ ਉੱਪਰ ਅਜਿਹਾ ਪ੍ਰਭਾਵ ਛੱਡ ਜਾਂਦੇ ਹਨ ਜੋ ਬੱਚਿਆਂ ਦੀ ਸ਼ਖ਼ਸੀਅਤ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੇ ਹਨ। ਅਕਸਰ ਬੱਚੇ ਘਰ ਵਿਚ ਜ਼ਿਆਦਾ ਸਮਾਂ ਆਪਣੇ ਮਾਂ-ਬਾਪ ਨਾਲ ਗੁਜ਼ਾਰਨਾ ਚਾਹੁੰਦੇ ਹਨ ਜਿਸ ਨਾਲ ਉਨ੍ਹਾਂ ਦੇ ਚਿਹਰਿਆਂ 'ਤੇ ਸਦਾ ਖ਼ੁਸ਼ੀ ਚਹਿਕਦੀ ਰਹਿੰਦੀ ਹੈ ਪਰ ਉਹ ਸਮਾਂ ਬਹੁਤ ਦੁਖਦਾਈ ਹੁੰਦਾ ਹੈ ਜਦੋਂ ਪਤੀ-ਪਤਨੀ ਇਕ-ਦੂਜੇ ਨਾਲ ਕਈ-ਕਈ ਦਿਨ ਗੱਲ ਹੀ ਨਹੀਂ ਕਰਦੇ ਜਾਂ ਗਾਲ੍ਹੀ-ਗਲੋਚ ਕਰਦੇ ਹਨ। ਇਸ ਨਾਲ ਬੱਚਿਆਂ ਅੰਦਰ ਡਰ ਅਤੇ ਸਹਿਮ ਪਸੇਰਾ ਕਰ ਲੈਂਦੇ ਹਨ ਜੋ ਉਨ੍ਹਾਂ ਦੀ ਸ਼ਖ਼ਸੀਅਤ ਦੇ ਸੰਤੁਲਿਤ ਵਿਕਾਸ ਵਿਚ ਰੋੜਾ ਬਣਦੇ ਹਨ ਅਤੇ ਘਰ ਨਰਕ ਬਣਦਿਆਂ ਦੇਰ ਨਹੀਂ ਲੱਗਦੀ। ਮਾਪਿਆਂ ਨੂੰ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਅਸਲ ਪੂੰਜੀ ਉਨ੍ਹਾਂ ਦੀ ਔਲਾਦ ਹੁੰਦੀ ਹੈ। ਇਸ ਲਈ ਜ਼ਰੂਰੀ ਹੈ ਕਿ ਇਕ-ਦੂਸਰੇ ਦੇ ਵਿਚਾਰਾਂ ਨੂੰ ਅਹਿਮੀਅਤ ਦੇਈਏ ਕਿਉਂਕਿ ਮਹੱਤਵ ਵਿਚ ਕੋਈ ਵੀ ਘੱਟ ਨਹੀਂ ਹੁੰਦਾ। ਕਦੇ ਵੀ ਆਪਣੀ ਨਰਾਜ਼ਗੀ ਨੂੰ ਲੰਬੇ ਸਮੇਂ ਤਕ ਨਾ ਚੱਲਣ ਦੇਈਏ। ਆਪਣੇ ਅੰਦਰ ਦੀ ਹਉਮੈ ਤੇ ਵਖਰੇਵੇਂ ਵਾਲੇ ਵਿਚਾਰਾਂ 'ਤੇ ਕਦੇ ਵੀ ਬੁਰਿਆਈ ਦੀ ਧੁੰਦ ਨਾ ਜੰਮਣ ਦਿਉ। •

80540-16816

**ਸੋਚਣ ਸ਼ਕਤੀ**

*ਕੁਦਰਤ ਨੇ ਹਰ ਵਿਅਕਤੀ ਨੂੰ ਸੋਚਣ ਸ਼ਕਤੀ ਦਿੱਤੀ ਹੈ ਪਰ ਫ਼ਰਕ ਸੋਚਣ ਵਿਚ ਹੈ। ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਬਾਖ਼ੂਬੀ ਨਿਭਾਓ। ਜੇਕਰ ਕਿਸੇ ਕੋਲੋਂ ਕੋਈ ਗ਼ਲਤੀ ਹੋ ਗਈ ਹੋਵੇ ਤਾਂ ਇਕ-ਦੂਸਰੇ ਨੂੰ ਬੁਰਾ-ਭਲਾ ਕਹਿਣ ਦੀ ਥਾਂ ਸੁਧਾਰਨ ਦੀ ਕੋਸ਼ਿਸ਼ ਕਰੋ। ਸ਼ੱਕ ਰੋਗ ਤੋਂ ਬਚਣ ਦੀ ਕੋਸ਼ਿਸ਼ ਕਰੋ। ਜੇ ਇਹ ਨੇੜੇ-ਤੇੜੇ ਵੀ ਫੜਕਣ ਲੱਗੇ ਤਾਂ ਮਨ ਵਿਚ ਜੋ ਹੈ ਸਾਫ਼-ਸਾਫ਼ ਕਹਿ ਦੇਣਾ ਚਾਹੀਦਾ ਹੈ ਕਿਉਂਕਿ ਸੱਚ ਬੋਲਣ 'ਤੇ ਫ਼ੈਸਲੇ ਹੁੰਦੇ ਹਨ ਪਰ ਝੂਠ ਬੋਲਣ ਨਾਲ ਫ਼ਾਸਲੇ ਵਧਦੇ ਹਨ। ਜੇਕਰ ਆਪਣੀ ਹਉਮੈ ਨੂੰ ਬਰਕਰਾਰ ਰੱਖਾਂਗੇ ਤਾਂ ਇਹ ਰਿਸ਼ਤਾ ਤਾਰ-ਤਾਰ ਹੁੰਦਿਆਂ ਵੀ ਦੇਰ ਨਹੀਂ ਲੱਗਦੀ। ਆਚਾਰੀਆ ਚਾਣਕਿਆ ਅਨੁਸਾਰ ਜਿਸ ਵਿਅਕਤੀ ਦਾ ਪਤਨੀ ਨਾਲ ਵਿਚਾਰਕ ਅਤੇ ਭਾਵਨਾਤਮਿਕ ਤਾਲਮੇਲ ਰਹਿੰਦਾ ਹੈ ਉਸ ਲਈ ਇਹ ਸੰਸਾਰ ਸਵਰਗ ਹੁੰਦਾ ਹੈ ਪਰ ਕਿਸੇ ਪੁਰਸ਼ ਦੇ ਜੀਵਨ 'ਚ ਪਤਨੀ ਹੋਣ ਤੋਂ ਬਾਅਦ ਵੀ ਉਸ ਤੋਂ ਕਿਸੇ ਤਰ੍ਹਾਂ ਦਾ ਸੁੱਖ ਤੇ ਸਹਿਯੋਗ ਨਾ ਮਿਲੇ ਤੇ ਜਿਸ ਔਰਤ ਦੇ ਜੀਵਨ 'ਚ ਪਤੀ ਹੋਣ ਤੋਂ ਬਾਅਦ ਵੀ ਉਸ ਤੋਂ ਕਿਸੇ ਤਰ੍ਹਾਂ ਦਾ ਸੁੱਖ ਅਤੇ ਸੁਰੱਖਿਆ ਨਾ ਮਿਲੇ ਤਾਂ ਅਜਿਹੇ ਲੋਕਾਂ ਦਾ ਜੀਵਨ ਬੇਕਾਰ ਹੁੰਦਾ ਹੈ। ਇਸ ਲਈ ਪਤੀ ਤੇ ਪਤਨੀ ਦਾ ਗੁਣਵਾਨ ਹੋਣਾ ਜ਼ਰੂਰੀ ਹੁੰਦਾ ਹੈ। ਦੋਵਾਂ ਨੂੰ ਆਪਣੇ ਹਿੱਸੇ ਦੀ ਜ਼ਿੰਮੇਵਾਰੀ ਦਾ ਗਿਆਨ ਹੋਣਾ ਚਾਹੀਦਾ ਹੈ। ਇਹ ਸੁੱਖ ਹਰ ਵਿਅਕਤੀ ਦੇ ਜੀਵਨ 'ਚ ਨਹੀਂ ਹੁੰਦਾ। ਇਸ ਲਈ ਸਮਝੌਤਾ ਕਰਨਾ ਸਿੱਖਣਾ ਚਾਹੀਦਾ ਹੈ।*



**ਅਵਿਸ਼ਵਾਸ**

*ਜੇ ਕਿਸੇ ਕਾਰਨ ਇਨ੍ਹਾਂ ਵਿਚਲੀ ਭਰੋਸਗੀ ਖ਼ਤਮ ਹੋ ਜਾਵੇ ਜਾਂ ਸ਼ੰਕਾ ਆਪਣਾ ਪਸਾਰਾ ਕਰ ਲਵੇ ਤਾਂ ਜੀਵਨ ਨਰਕ ਵਾਂਗ ਮਹਿਸੂਸ ਹੋਣ ਲੱਗਦਾ ਹੈ ਕਿਉਂਕਿ ਅਵਿਸ਼ਵਾਸ ਉਸ ਹਲਕੇ ਜ਼ਹਿਰ ਸਮਾਨ ਹੁੰਦਾ ਹੈ ਜੋ ਦਿਮਾਗ਼ 'ਤੇ ਉਲਟ ਪ੍ਰਭਾਵ ਪਾ ਕੇ ਉਸ ਦੀ ਕੁਦਰਤੀ ਸ਼ਕਤੀ ਨੂੰ ਕਮਜ਼ੋਰ ਕਰਦਾ ਹੈ। ਜ਼ਿੰਦਗੀ ਵਿਚ ਹੰਢਾਏ ਜਾਣ ਵਾਲੇ ਰਿਸ਼ਤਿਆਂ ਵਿੱਚੋਂ ਇਕ ਅਹਿਮ ਰਿਸ਼ਤਾ ਹੁੰਦਾ ਹੈ ਪਤੀ-ਪਤਨੀ ਦਾ। ਇਕ-ਦੂਜੇ ਦੇ ਵਿਚਾਰਾਂ ਦੀ ਸਾਂਝ ਤੋਂ ਅਣਜਾਣ ਵੱਖੋ-ਵੱਖਰੇ ਸੰਸਕਾਰਾਂ ਦੇ ਪਾਲਣ-ਪੋਸ਼ਣ ਨਾਲ ਜਵਾਨ ਹੋਏ ਵਿਅਕਤੀਆਂ ਵਿਚ, ਬਿਨਾਂ ਕਿਸੇ ਲਿਖਤ-ਪੜ੍ਹਤ ਦੇ ਵਿਆਹ ਰੂਪੀ ਸਮਾਗਮ ਨਾਲ ਸਿਰਜਿਆ ਅਜਿਹਾ ਰਿਸ਼ਤਾ ਹੈ ਜੋ ਕਈ ਸਮਾਜਿਕ ਬੰਧਨਾਂ ਨਾਲ ਬੱਝਾ ਹੋਇਆ ਹੈ। ਸਮਾਜ ਨੇ ਪਤੀ ਅਤੇ ਪਤਨੀ ਦੋਵਾਂ ਲਈ ਹੱਕ ਅਤੇ ਜ਼ਿੰਮੇਵਾਰੀਆਂ ਨਿਸ਼ਚਤ ਕੀਤੀਆਂ ਹਨ।*

---

ਜਸਪ੍ਰੀਤ ਕੌਰ ਸੰਘਾ

# ਜੁੱਤੀ ਖੱਲ ਦੀ ਮਰੋੜਾ ਨਹੀਂ ਝੱਲਦੀ

ਸ਼ੈਕਸਪੀਅਰ ਦਾ ਕਥਨ ਹੈ, 'ਪਹਿਰਾਵਾ ਆਦਮੀ ਦੀ ਸ਼ਖ਼ਸੀਅਤ ਦਾ ਪ੍ਰਤੀਕ ਹੈ।' ਜੁੱਤੀ ਨਾਲ ਹੀ ਇਨਸਾਨ ਦਾ ਪਹਿਰਾਵਾ ਪੂਰਨ ਸਮਝਿਆ ਜਾਂਦਾ ਹੈ। ਇਹ ਇਨਸਾਨ ਦੇ ਪਹਿਰਾਵੇ ਦਾ ਜ਼ਰੂਰੀ ਹਿੱਸਾ ਹੈ। ਇਨਸਾਨ ਦੇ ਪੈਰ ਦੀ ਜੁੱਤੀ ਤੋਂ ਹੀ ਉਸ ਦੀ ਸੂਝ-ਬੂਝ ਅਤੇ ਸੁਭਾਅ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਪੰਜਾਬਣ ਦੀ ਤੋਰ ਦੀ ਸਿਫ਼ਤ ਜਿੱਥੇ ਹੁੰਦੀ ਹੈ ਉੱਥੇ ਹੀ ਪੰਜਾਬੀ ਜੁੱਤੀ ਦੀ ਗੱਲ ਵੀ ਹੁੰਦੀ ਹੈ। ਲੋਕ ਗੀਤਾਂ ਵਿਚ ਇਸ ਦਾ ਵਰਨਣ ਬਾਖ਼ੂਬੀ ਮਿਲਦਾ ਹੈ :

*ਜੁੱਤੀ ਖੱਲ ਦੀ*
*ਮਰੋੜਾ ਨਹੀਂ ਝੱਲਦੀ*
*ਤੋਰ ਪੰਜਾਬਣ ਦੀ...*

ਇਹ ਜੁੱਤੀਆ ਧੌੜੀ , ਸਾਬਰ , ਕੁਰਮ ਆਦਿ ਚਮੜੇ ਤੋਂ ਤਿਆਰ ਕੀਤੀਆ ਜਾਂਦੀਆ ਹਨ। ਇਹ ਵੱਖ-ਵੱਖ ਨਾਂਵਾ ਤੋਂ ਪ੍ਰਚਲਿੱਤ ਹਨ। ਜਿਸ ਸ਼ਹਿਰ ਦੇ ਕਾਰੀਗਰ ਦਾ ਡਿਜ਼ਾਇਨ ਮਸ਼ਹੂਰ ਹੋ ਗਿਆ ਉਸੇ ਸ਼ਹਿਰ ਦੇ ਨਾਂ ਨਾਲ ਜੁੱਤੀ ਜਾਣੀ ਜਾਣ ਲੱਗੀ। ਜਿਵੇਂ ਜੋਧਪੁਰੀ ਜੁੱਤੀ, ਕਸੂਰੀ ਜੁੱਤੀ, ਨਾਰੋਵਾਲ ਦੀ ਜੁੱਤੀ ਆਦਿ। ਨਾਰੋਵਾਲ ਦੀ ਜੁੱਤੀ ਦੀ ਪ੍ਰਸ਼ੰਸ਼ਾ ਤਾਂ ਲੋਕ ਗੀਤਾਂ ਵਿਚ ਵੀ ਹੁੰਦੀ ਹੈ :

*ਜੁੱਤੀ ਨਾਰੋਵਾਲ ਦੀ*
*ਸਿਤਾਰਿਆਂ ਜੜੂਤ ਜੜੀ*
*ਤਾਂ ਮੈਂ ਜੀਵਾਂਗੀ ਸੱਜਣਾ*
*ਜੱਤੀ ਹੋਵੇ ਇਹੋ ਜਿਹੀ...*

ਜੁੱਤੀਆਂ ਦੀ ਖ਼ੂਬਸੂਰਤੀ ਨੂੰ ਵਧਾਉਣ ਲਈ ਇਨ੍ਹਾਂ 'ਤੇ ਮੋਤੀ, ਘੁੰਗਰੂ , ਸਿਤਾਰੇ ਆਦਿ ਵੀ ਲਗਾਏ ਜਾਂਦੇ ਹਨ। ਤਿੱਖੀ ਨੋਕ ਵਾਲੀ ਜੁੱਤੀ ਦੀ ਨੋਕ 'ਤੇ ਲੋਗੜੀ ਤੋਂ ਬਣਿਆ ਫੁੱਲ ਲਗਾਇਆ ਜਾਂਦਾ ਹੈ। ਮੁਟਿਆਰ ਅਕਸਰ ਆਪਣੇ ਮਾਹੀ ਨੂੰ ਜੁੱਤੀ ਨੂੰ ਘੁੰਗਰੂ ਲਗਾਕੇ ਦੇਣ ਦੀ ਮੰਗ ਕਰਦੀ ਹੋਈ ਆਖਦੀ ਹੈ :

*ਜੁੱਤੀ ਨੂੰ ਲਵਾ ਦੇ ਘੁੰਗਰੂ*
*ਜੇ ਤੂੰ ਮੇਰੀ ਚਾਲ ਦੇਖਣੀ...*

ਪੰਜਾਬ ਦਾ ਪ੍ਰਸਿੱਧ ਸ਼ਹਿਰ ਪਟਿਆਲਾ ਫੈਸ਼ਨ ਦਾ ਗੜ੍ਹ ਮੰਨਿਆ ਜਾਂਦਾ ਹੈ। ਪਟਿਆਲਾ ਸ਼ਾਹੀ ਪੱਗਾ, ਪਟਿਆਲਾ ਸ਼ਾਹੀ ਸਲਵਾਰਾ, ਪਰਾਂਦੇ, ਰੇਸ਼ਮੀ ਨਾਲਿਆ ਅਤੇ ਪੰਜਾਬੀ ਜੁੱਤੀਆ ਲਈ ਪਟਿਆਲਾ ਸ਼ਹਿਰ ਪ੍ਰਸਿੱਧ ਹੈ। ਇਸ ਦਾ ਵਰਨਣ ਲੋਕ ਗੀਤਾਂ ਵਿਚ ਇਸ ਤਰ੍ਹਾਂ ਮਿਲਦਾ ਹੈ । ਸਾਡੇ ਸਮਾਜ ਦੇ ਰਸਮਾਂ-ਰਿਵਾਜਾਂ ਵਿਚ ਵੀ ਜੁੱਤੀ ਦਾ ਮਹੱਤਵ ਦੇਖਣ ਨੂੰ ਮਿਲਦਾ ਹੈ। ਵਿਆਹ ਦੀ ਮਹੱਤਵਪੂਰਣ ਰਸਮ ਜੁੱਤੀ ਚੁੱਕਣ ਦੀ ਹੁੰਦੀ ਹੈ। ਵਿਆਹ ਦੇ ਮੌਕੇ ਤੇ ਆਨੰਦ ਕਾਰਜ ਦੀ ਰਸਮ ਸਮੇਂ ਸਾਲੀਆਂ ਵੱਲੋਂ ਜੀਜੇ ਦੀ ਜੁੱਤੀ ਚੁੱਕ ਕੇ ਲੁਕਾ ਦਿੱਤੀ ਜਾਂਦੀ ਹੈ। ਜੁੱਤੀ ਦੇ ਬਦਲੇ ਸਾਲੀਆਂ ਸ਼ਗਨ ਦੀ ਮੰਗ ਕਰਦੀਆਂ ਹਨ। ਇਸ ਰਸਮ ਨਾਲ ਵਿਆਹ ਦਾ ਮਾਹੌਲ ਹੋਰ ਖ਼ੁਸ਼ਗਵਾਰ ਹੋ ਜਾਂਦਾ ਹੈ। ਜੀਜੇ ਅਤੇ ਸਾਲੀਆਂ ਵਿਚਕਾਰ ਹਾਸਾ ਮਾਖੌਲ ਹੁੰਦਾ ਹੈ ਤੇ ਜੀਜੇ ਦੁਆਰਾ ਸਾਲੀਆਂ ਨੂੰ ਸ਼ਗਨ ਦਿੱਤੇ ਜਾਣ ਤੋਂ ਬਾਅਦ ਹੀ ਸਾਲੀਆਂ ਜੁੱਤੀ ਵਾਪਸ ਕਰਦੀਆਂ ਹਨ। ਮੁੰਡੇ ਦੇ ਵਿਆਹ 'ਤੇ ਜਦੋਂ ਘੋੜੀਆਂ ਗਾਈਆਂ ਜਾਂਦੀਆਂ ਹਨ ਤਾਂ ਮੁੰਡੇ ਦੇ ਜਾਮੇ, ਕਲਗੀ ਅਤੇ ਸਿਹਰੇ ਦੇ ਨਾਲ-ਨਾਲ ਉਸ ਦੀ ਜੁੱਤੀ ਦੀ ਵੀ ਪ੍ਰਸ਼ੰਸਾ ਕੀਤੀ ਜਾਂਦੀ ਹੈ। ਜਿਵੇਂ :

*ਜੁੱਤੀ ਤੇਰੀ ਵੇ ਮੱਲਾ ਸੋਹਣੀ*
*ਵਾਹਵਾ ਜੜੀ ਏ ਤਿਲੇ ਨਾਲ*
*ਕੇਰੀ ਸੋਹਣੀ ਤੇਰੀ ਚਾਲ*
*ਵੇ ਮਾਂ ਦਿਆ ਸੁਰਜਣਾ...*

ਜੁੱਤੀ ਦੇ ਆਧਾਰ 'ਤੇ ਹੀ ਵਿਅਕਤੀ ਦੀ ਆਰਥਿਕ ਸਥਿਤੀ ਦਾ ਅੰਦਾਜ਼ਾ ਵੀ ਲੱਗਾ ਲਿਆ ਜਾਂਦਾ ਹੈ। ਮਖ਼ਮਲ ਦੀ ਜੁੱਤੀ ਰੱਜਦੇ-ਪੁੱਜਦੇ ਘਰ ਦੀ ਨਿਸ਼ਾਨੀ ਮੰਨੀ ਜਾਂਦੀ ਹੈ। ਮਖ਼ਮਲ ਦੀ ਜੁੱਤੀ ਪਾਉਣਾ ਗ਼ਰੀਬ ਦੇ ਵੱਸ ਦੀ ਗੱਲ ਨਹੀ ਹੈ। ਇਸੇ ਲਈ ਤਾਂ ਮੁਟਿਆਰ ਆਪਣੇ ਮਾਹੀ ਨੂੰ ਨੌਕਰੀ ਕਰ ਕੇ ਪੈਸੇ ਕਮਾਉਣ ਲਈ ਆਖਦੀ ਹੈ ਤਾਂ ਕਿ ਉਹ ਮਖ਼ਮਲ ਦੀ ਜੁੱਤੀ ਖ਼ਰੀਦ ਸਕੇ :

*ਮਖ਼ਮਲ ਦੀ ਜੁੱਤੀ ਪੈਰਾਂ ਨੂੰ ਨਾ ਜੁੜਦੀ*
*ਚੰਮ ਦੀ ਜੁੱਤੀ ਸਾਡੇ ਪਾਵੇ ਛਾਲੇ*
*ਨੌਕਰ ਜਾਹ ਮੁੰਡਿਆ*
*ਕਮਾ ਲਿਆ ਤਾਲੇ...*

ਸੋਹਣੀ ਜੁੱਤੀ ਜਿੱਥੇ ਮੁਟਿਆਰ ਦੀ ਖ਼ੂਬਸੂਰਤੀ ਨੂੰ ਚਾਰ ਚੰਦ ਲਗਾਉਂਦੀ ਹੈ ਉੱਥੇ ਹੀ ਜੇਕਰ ਜੁੱਤੀ ਸਹੀ ਨਾਪ ਦੀ ਨਾ ਹੋਵੇ, ਪੈਰ ਵਿਚ ਤੰਗ ਹੋਵੇ ਤਾਂ ਅਜਿਹੀ ਜੁੱਤੀ ਤਕਲੀਫ਼ ਵੀ ਬਹੁਤ ਦਿੰਦੀ ਹੈ। ਅਜਿਹੀ ਜੁੱਤੀ ਪਾ ਕੇ ਤੁਰਨਾ ਬਹੁਤ ਹੀ ਤਕਲੀਫ਼ ਦੇਹ ਹੁੰਦਾ ਹੈ। ਲੋਕ ਗੀਤ ਵੀ ਅਜਿਹੀ ਸਥਿਤੀ ਦਾ ਵਰਨਣ ਬਾਖ਼ੂਬੀ ਕਰਦੇ ਹਨ :

*ਜੁੱਤੀ ਕਸੂਰੀ ਪੈਰੀਂ ਨਾ ਪੂਰੀ*
*ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ*
*ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ*
*ਉਨ੍ਹੀ ਰਾਹੀਂ ਵੇ ਸਾਨੂੰ ਤੁਰਨਾ ਪਿਆ...*

ਜਦੋਂ ਮੁਟਿਆਰਾਂ ਇਕੱਠੀਆਂ ਹੋ ਕੇ ਗਿੱਧਾ ਪਾਉਂਦੀਆਂ ਹਨ ਤਾਂ ਉਹ ਬੜ੍ਹੇ ਸ਼ੌਕ ਨਾਲ ਬੋਲੀ ਪਾਉਂਦੀਆਂ ਹਨ :

*ਤੇਰੀ ਮਾਂ ਬੜੀ ਕੁਪੱਤੀ*
*ਮੈਨੂੰ ਪਾਉਣ ਨਾ ਦੇਵੇ ਜੁੱਤੀ*
*ਮੈਂ ਵੀ ਜੁੱਤੀ ਪਾਉਣੀ ਆ*
*ਮੁੰਡਿਆ ਰਾਜ਼ੀ ਰਹਿ ਜਾਂ ਗੁੱਸੇ*
*ਮੈਂ ਤੇਰੀ ਮਾਂ ਖੜ੍ਹਕਾਉਣੀ ਆ...*

ਇਕ ਸਮਾਂ ਸੀ ਜਦੋਂ ਹਰ ਪਿੰਡ ਵਿਚ ਜੁੱਤੀਆਂ ਬਣਾਉਣ ਵਾਲੇ ਕਾਰੀਗਰ ਹੁੰਦੇ ਸਨ ਜੋ ਬੜੀ ਮਿਹਨਤ ਨਾਲ ਹੱਥੀ ਜੁੱਤੀਆਂ ਤਿਆਰ ਕਰਦੇ ਸਨ। ਇਹ ਜੁੱਤੀਆਂ ਵੇਖਣ ਨੂੰ ਜਿੰਨੀਆਂ ਸੋਹਣੀਆਂ ਹੁੰਦੀਆਂ ਸਨ ਉਨੀਆਂ ਹੀ ਮਜ਼ਬੂਤ ਹੁੰਦੀਆਂ ਸਨ ਪਰ ਅੱਜ ਦੇ ਮਸ਼ੀਨੀ ਯੁੱਗ ਵਿਚ ਜੁੱਤੀਆਂ ਬਣਾਉਣ ਦਾ ਕੰਮ ਮਸ਼ੀਨਾ ਰਾਹੀ ਹੋਣ ਲੱਗ ਪਿਆ ਹੈ। ਜਿਸ ਕਾਰਨ ਕਾਰੀਗਰਾਂ ਦਾ ਕੰਮ ਠੱਪ ਹੋ ਗਿਆ ਹੈ। ਬਾਜ਼ਾਰ ਵਿਚ ਅਨੇਕਾ ਚੱਪਲ, ਸੈਂਡਲ, ਸਲੀਪਰ ਆਦਿ ਵੇਖਣ ਨੂੰ ਮਿਲਦੇ ਹਨ ਪਰ ਜੋ ਸਰਦਾਰੀ ਪੰਜਾਬੀ ਜੁੱਤੀ ਦੀ ਹੈ ਉਹ ਕਿਸੇ ਹੋਰ ਦੀ ਨਹੀ ਹੋ ਸਕਦੀ। ਪੰਜਾਬੀਆਂ ਦੇ ਜੀਵਨ ਵਿਚ ਪੰਜਾਬੀ ਜੁੱਤੀ ਦੀ ਜਗ੍ਹਾ ਹੋਰ ਕੋਈ ਨਹੀ ਲੈ ਸਕਦਾ। •

99150 - 33176

**ਪੁਸ਼ਾਕ ਦਾ ਹਿੱਸਾ**

*ਪੰਜਾਬੀ ਜੁੱਤੀ ਪਰੰਪਰਾਗਤ ਰੂਪ ਵਿਚ ਚਮੜੇ ਤੇ ਸੋਨੇ, ਚਾਂਦੀ ਦੇ ਧਾਗੇ ਨਾਲ ਕਢਾਈ ਕਰ ਕੇ ਬਣਾਈ ਜਾਂਦੀ ਸੀ। ਹਾਲਾਂਕਿ ਅੱਜ ਕੱਲ ਵੱਖ-ਵੱਖ ਤਰ੍ਹਾਂ ਦੀਆਂ ਜੁੱਤੀਆਂ ਉਪਲਬਧ ਹਨ। ਅੰਮ੍ਰਿਤਸਰ, ਪਟਿਆਲਾ ਇਸ ਦੇ ਵਪਾਰਕ ਕੇਂਦਰ ਹਨ। ਬਦਲਦੇ ਸਮੇਂ ਵਿਚ ਇਹ ਜੁੱਤੀ ਵਿਸ਼ੇਸ਼ ਤੌਰ 'ਤੇ ਵਿਆਹ ਵਿਚ, ਰਸਮੀ ਪੋਸ਼ਾਕ ਦਾ ਹਿੱਸਾ ਬਣੀ ਹੋਈ ਹੈ। ਬਿਨਾਂ ਕਢਾਈ ਵਾਲੀ ਜੁੱਤੀ ਪੰਜਾਬ ਵਿਚ ਪੁਰਸ਼ਾਂ ਅਤੇ ਔਰਤਾਂ ਵੱਲੋਂ ਹਰ ਰੋਜ਼ ਇਸਤੇਮਾਲ ਕੀਤੀ ਜਾਂਦੀ ਹੈ। ਇਸ ਨੂੰ ਅਸੀ ਅਸਾਨ ਭਾਸ਼ਾ 'ਚ ਜਲਸਾ ਕਹਿੰਦੇ ਹਾਂ। ਜੋ ਜ਼ਿਆਦਾ ਤਰ ਕਾਲੇ ਰੰਗ ਦਾ ਹੁੰਦੇ ਤੇ ਆਮ ਪਾਇਆ ਜਾਂਦਾ।*





# ਭਾਰਤ ਦੀ ਖੁਸ਼ਹਾਲ ਪਰੰਪਰਾ ਅਤੇ ਸਭਿਆਚਾਰ ਬਣੇਗੀ ਵਿਕਸਿਤ ਭਾਰਤ ਦੀ ਪਹਿਚਾਣ : ਮੁੱਖ ਮੰਤਰੀ



**ਚੰਡੀਗੜ੍ਹ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਅੱਜ ਭਾਰਤ ਪੂਰੀ ਦੁਨੀਆ ਨੂੰ ਸ਼ਾਂਤੀ ਦਾ ਮਾਰਗ ਦਿਖਾ ਰਿਹਾ ਹੈ। ਚਾਹੇ ਕੌਮਾਂਤਰੀ ਕੂਟਨੀਤੀ ਹੋਵੇ, ਵਾਤਾਵਰਣ ਸਰੰਖਣ ਹੋਵੇ ਜਾਂ ਵਿਸ਼ਵ ਮਹਾਮਾਰੀ ਨਾਲ ਲੜਨ ਦਾ ਸੰਕਲਪ, ਭਾਰਤ ਨੇ ਹਮੇਸ਼ਾ ਮਨੁੱਖਤਾ ਦੀ ਭਲਾਈ ਲਈ ਕੰਮ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਦੀ ਇਹੀ ਪਰੰਪਰਾ ਅਤੇ ਸਭਿਆਚਾਰ ਵਿਕਸਿਤ ਭਾਰਤ ਦੀ ਪਹਿਚਾਣ ਹੋਵੇਗੀ।

ਮੁੱਖ ਮੰਤਰੀ ਐਤਵਾਰ ਨੂੰ ਗੁਰੂਗ੍ਰਾਮ ਦੇ ਸੈਕਟਰ 39 ਸਥਿਤ ਅਹਿੰਸਾ ਵਿਸ਼ਵ ਭਾਰਤੀ ਸੰਸਥਾ ਵੱਲੋਂ ਨਵੇਂ ਨਿਰਮਾਣਤ ਵਿਸ਼ਵ ਸ਼ਾਂਤੀ ਕੇਂਦਰ ਦੇ ਉਦਘਾਟਨ ਸਮਾਰੋਹ ਨੂੰ ਸੰਬੋਧਿਤ ਕਰ ਰਹੇ ਸਨ। ਵਿਸ਼ਵ ਸ਼ਾਂਤੀ ਕੇਂਦਰ ਦਾ ਉਦਘਾਟਨ ਭਾਰਤ ਦੇ ਸਾਬਕਾ ਰਾਸ਼ਟਰਪਤੀ ਸ੍ਰੀ ਰਾਮਨਾਥ ਕੋਵਿੰਦ ਵੱਲੋਂ ਕੀਤਾ ਗਿਆ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਉਦਘਾਟਨ ਸਮਾਰੋਹ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਭਾਰਤ ਦਾ ਮਹਾਨ ਸਭਿਆਚਾਰ ਅਤੇ ਪਰੰਪਰਾ ਨੇ ਹਮੇਸ਼ਾ ਸ਼ਾਂਤੀ, ਸ਼ਹਿਨਸ਼ੀਲਤਾ ਅਤੇ ਭਾਈਚਾਰਾ ਦਾ ਸੰਦੇਸ਼ ਦਿੱਤਾ ਹੈ। ਇਹ ਉਹ ਦੇਸ਼ ਹੈ, ਜਿੱਥੇ ਹਰ ਯੁੱਗ ਅਤੇ ਹਰ ਸਮੇਂ ਵਿਚ ਭਗਵਾਨ ਸ੍ਰੀਰਾਮ ਅਤੇ ਯੋਗਰਾਜ ਸ੍ਰੀਕ੍ਰਿਸ਼ਣ ਤੋਂ ਲੈ ਕੇ ਭਗਵਾਨ ਮਹਾਵੀਰ, ਮਹਾਤਮਾ ਬੁੱਧ ਅਤੇ ਗੁਰੂ ਨਾਨਕ ਦੇਵ ਜੀ ਵਰਗੇ ਮਹਾਨ ਆਤਮਾਵਾਂ ਨੇ ਜਨਮ ਲੈ ਕੇ ਆਪਣੇ ਆਪਣੇ ਸਮੇਂ ਵਿਚ ਪੂਰੇ ਮਨੁੱਖ ਸਮਾਜ ਨੂੰ ਸਚਾਈ, ਅਹਿੰਸਾ, ਪ੍ਰੇਮ, ਏਕਤਾ, ਸ਼ਾਂਤੀ, ਭਾਈਚਾਰਾ, ਦਿਆ, ਕਰੁਣਾ, ਪਰੋਪਰਾਕ ਅਤੇ ਮਨੁੱਖਤਾ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਮਨੁੱਖ ਜਾਤੀ ਵਿਚ ਅਮਨ ਚੈਨ ਤੇ ਸ਼ਾਂਤੀ ਦਾ ਵਾਤਾਵਰਣ ਬਨਾਉਣ ਦੇ ਲਈ ਉੱਚੇ ਮਨੁੱਖੀ ਆਦਰਸ਼ਾਂ ਦੀ ਸਥਾਪਨਾ ਕੀਤੀ ਸੀ। ਮੁੱਖ ਮੰਤਰੀ ਨੇ ਕਿਹਾ ਕਿ ਸਾਰੇ ਮਹਾਪੁਰਸ਼ਾਂ ਨੇ ਆਪਣੇ ਪਾਵਨ ਸਿਖਿਆਵਾਂ ਨਾਲ ਮਨੁੱਖ ਜੀਵਨ ਦਾ ਸਹੀ ਮਾਰਗ ਦਿਖਲਾਇਆ। ਉਨ੍ਹਾਂ ਦੀ ਸਿਖਿਆਵਾਂ ਤੇ ਉਪਦੇਸ਼ ਵੀ ਸਮੇਂ ਦੀ ਕਸੌਟੀ 'ਤੇ ਬਿਲਕੁੱਲ ਖਰੇ ਉਤਰਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਸਰਕਾਰ ਵੀ ਸੱਭਕਾ ਸਾਥ-ਸੱਭਕਾ ਵਿਕਾਸ-ਸੱਭਕਾ ਵਿਸ਼ਵਾਸ ਅਤੇ ਸੱਭਕਾ ਪ੍ਰਯਾਸ ਦੀ ਨੀਤੀ ਨਾਲ, ਸਮਾਜ ਦੇ ਹਰ ਵਰਗ ਨੂੰ ਇੱਕਜੁਟ ਕਰ ਇੱਕ ਸਮਰਸ ਸਮਾਜ ਬਨਾਉਣ ਦੀ ਦਿਸ਼ਾ ਵਿਚ ਅੱਗੇ ਵੱਧ ਰਹੀ ਹੈ। ਉਸੀ ਤਰ੍ਹਾ ਅੱਜ ਇਸ ਸੰਸਥਾ ਦਾ ਯਤਨ ਵੀ ਯਕੀਨੀ ਰੂਪ ਨਾਲ ਇਹ ਸੰਦੇਸ਼ ਦਵੇਗਾ ਕਿ ਸ਼ਾਂਤੀ ਸਿਰਫ ਇੱਕ ਆਦਰਸ਼ ਨਹੀਂ, ਸਗੋ ਇੱਕ ਜੀਵਨ ਜੀਣ ਦਾ ਢੰਗ ਹੈ। ਮੁੱਖ ਮੰਤਰੀ ਨੇ ਇਸ ਦੌਰਾਨ ਮੌਜੂਦ ਜਨਤਾ ਨੂੰ ਸਮਾਜ ਵਿਚ ਸ਼ਾਂਤੀ ਅਤੇ ਭਾਈਚਾਰਾ ਨੂੰ ਪ੍ਰੋਤਸਾਹਨ ਦੇਣ ਅਤੇ ਅਹਿੰਸਾ ਨੂੰ ਆਪਣੇ ਜੀਵਨ ਦਾ ਮੂਲ ਮੰਤਰ ਬਨਾਉਣ ਦੀ ਅਪੀਲ ਕੀਤੀ। ਇਸ ਮੌਕੇ 'ਤੇ ਆਯੋਜਕ ਜਨ ਅਚਾਰਿਆ ਡਾ. ਲੋਕੇਸ਼ ਮੁਨੀ ਸਮਤੇ ਹੋਰ ਮਾਣਯੋਗ ਮੌਜੂਦ ਰਹੇ।

# ਨਗਰ ਨਿਗਮ ਵਿਚ ਜਿੱਤ ਦੇ ਬਾਅਦ ਬਣੇਗੀ ਹਰਿਆਣਾ ਵਿਚ ਟ੍ਰਿਪਲ ਇੰਜਨ ਦੀ ਸਰਕਾਰ : ਅਨਿਲ ਵਿਜ



**ਹੁਸ਼ਿਆਰਪੁਰ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਉਰਜਾ, ਟ੍ਰਾਂਸਪੋਰਟ ਅਤੇ ਕਿਰਤ ਮੰਤਰੀ ਸ੍ਰੀ ਅਨਿਲ ਵਿਜ ਨੇ ਕਿਹਾ ਕਿ ਨਗਰ ਨਿਗਮ ਚੋਣ ਵਿਚ ਵੀ ਉਨ੍ਹਾਂ ਦੇ ਸੰਗਠਨ ਦੀ ਜਿੱਤ ਹੋਵੇਗੀ ਅਤੇ ਫਿਰ ਸੂਬੇ ਵਿਚ ਟ੍ਰਿਪਲ ਇੰਜਨ ਦੀ ਸਰਕਾਰ ਬਣੇਗੀ।

ਸ੍ਰੀ ਵਿਜ ਅੱਜ ਅੰਬਾਲਾ ਕੈਂਟ ਵਿਚ ਆਪਣੇ ਪਰਿਵਾਰ ਸਮੇਤ ਵੋਟ ਕਰਨ ਦੇ ਬਾਅਦ ਮੀਡੀਆ ਪਰਸਨਸ ਦੇ ਸੁਆਲਾਂ ਦਾ ਜਵਾਬ ਦੇ ਰਹੇ ਸਨ।

ਉਨ੍ਹਾਂ ਨੇ ਸਾਰੇ ਵੋਟਰਾਂ ਤੋਂ ਵੋਟ ਕਰਨ ਦੀ ਅਪੀਲ ਕਰਦੇ ਹੋਏ ਕਿਹਾ ਕਿ ਸਾਰੇ ਵੋਟਰਾਂ ਨੂੰ ਪ੍ਰਜਾਤੰਤਰ ਦੇ ਸੱਭ ਤੋਂ ਵੱਡੇ ਪਰਵ ਵਿਚ ਹਿੱਸਾ ਲੈਣਾ ਚਾਹੀਦਾ ਹੈ। ਉਨ੍ਹਾਂ ਨੇ ਦਾਵਾ ਕੀਤਾ ਕਿ ਅੱਜ ਹਰਿਆਣਾ ਵਿਚ ਟ੍ਰਿਪਲ ਇੰਜਨ ਦੀ ਸਰਕਾਰ ਬਨਣ ਜਾ ਰਹੀ ਹੈ। ਲੋਕ ਜਾਣਦੇ ਹਨ ਕਿ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਕੇਂਦਰ ਅਤੇ ਸੂਬੇ ਵਿਚ ਹੈ ਅਤੇ ਜੇਕਰ ਨਗਰ ਨਿਗਮ ਵਿਚ ਵੀ ਭਾਜਪਾ ਦੀ ਸਰਕਾਰ ਆਉਂਦੀ ਹੈ ਤਾਂ ਵਿਕਾਸ ਤੇਜ ਗਤੀ ਨਾਲ ਹੋਵੇਗਾ।

ਸ੍ਰੀ ਵਿਜ ਨੇ ਕਾਂਗਰਸ ਪਾਰਟੀ ਵੱਲੋਂ ਵੀਵੀਪੈਟ ਦੇ ਇਸਤੇਮਾਲ ਨੂੰ ਲੈ ਕੇ ਨਵੀਂ ਸ਼ਿਕਾਇਤ ਦੇ ਸਬੰਧ ਵਿਚ ਪੁੱਛੇ ਗਏ ਸੁਆਲ ਦੇ ਜਵਾਬ ਵਿਚ ਉਨ੍ਹਾਂ ਨੇ ਕਿਹਾ ਕਿ ਕਾਂਗਰਸ ਦਾ ਇਲੈਕਸ਼ਨ ਦੌਰਾਨ ਦੋਸ਼ ਲਗਾਉਣਾ ਪੁਰਾਣੀ ਆਦਤ ਹੈ।

# ਅਗਾਮੀ ਤਿੰਨ ਦਿਨ ਦੇ ਅੰਦਰ ਹਰਿਆਣਾ ਸ਼ਤੀਪੂਰਤੀ ਪੋਰਟਲ 'ਤੇ ਆਪਣੀ ਫਸਲ ਦੀ ਖਰਾਬੇ ਦੀ ਰਿਪੋਰਟ ਦਰਜ ਕਰਾਉਣ : ਖੇਤੀਬਾੜੀ ਮੰਤਰੀ

**ਚੰਡੀਗੜ੍ਹ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਕਿਹਾ ਕਿ ਜੋ ਕਿਸਾਨ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਤਹਿਤ ਰਜਿਸਟਰਡ ਨਹੀਂ ਹਨ ਉਹ ਅਗਲੇ 72 ਘੰਟਿਆਂ (ਤਿੰਨ ਦਿਨ) ਦੇ ਅੰਦਰ ਹਰਿਆਣਾ ਸ਼ਤੀਪੂਰਤੀ ਪੋਰਟਲ 'ਤੇ ਗੜੇਮਾਰੀ ਨਾਲ ਹੋਏ ਆਪਣਾ ਨੁਕਸਾਨ ਦਰਜ ਕਰਾਉਣ, ਤਾਂ ਜੋ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਮੌਕੇ 'ਤੇ ਪਹੁੰਚ ਕੇ ਫਸਲ ਨੁਕਸਾਨ ਦਾ ਸਹੀ ਮੁਲਾਂਕਨ ਕਰ ਸਕਣ।

ਸ੍ਰੀ ਰਾਣਾ ਨੇ ਕਿਸਾਨਾਂ ਨੂੰ ਭਰੋਸਾ ਦਿੰਦੇ ਹੋਏ ਕਿਹਾ ਕਿ ਉਹ ਚਿੰਤਾ ਨਾ ਕਰਨ ਉਨ੍ਹਾਂ ਦੀ ਖਰਾਬ ਫਸਲ ਦੇ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ।

ਉਨ੍ਹਾਂ ਨੇ ਦਸਿਆ ਕਿ ਸੂਬੇ ਵਿਚ ਕਿਸਾਨਾਂ ਦੀ ਸਹੂਲਤ ਲਈ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਅਤੇ ਹਰਿਆਣਾ ਸ਼ਤੀਪੂਰਤੀ ਪੋਰਟਲ ਰਾਹੀਂ ਫਸਲ ਨੁਕਸਾਨ ਦੀ ਰਿਪੋਰਟਿੰਗ ਦੀ ਵਿਵਸਥਾ ਉਪਲਬਧ ਹਨ।

ਜਿਨ੍ਹਾਂ ਕਿਸਾਨਾਂ ਨੇ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾਂ ਤਹਿਤ ਆਪਣਾ ਰਜਿਸਟ੍ਰੇਸ਼ਣ ਕਰਵਾ ਰੱਖਿਆ ਹੈ, ਉਹ ਆਪਣੇ ਨੇੜੇ ਖੇਤੀਬਾੜੀ ਅਧਿਕਾਰੀ ਨਾਲ ਸੰਪਰਕ ਕਰ ਆਪਣੀ ਫਸਲ ਦੇ ਖਰਾਬ ਦੀ ਰਿਪੋਰਟ ਦਰਜ ਕਰਵਾਉਣ ਉੱਥੇ ਹੀ, ਜਿਨ੍ਹਾਂ ਕਿਸਾਨਾਂ ਦੀ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਤਹਿਤ ਰਜਿਸਟਰਡ ਨਹੀਂ ਕਰਵਾਈ ਗਈ ਹੈ ਉਹ ਅਗਾਮੀ ਤਿੰਨ ਦਿਨ ਦੇ ਅੰਦਰ ਹਰਿਆਣਾ ਸ਼ਤੀਪੂਰਤੀ ਪੋਰਟਲ 'ਤੇ ਆਪਣੀ ਫਸਲ ਦੀ ਖਰਾਬੇ ਦੀ ਰਿਪੋਰਟ ਦਰਜ ਕਰਾਉਣ। ਇਸ ਦੇ ਬਾਅਦ ਦਰਜ ਰਿਪੋਰਟ ਅਨੁਸਾਰ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਮੌਕੇ 'ਤੇ ਪਹੁੰਚ ਕੇ ਫਸਲ ਨੁਕਸਾਨ ਦਾ ਸਹੀ ਮੁਲਾਂਕਨ ਕਰੇਗਾ। ਉਨ੍ਹਾਂ ਨੇ ਦਸਿਆ ਕਿ ਇਸ ਦੇ ਲਈ ਮੇਰੀ ਫਸਲ ਮੇਰਾ ਬਿਊਰਾ ਪੋਰਟਲ 'ਤੇ ਰਜਿਸਟ੍ਰੇਸ਼ਣ ਹੋਣਾ ਜਰੂਰੀ ਹੈ। ਅਜਿਹੇ ਕਿਸਾਨ ਜਲਦੀ ਤੋਂ ਜਲਦੀ ਇਸ ਪੋਰਟਲ 'ਤੇ ਆਪਣਾ ਰਜਿਸਟ੍ਰੇਸ਼ਣ ਕਰਵਾ ਲੈਣ।

ਖੇਤੀਬਾੜੀ ਮੰਤਰੀ ਨੇ ਦਸਿਆ ਕਿ ਦੋਵਾਂ ਪੋਰਟਲ ਮੌਜੂਦਾ ਵਿਚ ਖੁੱਲੇ ਹੋਏ ਹਨ। ਅਜਿਹੇ ਵਿਚ ਸਾਰੇ ਪ੍ਰਭਾਵਿਤ ਕਿਸਾਨਾਂ ਨੂੰ ਅਪੀਲ ਹੈ ਕਿ ਉਹ ਨਿਰਧਾਰਿਤ ਸਮੇਂ ਸੀਮਾ ਅੰਦਰ ਆਪਣੇ ਫਸਲ ਨੁਕਸਾਨ ਦੀ ਰਿਪੋਰਟ ਦਰਜ ਕਰਵਾ ਕੇ ਸਰਕਾਰ ਦੀ ਯੋਜਨਾਵਾਂ ਦਾ ਲਾਭ ਚੁੱਕਣ।

# ਧਰਤੀ ਨੂੰ ਬਚਾਉਣ ਲਈ ਜੰਗਲੀ ਜੀਵ ਸਰੰਖਣ ਜਰੂਰੀ : ਰਾਓ ਨਰਬੀਰ ਸਿੰਘ

**ਚੰਡੀਗੜ੍ਹ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਵਾਤਾਵਰਣ, ਵਨ ਅਤੇ ਜੰਗਲੀ ਜੀਵ ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਧਰਤੀ ਨੂੰ ਬਚਾਉਣ ਲਈ ਜੰਗਲੀ ਜੀਵ ਸਰੰਖਣ ਜਰੂਰੀ ਹੈ। ਅੱਜ ਪ੍ਰਦੂਸ਼ਿਤ ਵਾਤਾਵਰਣ ਅਤੇ ਕੁਦਰਤ ਦੇ ਬਦਲਦੇ ਮਿਜਾਜ ਦੇ ਕਾਰਨ ਜੀਵ-ਜੰਤੂਆਂ ਅਤੇ ਵਨਸਪਤੀਆਂ ਦੀ ਅਨੇਕ ਪ੍ਰਜਾਤੀਆਂ ਦੇ ਮੌਜੂਦ ਸੰਕਟ ਬਣਿਆ ਹੋਇਆ ਹੈ। ਇਸ ਸਾਲ ਵਿਸ਼ਵ ਜੰਗਲੀ ਜੀਵ ਸਰੰਖਣ ਦਿਵਸ ਨੂੰ ਜੰਗਲੀ ਜੀਵ ਸਰੰਖਣ, ਵਿੱਤ-ਲੋਗ ਅਤੇ ਗ੍ਰਹਿ ਵਿਚ ਨਿਵੇਸ਼ ਥੀਮ ਦੇ ਨਾਲ ਮਨਾਇਆ ਜਾ ਰਿਹਾ ਹੈ।

ਵਿਸ਼ਵ ਜੰਗਲੀ ਜੀਵ ਦਿਵਸ ਦੀ ਪਹਿਲਾਂ ਸ਼ਾਮ 'ਤੇ ਅੱਜ ਇੱਥੇ ਜਾਰੀ ਇੱਕ ਸੰਦੇਸ਼ ਵਿਚ ਮੰਤਰੀ ਰਾਓ ਨਰਬੀਰ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਦਿਨ ਲੋਕਾਂ ਨੂੰ ਜੰਗਲੀ ਜੀਵ ਸਰੰਖਣ ਦਾ ਸੰਕਲਪ ਲੈਣਾ ਚਾਹੀਦਾ ਹੈ।

ਉਨ੍ਹਾਂ ਨੇ ਕਿਹਾ ਕਿ ਵਨ ਅਤੇ ਜੰਗਲੀ ਜੀਵ ਵਿਭਾਗ ਹਰਿਆਣਾ ਵਿਚ ਜੰਗਲੀ ਜੀਵਨ ਸਰੰਖਣ ਲਈ ਕਈ ਅਨੋਖੀ ਪਹਿਲ ਕਰ ਰਿਹਾ ਹੈ। ਸ਼ਿਵਾਲਿਕ ਮਾਊਂਟੇਨ ਰੇਂਜ ਵਿਚ ਪੈਣ ਵਾਲੇ ਪਿੰਜੌਰ ਵਿਚ ਗਿੱਦ ਪ੍ਰਜਨਨ ਅਤੇ ਸਰੰਖਣ ਕੇਂਦਰ ਖੋਲਿਆ ਗਿਆ ਹੈ, ਜਿਸ ਵਿਚ ਵਿਲੁਪਤ ਹੋ ਰਹੀ ਇਸ ਗਿੱਦ ਪ੍ਰਜਾਤੀ ਨੂੰ ਸਰੰਖਤ ਕੀਤਾ ਗਿਆ ਹੈ ਅਤੇ ਗਿੱਦਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ।

ਉਨ੍ਹਾਂ ਨੇ ਕਿਹਾ ਕਿ ਇਸੀ ਤਰ੍ਹਾ ਅਰਾਵਲੀ ਮਾਊਂਟੇਨ ਰੇਂਜ ਵਿਚ ਜੰਗਲ ਸਫਾਰੀ ਪਰਿਯੋਜਨਾ ਦੀ ਰੂਪ-ਰੇਖਾ ਤਿਆਰ ਕੀਤੀ ਗਈ ਹੈ, ਜਿਸ ਦੀ ਜਲਦੀ ਹੀ ਸ਼ੁਰੂਆਤ ਹੋ ਜਾਵੇਗਾ। ਇਸ ਵਿਚ ਕਿਹੜੇ ਜੰਗਲੀ ਪ੍ਰਾਣੀ ਨੂੰ ਕਿਸੇ ਸ਼੍ਰਣੀ ਵਿਚ ਰੱਖੇ ਜਾਣ, ਇਸ 'ਤੇ ਕੰਮ ਕੀਤਾ ਜਾ ਰਿਹਾ ਹੈ ਅਤੇ ਉਹ ਖੁਦ ਇਸੀ ਦੀ ਮੋਨੀਟਰਿੰਗ ਕਰ ਰਹੀ ਹੈ। ਉਹ ਮਹਾਰਾਸ਼ਟਰ ਤੇ ਗੁਜਰਾਤ ਦੇ ਜੰਗਲਾਂ ਵਿਚ ਬਣਾਈ ਗਈ ਇਸ ਤਰ੍ਹਾ ਦੀ ਸਫਾਰੀ ਦਾ ਦੌਰਾ ਵੀ ਕਰ ਚੁੱਕੇ ਹਨ।

ਉਨ੍ਹਾਂ ਨੇ ਕਿਹਾ ਕਿ ਟੋਪੀਕਲ ਖੇਤਰਾਂ ਵਿਚ ਜੰਗਲੀ ਜੀਵ ਆਬਾਦੀ ਦੇ ਘੱਟ ਰਹੇ ਆਂਕੜੇ ਚਿੰਤਾਯੋਗ ਹਨ। ਜੰਗਲੀ ਜੀਵ ਦੀ ਆਬਾਦੀ ਨੂੰ ਵਧਾਉਣ ਲਈ ਹਰਿਆਣਾ ਸਰਕਾਰ ਕਈ ਕੌਮਾਂਤਰੀ ਏਜੰਸੀਆਂ ਨਾਲ ਗਲਬਾਤ ਕੀਤੀ ਹੈ। ਇਸ ਦੇ ਨਾਲ ਹੀ ਨਿਜੀ ਖੇਤਰ ਤੇ ਕੁੱਝ ਨਵੇਂ ਸਟਾਰਟਅੱਪ ਵਿਚ ਵੀ ਸਰਕਾਰ ਨੂੰ ਸਹਿਯੋਗ ਦੇਣ ਵਿਚ ਦਿਲਚਸਪੀ ਦਿਖਾਈ ਹੈ, ਜੋ ਕਿ ਸ਼ਲਾਘਾਯੋਗ ਹੈ।

# ਜ਼ੀਰਕਪੁਰ ਵੀਆਈਪੀ ਰੋਡ ਤੇ ਲੰਘੀ ਦੇਰ ਰਾਤ ਲੜਾਈ ਝਗੜਾ ਛੁੱਡਵਾਉਣ ਗਏ ਨੌਜਵਾਨ ਦਾ ਬਰਹਿਮੀ ਨਾਲ ਕੀਤਾ ਕਤਲ

**ਜ਼ੀਰਕਪੁਰ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**




ਜ਼ੀਰਕਪੁਰ ਦੇ ਵੀ.ਆਈ.ਪੀ. ਰੋਡ 'ਤੇ ਲੰਘੀ ਦੇਰ ਰਾਤ ਇਕ ਨੌਜਵਾਨ ਨੂੰ ਕਿਸੇ ਹੋਰ ਦਾ ਲੜਾਈ ਝਗੜਾ ਛੁੱਡਵਾਉਣਾ ਮਹਿੰਗਾ ਪੈ ਗਿਆ। ਲੜਾਈ ਝਗੜਾ ਕਰ ਰਹੇ ਨੌਜਵਾਨਾਂ ਨੇ ਝਗੜਾ ਛੁੱਡਵਾ ਰਹੇ ਨੌਜਵਾਨ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਫ਼ਰਾਰ ਹੋ ਗਏ। ਮ੍ਰਿਤਕ ਦੀ ਪਛਾਣ ਰਾਹੁਲ ਬਾਂਸਲ ਵਾਸੀ ਗਿੱਦੜਬਾਹਾ ਹਾਲ ਵਾਸੀ ਜ਼ੀਰਕਪੁਰ ਦੇ ਰੂਪ ਵਿੱਚ ਹੋਈ ਹੈ। ਪੁਲੀਸ ਨੇ ਮ੍ਰਿਤਕ ਦੇ ਭਰਾ ਦੇ ਬਿਆਨ 'ਤੇ ਅਣਪਛਾਤੇ ਹਮਲਾਵਰਾਂ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਜ਼ੀਰਕਪੁਰ ਵਿੱਚ ਨਿੱਜੀ ਨੌਕਰੀ ਕਰਦਾ ਸੀ।

ਮਾਮਲੇ ਦੀ ਜਾਣਕਾਰੀ ਦਿੰਦਿਆਂ ਮ੍ਰਿਤਕ ਦੇ 24 ਸਾਲਾ ਦੋਸਤ ਗੋਲਡੀ ਵਾਸੀ ਗਿੱਦੜਬਾਹਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਹਾਲ ਵਾਸੀ ਸਰਲੀਨ ਸੁਸਾਇਟੀ ਜ਼ੀਰਕਪੁਰ ਨੇ ਦੱਸਿਆ ਕਿ ਉਹ ਅਤੇ ਉਸਦੇ ਦੋ ਦੋਸਤ ਜਿਨ੍ਹਾਂ ਵਿੱਚ ਰਾਹੁਲ ਚਰਾਇਆ ਵਾਸੀ ਮਲੋਟ ਅਤੇ ਰਾਹੁਲ ਬਾਂਸਲ ਨਾਲ ਲੰਘੀ ਰਾਤ ਕਰੀਬ ਸਾਢੇ ਗਿਆਰਾਂ ਵਜੇ ਡੋਮੀਨੋਜ਼ ਤੋਂ ਪੀਜਾ ਲੈਣ ਜਾ ਰਹੇ ਸੀ। ਗੋਲਡੀ ਨੇ ਦੱਸਿਆ ਕਿ ਕਾਰ ਨੂੰ ਉਹ ਚਲਾ ਰਿਹਾ ਸੀ ਜਦਕਿ ਉਸਦੀ ਅਗਲੀ ਸੀਟ 'ਤੇ ਰਾਹੁਲ ਚਰਾਇਆ ਅਤੇ ਪਿੱਛਲੀ ਸੀਟ 'ਤੇ ਰਾਹੁਲ ਬਾਂਸਲ ਬੈਠਾ ਸੀ। ਉਸਨੇ ਦੱਸਿਆ ਕਿ ਜਦ ਉਹ ਵੀ.ਆਈ.ਪੀ. ਰੋਡ 'ਤੇ ਪੈਂਟਾ ਹੋਮ ਸੁਸਾਇਟੀ ਦੇ ਸਾਹਮਣੇ ਪੁੱਜੇ ਤਾਂ ਉਥੇ ਕੁਝ ਨੌਜਵਾਨ ਇਕ ਲੜਕੇ ਦੀ ਬੇਰਹਿਮੀ ਨਾਲ ਕੁੱਟਮਾਰ ਕਰ ਰਹੇ ਸੀ। ਉਨ੍ਹਾਂ ਨੇ ਕਾਰ ਰੋਕ ਕੇ ਹਮਲਾਵਰਾਂ ਨੂੰ ਉਸ ਨੌਜਵਾਨਾਂ ਦੀ ਕੁੱਟਮਾਰ ਕਰਨ ਦਾ ਕਾਰਨ ਪੁੱਛਿਆ ਪਰ ਉਨ੍ਹਾਂ ਨੇ ਕੋਈ ਗੱਲ ਨਹੀਂ ਸੁਣੀ। ਕੁੱਟ ਖਾਹ ਰਿਹਾ ਨੌਜਵਾਨ ਹਮਲਾਵਰਾਂ ਤੋਂ ਬਚਾਉਣ ਦੀ ਦੁਹਾਈ ਪਾਉਣ ਲੱਗ ਗਿਆ ਜਿਸ ਨੂੰ ਅਸੀਂ ਤਿੰਨੇ ਦੋਸਤਾਂ ਨੇ ਤਰਸ ਦੇ ਆਧਾਰ 'ਤੇ ਕੁੱਟ ਖਾਹ ਰਹੇ ਨੌਜਵਾਨ ਨੂੰ ਹਮਲਾਵਰਾਂ ਦੇ ਚੁੰਗਲ ਤੋਂ ਛੁੱਡਵਾਉਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਕੁੱਟ ਖਾਹ ਰਿਹਾ ਲੜਕਾ ਭੱਜ ਕੇ ਉਨ੍ਹਾਂ ਦੀ ਕਾਰ ਵਿੱਚ ਬੈਠ ਗਿਆ। ਇਸ ਦੌਰਾਨ ਹਮਲਾਵਰਾਂ ਦੇ ਕੁਝ ਹੋਰ ਸਾਥੀ ਮੌਕੇ 'ਤੇ ਆ ਗਏ ਜਿਨ੍ਹਾਂ ਨੇ ਉਸ ਲੜਕੇ ਦੀ ਥਾਂ ਉਨ੍ਹਾਂ ਨਾਲ ਝਗੜਾ ਕਰਨ ਲੱਗ ਗਏ। ਰਾਹੁਲ ਬਾਂਸਲ ਕਾਰ ਦੀ ਪਿੱਛਲੀ ਸੀਟ 'ਤੇ ਉਸ ਲੜਕੇ ਨਾਲ ਬੈਠਾ ਸੀ ਪਰ ਹਮਲਾਵਰਾਂ ਨੇ ਉਸ ਲੜਕੇ ਦੀ ਥਾਂ ਜਬਰਦਸਤੀ ਕਾਰ ਵਿੱਚ ਵੜ ਗਏ ਅਤੇ ਰਾਹੁਲ ਬਾਂਸਲ ਨੂੰ ਬਾਹਰ ਕੱਢ ਕੇ ਤੇਜ਼ਧਾਰ ਹਥਿਆਰਾਂ ਨਾਲ ਕਈਂ ਹਮਲੇ ਕੀਤੇ ਜਿਸ ਨਾਲ ਉਹ ਗੰਭੀਰ ਜ਼ਖ਼ਮੀ ਹੋ ਕੇ ਹੇਠਾਂ ਡਿੱਗ ਗਿਆ। ਉਨ੍ਹਾਂ ਵੱਲੋਂ ਰੌਲਾ ਪਾਉਣ 'ਤੇ ਭੀੜ ਇਕੱਤਰ ਹੋ ਗਈ ਜਿਸ ਕਾਰਨ ਹਮਲਾਵਰ ਮੌਕੇ ਤੋਂ ਫ਼ਰਾਰ ਹੋ ਗਏ। ਸ਼ਿਕਾਇਤਕਰਤਾ ਨੇ ਦੱਸਿਆ ਕਿ ਇਸ ਦੌਰਾਨ ਕੁੱਟ ਖਾਹ ਰਿਹਾ ਲੜਕਾ ਵੀ ਮੌਕਾ ਦੇਖ ਕੇ ਮੌਕੇ ਤੋਂ ਫ਼ਰਾਰ ਹੋ ਗਿਆ। ਉਹ ਗੰਭੀਰ ਹਾਲਤ ਵਿੱਚ ਰਾਹੁਲ ਬਾਂਸਲ ਨੂੰ ਵੀ.ਆਈ.ਪੀ. ਰੋਡ 'ਤੇ ਸਥਿਤ ਇਕ ਨਿੱਜੀ ਹਸਪਤਾਲ ਵਿੱਚ ਲੈ ਗਏ। ਉਥੇ ਡਾਕਟਰਾਂ ਨੇ ਉਸਦੀ ਹਾਲਤ ਦੀ ਗੰਭੀਰਤਾਂ ਨੂੰ ਦੇਖਦਿਆਂ ਚੰਡੀਗੜ੍ਹ ਸੈਕਟਰ 32 ਹਸਪਤਾਲ ਰੈਫਰ ਕਰ ਦਿੱਤਾ। ਉਥੇ ਪਹੁੰਚਣ 'ਤੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਥਾਣਾ ਮੁਖੀ ਇੰਸਪੈਕਟਰ ਜਸਕੰਵਲ ਸਿੰਘ ਸੇਖੋਂ ਨੇ ਦੱਸਿਆ ਕਿ ਸੂਚਨਾ ਮਿਲਣ ਮਗਰੋਂ ਪੁਲੀਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਅਣਪਛਾਤੇ ਹਮਲਾਵਰਾਂ ਖ਼ਿਲਾਫ਼ ਕੇਸ ਦਰਜ ਕਰ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਕੁਝ ਸੀਸੀਟੀਵੀ ਸਾਹਮਣੇ ਆਈ ਹੈ ਜਿਸਦੇ ਆਧਾਰ 'ਤੇ ਕਾਤਲਾਂ ਦੀ ਭਾਲ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਛੇਤੀ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਏਗਾ।

# ਪ੍ਰਧਾਨ ਮੰਤਰੀ ਦੇ ਵਿਜਨ 2047 ਦੇ ਟੀਚੇ ਵਿਚ ਸਹਿਭਾਗੀ ਬਣ ਰਹੀ ਸੂਬਾ ਸਰਕਾਰ : ਮੁੱਖ ਮੰਤਰੀ

**ਚੰਡੀਗੜ੍ਹ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਵਿਜਨ 2047 ਨੂੰ ਸਾਹਮਣੇ ਰੱਖਦੇ ਹੋਏ ਕੇਂਦਰ ਤੇ ਸੂਬਾ ਸਰਕਾਰ ਅੱਗੇ ਵੱਧ ਰਹੀ ਹੈ। ਆਮਜਨਤਾ ਨੂੰ ਮੁੱਢਲੀ ਸਹੂਲਤਾਂ ਪ੍ਰਦਾਨ ਕਰਨ ਵਿਚ ਜਿੱਥੇ ਸ਼ਹਿਰੀ ਨਿਗਮ ਦੀ ਅਹਿਮ ਭੂਮਿਕਾ ਹੈ ਉੱਥੇ ਹੀ ਜਨਹਿੱਤਕਾਰੀ ਯੋਜਨਾਵਾਂ ਨੂੰ ਲਾਗੂ ਕਰਨ ਵਿਚ ਸਰਕਾਰ ਆਪਣੀ ਜਿਮੇਵਾਰੀ ਪ੍ਰਭਾਵੀ ਰੂਪ ਨਾਲ ਨਿਭਾ ਰਹੀ ਹੈ।

ਮੁੱਖ ਮੰਤਰੀ ਐਤਵਾਰ ਨੂੰ ਫਰੀਦਾਬਾਦ ਵਿਚ ਪ੍ਰਬੰਧਿਤ ਇੱਕ ਸਮਾਰੋਹ ਵਿਚ ਸ਼ਾਮਿਲ ਹੋਣ ਤੋਂ ਪਹਿਲਾਂ ਸੈਕਟਰ-12 ਵਿਚ ਬਣੇ ਹੈਲੀਪੈਡ 'ਤੇ ਪੱਤਰਕਾਰਾਂ ਨਾਲ ਗਲਬਾਤ ਕਰ ਰਹੇ ਸਨ।

ਗਲਬਾਤ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਤੇ ਸੂਬੇ ਵਿਚ ਡਬਲ ਇੰਜਨ ਸਰਕਾਰ ਲੋਕਾਂ ਦੇ ਵਿਕਾਸ ਵਿਚ ਲੱਗੀ ਹੈ। ਹੁਣ ਛੋਟੀ ਸਰਕਾਰ ਬਨਣ ਦੇ ਬਾਅਦ ਟ੍ਰਿਪਲ ਇੰਜਨ ਦੀ ਸਰਕਾਰ ਵੱਧ ਤਾਕਤ ਨਾਲ ਲੋਕਾਂ ਦੀ ਜਨਭਾਵਨਾਵਾਂ ਦਾ ਸਨਮਾਨ ਕਰਦੇ ਹੋਏ ਵਿਕਾਸ ਕੰਮਾਂ ਵੱਲ ਵੱਧ ਤੇਜ ਗਤੀ ਨਾਲ ਅੱਗੇ ਵਧਾਏਗੀ। ਉਨ੍ਹਾਂ ਨੇ ਕਿਹਾ ਕਿ ਅਗਾਮੀ 12 ਮਾਰਚ ਨੂੰ ਜਦੋਂ ਨਿਗਮ ਚੋਣ ਦੇ ਨਤੀਜੇ ਆਉਣਗੇ ਤਾਂ ਸਾਰੇ ਸਥਾਨਾਂ 'ਤੇ ਭਾਜਪਾ ਦੇ ਉਮੀਦਵਾਰ ਵੱਡੇ ਅੰਤਰ ਨਾਲ ਜੇਤੂ ਹੋਣਗੇ। ਉਨ੍ਹਾਂ ਨੇ ਕਿਹਾ ਕਿ ਇਹ ਛੋਟੀ ਸਰਕਾਰ ਹੈ, ਜੋ ਸਿੱਧੇ ਰੂਪ ਨਾਲ ਜਨਤਾ ਨਾਲ ਜੁੜੀ ਸਮਸਿਆਵਾਂ ਦਾ ਨਿਪਟਾਰਾ ਕਰਦੀ ਹੈ।

ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਨੇ ਆਪਣੇ ਸਾਰੇ ਵਾਦੇ ਅਤੇ ਸਾਲ 2014 ਤੇ ਸਾਲ 2019 ਦੇ ਚੋਣਾਵੀ ਸੰਕਲਪ ਪੱਤਰ ਦੇ ਵਾਦਿਆਂ ਨੂੰ ਪੂਰਾ ਕੀਤਾ ਹੈ ਅਤੇ ਜਦੋਂ ਨਿਗਮ ਚੋਣ ਲਈ ਤਿਆਰ ਸੰਕਲਪ ਪੱਤਰ ਵਿਚ 21 ਵਾਦੇ ਕੀਤੇ ਸਨ ਅਤੇ ਇੰਨ੍ਹਾਂ ਸਾਰੇ ਵਾਦਿਆਂ ਨੂੰ ਵੀ ਅਗਾਮੀ ਦਿਨਾਂ ਵਿਚ ਪੂਰਾ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਗਾਰੰਟੀ ਦੇ ਤਹਿਤ ਇੰਨ੍ਹਾਂ ਵਾਦਿਆਂ ਨੂੰ ਪੂਰਾ ਕਰ ਰਹੀ ਹੈ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਕਾਰਜਕਾਲ ਵਿਚ ਦੇਸ਼ ਵਿਚ ਵੱਡੇ ਪੱਧਰ 'ਤੇ ਬਦਲਾਅ ਹੋਏ ਹਨ ਅਤੇ ਦੇਸ਼ ਤੇਜੀ ਨਾਲ ਤਰੱਕੀ ਕਰ ਰਿਹਾ ਹੈ। ਪ੍ਰਧਾਨ ਮੰਤਰੀ ਨੇ ਸਾਲ 2047 ਤੱਕ ਦੇਸ਼ ਨੂੰ ਵਿਕਸਿਤ ਬਨਾਉਣ ਦਾ ਸੰਕਲਪ ਕੀਤਾ ਹੈ ਅਤੇ ਇਸ ਸੰਕਲਪ ਨੂੰ ਜਨਤਾ ਦੇ ਸਹਿਯੋਗ ਨਾਲ ਪੂਰਾ ਕੀਤਾ ਜਾਵੇਗਾ।

ਇਸ ਮੌਕੇ 'ਤੇ ਸ਼ਹਿਰੀ ਸਥਾਨਕ ਮੰਤਰੀ ਸ੍ਰੀ ਵਿਪੁਲ ਗੋਇਲ ਸਮੇਤ ਹੋਰ ਮਾਣਯੋਗ ਵਿਅਕਤੀ ਮੌਜੂਦ ਸਨ।

# ਯੁੱਧ ਨਸ਼ਿਆਂ ਵਿਰੁੱਧ: ਬਰਨਾਲਾ ਪੁਲਿਸ ਨੇ ਚਲਾਇਆ ਵੱਡਾ ਤਲਾਸ਼ੀ ਅਭਿਆਨ; 4 ਮੁਕੱਦਮੇ ਦਰਜ, 5 ਮੁਲਜ਼ਮ ਗ੍ਰਿਫ਼ਤਾਰ



**ਬਰਨਾਲਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਅਤੇ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਚੰਡੀਗੜ੍ਹ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਤਹਿਤ ਨਸ਼ਾ ਤਸਕਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਖ਼ਿਲਾਫ਼ ਵਿੱਢੀ ਗਈ ਵਿਸ਼ੇਸ਼ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਬਰਨਾਲਾ ਵਿੱਚ ਮੁਹੰਮਦ ਸਰਫਰਾਜ਼ ਆਲਮ, ਆਈ.ਪੀ.ਐੱਸ. ਸੀਨੀਅਰ ਕਪਤਾਨ ਪੁਲਿਸ ਦੀ ਅਗਵਾਈ ਹੇਠ ਵੱਖ-ਵੱਖ ਥਾਵਾਂ 'ਤੇ ਘੇਰਾਬੰਦੀ ਕਰਕੇ ਸ਼ੱਕੀ ਥਾਵਾਂ ਅਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ ਗਈ।

ਇਸ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਵੱਖ-ਵੱਖ ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ ਸੀ.ਆਈ.ਏ. ਸਟਾਫ਼ ਬਰਨਾਲਾ ਅਤੇ ਸਮੂਹ ਥਾਣਿਆਂ ਦੀਆਂ ਵੱਖ-ਵੱਖ ਟੀਮਾਂ ਬਣਾਈਆਂ ਗਈਆਂ ਜਿਸ ਵਿੱਚ 2 ਐੱਸ.ਪੀਜ਼. ਅਤੇ 05 ਡੀ.ਐੱਸ.ਪੀਜ਼. ਸਮੇਤ ਕਰੀਬ 250 ਪੁਲਿਸ ਕਰਮਚਾਰੀ ਤਾਇਨਾਤ ਕੀਤੇ ਗਏ।

ਇਸ ਦੌਰਾਨ ਵੱਖ-ਵੱਖ ਡਰੱਗ ਹਾਟਸਪਾਟ ਜਿਵੇਂ ਸੈਂਸੀ ਬਸਤੀ ਬੈਕ ਸਾਇਡ ਬੱਸ ਸਟੈਂਡ, ਬਰਨਾਲਾ, ਸੈਂਸੀ ਬਸਤੀ ਬੈਕ ਸਾਇਡ ਰਾਮਬਾਗ ਰੋਡ, ਬਰਨਾਲਾ ਆਦਿ ਥਾਵਾਂ 'ਤੇ ਸ਼ੱਕੀ ਘਰਾਂ ਦੀ ਤਲਾਸ਼ੀ ਕੀਤੀ ਗਈ। ਇਸ ਤੋਂ ਇਲਾਵਾ ਨਾਕਾਬੰਦੀ ਕਰਕੇ ਜ਼ਿਲ੍ਹਾ ਬਰਨਾਲਾ ਅੰਦਰ ਵੱਖ-ਵੱਖ ਰਸਤਿਆਂ 'ਤੇ ਆਉਣ-ਜਾਣ ਵਾਲੇ ਸ਼ੱਕੀ ਵਹੀਕਲਾਂ ਦੀ ਚੈਕਿੰਗ ਕਰਵਾਈ ਗਈ। ਇਹ ਅਭਿਆਨ ਕਰੀਬ 3 ਘੰਟਿਆਂ ਤੱਕ ਚੱਲਿਆ।

ਐੱਸ.ਐੱਸ.ਪੀ. ਬਰਨਾਲਾ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਸਖ਼ਤ ਐਕਸ਼ਨ ਲਿਆ ਜਾ ਰਿਹਾ ਹੈ ਜਿਸ ਤਹਿਤ ਨਸ਼ਾ ਸਮੱਗਲਰਾਂ ਵੱਲੋਂ ਬਣਾਈ ਗਈ ਅਣ ਅਧਿਕਾਰਤ ਜਾਇਦਾਦ ਨੂੰ ਜ਼ਬਤ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ 'ਸੇਫ਼ ਪੰਜਾਬ' ਤਹਿਤ ਬਰਨਾਲਾ ਪੁਲਿਸ ਵੱਲੋਂ ਜਾਰੀ ਡਰੱਗ ਹੈਲਪਲਾਇਨ ਨੰਬਰ 97791-00200 ਬਾਰੇ ਆਮ ਲੋਕਾ ਨੂੰ ਜਾਣੂ ਕਰਾਇਆ ਗਿਆ।

ਬਰਨਾਲਾ ਪੁਲਿਸ ਵੱਲੋਂ ਚਲਾਏ ਗਏ ਵਿਸ਼ੇਸ਼ ਅਭਿਆਨ ਦੌਰਾਨ 4 ਮੁਕੱਦਮੇ ਦਰਜ ਕਰਕੇ 5 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਤੋਂ ਇਲਾਵਾ 300 ਨਸ਼ੀਲੀਆਂ ਗੋਲੀਆਂ, 2615 ਨਸ਼ੀਲੇ ਕੈਪਸੂਲ ਬਰਾਮਦ ਕੀਤੇ ਗਏ। ਇਸ ਤੋਂ ਇਲਾਵਾ 1 ਵਾਹਨ ਜ਼ਬਤ ਕੀਤਾ ਗਿਆ ਅਤੇ ਇਕ ਪੀ.ਓ. ਗ੍ਰਿਫ਼ਤਾਰ ਕੀਤਾ।

ਐੱਸ ਐੱਸ ਪੀ ਵਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਚਲਾਈ ਜਾ ਰਹੀ ਇਸ ਵਿਸ਼ੇਸ਼ ਮੁਹਿੰਮ ਵਿੱਚ ਬਰਨਾਲਾ ਪੁਲਿਸ ਦਾ ਵੱਧ ਤੋਂ ਵੱਧ ਸਾਥ ਦੇਣ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਬਾਹਰ ਕੱਢਿਆ ਜਾ ਸਕੇ।

# ਸਿਵ ਭੋਲਾ ਸੇਵਾ ਸਮਤੀ ਰਣੀਕੇ (ਰਜਿ) ਵੱਲੋਂ 6 ਗਰੀਬ ਲੜਕੀਆਂ ਦੇ ਵਿਆਹ ਕੀਤੇ ਗਏ ਲੜਕੀਆਂ ਨੂੰ ਦਿੱਤਾ ਗਿਆ ਘਰੇਲੂ ਜਰੂਰਤ ਦਾ ਸਮਾਨ



**ਧੂਰੀ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਧੂਰੀ ਸ਼ਹਿਰ ਦੀ ਨਾਮਵਰ ਸੰਸਥਾ ਸ਼ਿਵ ਭੋਲਾ ਸੇਵਾ ਸਮਤੀ ਰਣੀਕੇ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 6 ਗਰੀਬ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਸੰਸਥਾ ਦੇ ਪ੍ਰਧਾਨ ਸ੍ਰੀ ਰਜਿੰਦਰ ਸ਼ਰਮਾ ਅਤੇ ਚੇਅਰਮੈਨ ਜਨਕ ਰਾਜ ਮੀਮਸਾ ਦੀ ਯੋਗ ਅਗਵਾਈ ਵਿੱਚ ਮੰਗਲਾ ਆਸਰਮ (ਗਊਸ਼ਾਲਾ) ਧੂਰੀ ਵਿਖੇ ਬੜੀ ਧੂਮ ਧਾਮ ਨਾਲ ਕੀਤੇ ਗਏ।

ਇਸ ਵਿੱਚ ਵਿਆਈਆਂ ਲੜਕੀਆਂ ਨੂੰ ਪੇਟੀ, ਡਬਲ ਬੈਡ, ਅਟੈਚੀ, ਟਰੰਕ, ਮੇਜ ਕੁਰਸੀਆਂ, ਸਿਲਾਈ ਮਸ਼ੀਨਾਂ,ਭਾਂਡਿਆਂ ਦਾ ਸੈਟ, ਪੱਖਾ, ਚਾਂਦੀ ਦੀਆਂ ਪੰਜੇਬਾਂ, ਸੋਨੇ ਦਾ ਕੋਕਾ ਅਤੇ ਹੋਰ ਲੋੜੀਂਦਾ ਸਮਾਨ ਦਿੱਤਾ ਗਿਆ। ਇਸ ਮੌਕੇ ਪ੍ਰਭਾਵਸ਼ਾਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਰਜਿੰਦਰ ਸ਼ਰਮਾ ਅਤੇ ਚੇਅਰਮੈਨ ਜਨਕ ਰਾਜ ਮੀਮਸਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਡੀ ਸੰਸਥਾ ਹਰ ਸਾਲ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹਰ ਸਾਲ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਦੀਆਂ ਸ਼ਾਦੀਆਂ ਅਤੇ ਹੋਰ ਸਮਾਜ ਸੇਵੀ ਕਾਰਜ ਪਿਛਲੇ ਕਈ ਸਾਲਾਂ ਤੋਂ ਕਰਦੀ ਆ ਰਹੀ ਹੈ। ਇਸ ਮੌਕੇ ਆਈਆਂ ਬਰਾਤਾਂ ਦਾ ਢੋਲ ਅਤੇ ਬੈਂਡ ਵਜਾ ਕੇ ਸ਼ਾਨਦਾਰ ਸਵਾਗਤ ਕੀਤਾ ਗਿਆ ਅਤੇ ਬਰਾਤੀ ਮਹਿਮਾਨਾਂ ਲਈ ਤਰ੍ਹਾਂ ਤਰ੍ਹਾਂ ਦੇ ਪਕਵਾਨ ਬਣਾਏ ਗਏ। ਸਟੇਜ ਸੰਚਾਲਣ ਦੀ ਜਿੰਮੇਵਾਰੀ ਰਿਟਾਇਰਡ ਲੋਕ ਸੰਪਰਕ ਅਧਿਕਾਰੀ ਸਰਦਾਰ ਮਨਜੀਤ ਸਿੰਘ ਬਖਸ਼ੀ ਨੇ ਬਖੂਬੀ ਨਿਭਾਈ।

ਇਸ ਮੌਕੇ ਰਜਿੰਦਰ ਸ਼ਰਮਾ ਅਤੇ ਚੇਅਰਮੈਨ ਜਨਕ ਰਾਜ ਮੀਮਸਾ ਤੋਂ ਇਲਾਵਾ, ਸਮਾਜ ਸੇਵੀ ਸਤਿੰਦਰ ਸਿੰਘ (ਚੱਠਾ)ਮੇਘ ਰਾਜ, ਅਸ਼ੋਕ ਗਰਗ, ਮਦਨ ਲਾਲ ਬਾਂਸਲ ਪ੍ਰਧਾਨ ਅਗਰਵਾਲ ਸਮਾਜ ਸਵਾ ਧੂਰੀ,ਸੁਖਵਿੰਦਰ ਸਿੰਘ, ਸੱਜਣ ਕੁਮਾਰ, ਜੈਦੇਵ ਸ਼ਰਮਾ, ਸੁਰਿੰਦਰ ਪਾਲ ਗਰਗ, ਰਵਿੰਦਰ ਭੋਲਾ, ਨਰੇਸ਼ ਸਰਮਾ, ਮੁਖਤਿਆਰ ਸਿੰਘ, ਮਨਜੀਤ ਬਖਸੀ, ਤਰਸੇਮ ਵਰਮਾ,ਰਜਿੰਦਰ ਮਹਿਤਾ, ਯੂਥ ਕਾਂਗਰਸੀ ਨੇਤਾ ਸੁਭਮ ਸਰਮਾਂ, ਅਸ਼ਵਨੀ ਧੀਰ, ਵਿਸ਼ਨੂ ਸ਼ਰਮਾ, ਗੁਰਦਾਸ ਬਾਸਲ, ਸੁਰਜੀਤ ਪੇਂਟਰ,ਇਸਤਰੀ ਅਕਾਲੀ ਆਗੂ ਬੀਬੀ ਜਸਵਿੰਦਰ ਕੌਰ ਖਾਲਸਾ ਅਤੇ ਸੁਰੇਸ਼ ਬਾਂਸਲ, ਤਰਸੇਮ ਗੋਇਲ,ਤੋਂ ਇਲਾਵਾ ਹੋਰ ਬਹੁਤ ਸਾਰੀਆਂ ਸ਼ਖਸੀਅਤਾਂ ਹਾਜ਼ਰ ਸਨ।

# ਭੰਡਾਰੇ ਦਾ ਆਯੋਜਨ ਕੀਤਾ ਗਿਆ



**ਪਟਿਆਲਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੂਰਨ ਮਹਾਕੁੰਭ ਦੀ ਸੁਚੱਜੀ ਸੰਪੰਨਤਾ ਨੂੰ ਲੈ ਕੇ ਐਸੋਸੀਏਸ਼ਨ ਆਫ ਪਟਿਆਲਾ ਗੁੜ ਮੰਡੀ ਵੱਲੋਂ ਭੰਡਾਰੇ ਦਾ ਆਯੋਜਨ ਕੀਤਾ ਗਿਆ ਅਤੇ ਭੰਡਾਰੇ ਦਾ ਉਦਘਾਟਨ ਜੂਨਾ ਅਖਾੜੇ ਦੇ ਨੌਜਵਾਨ ਸੰਨਿਆਸੀ ਸਵਾਮੀ ਨਗੇਂਦਰਨੰਦ ਗਿਰੀ ਜੀ ਮਹਾਰਾਜ ਨੇ ਕੀਤਾ।ਨਗੇਂਦਰਾਨੰਦ ਗਿਰੀ ਜੀ ਮਹਾਰਾਜ ਨੇ ਦੱਸਿਆ ਕਿ ਭੰਡਾਰੇ ਵਿੱਚ ਵੱਖ-ਵੱਖ ਤਰ੍ਹਾਂ ਦੇ ਪਕਵਾਨ ਜਿਵੇਂ ਕਿ ਨੂਡਲਜ਼, ਗੋਲਗੱਪਾ, ਪਾਵ ਭਾਜੀ ਤਿਆਰ ਕੀਤੀ ਗਈ ਸੀ ਅਤੇ ਸਵਾਮੀ ਨਾਗੇਂਦਰਨੰਦ ਗਿਰੀ ਜੀ ਨੇ ਬਾਬਾ ਭੋਲੇ ਨਾਥ ਅਤੇ ਮਾਂ ਕਾਲੀ ਜੀ ਨੂੰ ਪ੍ਰਾਰਥਨਾ ਕੀਤੀ ਸੀ ਕਿ ਸਾਡੇ ਨੌਜਵਾਨਾਂ ਵਿੱਚ ਸਨਾਤਨ ਧਰਮ ਪ੍ਰਤੀ ਰੁਚੀ ਵਧ ਰਹੀ ਹੈ।ਪਟਿਆਲੇ ਸ਼ਹਿਰ ਦੀ ਪ੍ਰਧਾਨ ਦੇਵੀ ਮਾਤਾ ਕਾਲੀ ਦੀ ਕਿਰਪਾ ਹੋਵੇ, ਪਟਿਆਲਾ ਸ਼ਹਿਰ ਦੇ ਸਾਰੇ ਨਿਵਾਸੀਆਂ 'ਤੇ ਮਾਤਾ ਲਕਸ਼ਮੀ ਦਾ ਆਸ਼ੀਰਵਾਦ ਹਮੇਸ਼ਾ ਬਣਿਆ ਰਹੇ, ਭੰਡਾਰੇ, ਧਾਰਮਿਕ ਸਮਾਗਮ ਅਤੇ ਸਮਾਗਮ ਚੱਲਦੇ ਰਹਿਣ।ਨਗੇਂਦਰਨੰਦ ਗਿਰੀ ਜੀ ਮਹਾਰਾਜ ਨੇ ਦੱਸਿਆ ਕਿ ਮਹਾਕੁੰਭ ਦੀ ਸੁਚੱਜੀ ਸੰਪੰਨਤਾ ਉਪਰੰਤ ਗੁੜ ਮੰਡੀ ਐਸੋਸੀਏਸ਼ਨ ਵੱਲੋਂ ਭੰਡਾਰਾ ਕਰਵਾਇਆ ਗਿਆ।ਅਤੇ ਇਸ ਵਾਰ ਪੂਰਾ ਮਹਾਕੁੰਭ 144 ਸਾਲ ਬਾਅਦ ਆਇਆ ਹੈ।ਮਹਾਕੁੰਭ ਨੂੰ ਸਨਾਤਨ ਧਰਮ ਵਿੱਚ ਸਭ ਤੋਂ ਪਵਿੱਤਰ, ਵਿਸ਼ਾਲ ਅਤੇ ਮਹੱਤਵਪੂਰਨ ਸਮਾਗਮ ਮੰਨਿਆ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਮਹਾਕੁੰਭ ਵਿੱਚ ਇਸ਼ਨਾਨ ਕਰਨ ਨਾਲ ਪਾਪਾਂ ਤੋਂ ਮੁਕਤੀ ਮਿਲਦੀ ਹੈ ਅਤੇ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ।ਮਹਾਕੁੰਭ ਦੁਨੀਆ ਦਾ ਸਭ ਤੋਂ ਵੱਡਾ ਧਾਰਮਿਕ ਇਕੱਠ ਹੈ, ਇਹ ਹਰ 12 ਸਾਲਾਂ ਬਾਅਦ ਪ੍ਰਯਾਗਰਾਜ, ਹਰਿਦੁਆਰ, ਉਜੈਨ ਅਤੇ ਨਾਸਿਕ ਵਿੱਚ ਆਯੋਜਿਤ ਕੀਤਾ ਜਾਂਦਾ ਹੈ। ਮਹਾਕੁੰਭ ਵਿੱਚ ਗੰਗਾ, ਯਮੁਨਾ, ਸਰਸਵਤੀ, ਗੋਦਾਵਰੀ ਅਤੇ ਕਸ਼ਪਰਾ ਨਦੀਆਂ ਵਿੱਚ ਇਸ਼ਨਾਨ ਕੀਤਾ ਜਾਂਦਾ ਹੈ, ਅਜਿਹਾ ਮੰਨਿਆ ਜਾਂਦਾ ਹੈ ਕਿ ਮਹਾਕੁੰਭ ਵਿੱਚ ਇਸ਼ਨਾਨ ਕਰਨ ਨਾਲ ਜੀਵਨ ਦੇ ਸਾਰੇ ਪਾਪਾਂ ਤੋਂ ਛੁਟਕਾਰਾ ਮਿਲਦਾ ਹੈ।ਮਹਾਕੁੰਭ ਵਿੱਚ ਇਸ਼ਨਾਨ ਕਰਨ ਨਾਲ ਮਨੁੱਖ ਨੂੰ ਹਰ ਪਾਪ ਤੋਂ ਮੁਕਤੀ ਮਿਲਦੀ ਹੈ ਅਤੇ ਮਹਾਕੁੰਭ ਵਿੱਚ ਇਸ਼ਨਾਨ ਕਰਨ ਨਾਲ ਅਧਿਆਤਮਿਕ ਸ਼ੁੱਧੀ, ਪਾਪਾਂ ਦਾ ਪ੍ਰਾਸਚਿਤ, ਪੁੰਨ ਦੀ ਪ੍ਰਾਪਤੀ ਅਤੇ ਮੁਕਤੀ ਮਿਲਦੀ ਹੈ।

ਇਸ ਮੌਕੇ ਅਸ਼ੋਕ ਕੁਮਾਰ ਬਾਂਸਲ, ਹੈਪੀ ਕੁਮਾਰ, ਕਰਨ ਮੌਦਗਿਲ, ਲਵੀਸ਼ ਬਾਂਸਲ, ਆਸ਼ੂ ਕੁਮਾਰ, ਸ਼ਿਵਮ ਗੁਪਤਾ ਸਮੇਤ ਸਮੁੱਚੀ ਗੁੜ ਮੰਡੀ ਐਸੋਸੀਏਸ਼ਨ ਦੇ ਸਮੂਹ ਮੈਂਬਰ ਹਾਜ਼ਰ ਸਨ।

# ਗੜ੍ਹੇਮਾਰੀ ਨਾਲ ਹੋਏ ਨੁਕਸਾਨ ਦੀ ਜਲਦੀ ਭਰਪਾਈ ਕਰੇ ਸਰਕਾਰ: ਹਰਿੰਦਰਪਾਲ ਚੰਦੂਮਾਜਰਾ

**ਸਨੌਰ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਆਪਣੀ ਟੀਮ ਸਮੇਤ ਗੜ੍ਹੇਮਾਰੀ ਪ੍ਰਭਾਵਿਤ ਕਿਸਾਨ ਨੂੰ ਮਿਲੇ ਅਤੇ ਨੁਕਸਾਨੀਆਂ ਗਈਆਂ ਫਸਲਾਂ ਦਾ ਜਾਇਜਾ ਲਿਆ। ਇਸ ਦੌਰਾਨ ਉਹ ਪਿੰਡ ਬੱਤਾ, ਬੱਤੀ, ਕਰਨਪੁਰ, ਮਲਕਪੁਰ, ਸਿਰਕੱਪੜਾ ਕੱਪੜਾ ਆਦਿ ਪਿੰਡਾਂ ਵਿਚ ਪਹੁੰਚੇ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਸਰਕਾਰ ਪਹਿਲ ਦੇ ਅਧਾਰ 'ਤੇ ਗਿਰਦਾਵਰੀ ਕਰਵਾ ਕੇ ਜਿਹੜੇ ਕਿਸਾਨਾ ਦੀਆਂ ਫਸਲਾਂ ਨੁਕਸਾਨੀਆਂ ਗਈਆਂ ਹਨ, ਉਨ੍ਹਾਂ ਦੀ ਭਰਪਾਈ ਕਰਨ ਅਤੇ ਮੁਆਵਜਾ ਦੇਣ। ਉਨ੍ਹਾਂ ਕਿਹਾ ਕਿ ਦੋ ਸਾਲ ਪਹਿਲਾਂ ਆਏ ਹੜ੍ਹਾਂ ਤੋਂ ਅਜੇ ਨੁਕਸਾਨ ਉਭਰੇ ਨਹੀਂ ਸਨ ਕਿ ਹੁਣ ਗੜ੍ਹੇਮਾਰੀ ਨੇ ਵੱਡਾ ਨੁਕਸਾਨ ਕਰ ਦਿੱਤਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸਾਲ 2023 ਵਿਚ ਆਏ ਹੜ੍ਹਾਂ ਦਾ ਨਾ ਤਾ ਮੁਆਵਜਾ ਦਿੱਤਾ ਅਤੇ ਦੋ ਸਾਲ ਬੀਤ ਜਾਣ ਦੇ ਬਾਵਜੂਦ ਵੀ ਅਜੇ ਤੱਕ ਸੜ੍ਹਕਾਂ ਦੀ ਰਿਪੇਅਰ ਤੱਕ ਨਹੀਂ ਕੀਤੀ ਗਈ। ਇਥੋਂ ਤੱਕ ਪਟਿਆਲਾ ਪਿਹੋਵਾ ਵਰਗੀ ਮੇਨ ਰੋਡ ਵੀ ਅਜੇ ਤੱਕ ਨਹੀਂ ਬਣਾਈ ਗਈ। ਉਨ੍ਹਾਂ ਕਿਹਾ ਕਿ ਕਈ ਇਲਾਕਿਆਂ ਵਿਚ ਗੜ੍ਹੇਮਾਰੀ ਨਾਲ 80 ਤੋਂ 90 ਫੀਸਦੀ ਤੋਂ ਜਿਆਦਾ ਦਾ ਨੁਕਸਾਨ ਹੋ ਚੁੱਕਿਆ ਹੈ, ਜੋ ਕਿਸਾਨਾ ਲਈ ਵੱਡਾ ਝਟਕਾ ਹੈ। ਇਸ ਲਈ ਸਰਕਾਰ ਨੂੰ ਤੁਰੰਤ ਸ਼ਪੈਸ਼ਲ ਗਿਰਦਾਵਰੀ ਕਰਵਾ ਕੇ ਕਿਸਾਨਾ ਤੁਰੰਤ ਮੁਆਵਜਾ ਦੇਣਾ ਚਾਹੀਦਾ ਹੈ। ਇਸ ਮੌਕੇ ਜਗਜੀਤ ਸਿੰਘ ਕੋਹਲੀ ,ਜਸਬੀਰ ਸਿੰਘ ਲਲੀਨਾ, ਜਸਪ੍ਰੀਤ ਸਿੰਘ ਬੱਤਾ, ਸੁਖਵਿੰਦਰ ਸਿੰਘ ਬੱਤਾ, ਬਿੰਦਰ ਸਿੰਘ ਬੱਤੀ, ਮਨਦੀਪ ਸਿੰਘ ਬੱਤੀ, ਦੇਵੀ ਦਿਆਲ, ਹਰਜੀਤ ਸਿੰਘ ਕਰਨਪੁਰ, ਨਰਪਿੰਦਰ ਸਿੰਘ ਕਰਨਪੁਰ, ਰਣਧੀਰ ਸਿੰਘ ਕਰਨਪੁਰ, ਲਖਬੀਰ ਸਿੰਘ ਕਰਨਪੁਰ, ਇੰਦਰਜੀਤ ਸਿੰਘ ਮਲਕਪੁਰ,ਸੁੱਚਾ ਸਿੰਘ ਮਲਕਪੁਰ, ਆਦਿ ਵਿਸ਼ੇਸ ਤੌਰ 'ਤੇ ਹਾਜ਼ਰ ਸਨ।

# ਸਿਵਲ ਹਸਪਤਾਲ ਤਰਨ ਤਾਰਨ ਵਿਖੇ ਸਥਾਪਿਤ ਕੀਤਾ ਗਿਆ ਐਨਸੀਡੀ ਕਾਰਨਰ

**ਤਰਨ ਤਾਰਨ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਵੱਲੋਂ ਗੈਰ ਸੰਚਾਰੀ ਰੋਗਾਂ ਵਿਰੁੱਧ ਚਲਾਈ ਗਈ ਮੁਹਿੰਮ ਸਬੰਧੀ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਹੋਇਆਂ ਜ਼ਿਲਾ ਤਰਨ ਤਾਰਨ ਦੇ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਦੀ ਰਹਿਨੁਮਾਈ ਅਤੇ ਜ਼ਿਲਾ ਪਰਿਵਾਰ ਭਲਾਈ ਅਫਸਰ ਡਾਕਟਰ ਸਤਵਿੰਦਰ ਕੁਮਾਰ ਦੀ ਅਗਵਾਈ ਹੇਠ ਸਿਵਲ ਹਸਪਤਾਲ ਤਰਨ ਤਾਰਨ ਵਿਖੇ ਗੈਰ ਸੰਚਾਰੀ ਰੋਗਾਂ ਦੀ ਮੁਢਲੀ ਜਾਂਚ ਦੇ ਮੰਤਵ ਨਾਲ ਵਿਸ਼ੇਸ਼ ਕਾਰਨਰ ਸਥਾਪਿਤ ਕੀਤਾ ਗਿਆ। ਇਸ ਮੌਕੇ ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਸਰਬਜੀਤ ਸਿੰਘ ਵੀ ਮੌਜੂਦ ਰਹੇ।

# ਕੌਂਸਲਰ ਬੁਟੇਰਲਾ ਨੇ ਸਵਰਗੀ ਪਿਤਾ ਦੀ ਯਾਦ ਵਿੱਚ ਲਗਾਇਆ ਖੂਨਦਾਨ ਅਤੇ ਮੈਡੀਕਲ ਚੈਕਅੱਪ ਕੈਂਪ

**ਚੰਡੀਗੜ੍ਹ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**




ਨਗਰ ਨਿਗਮ ਚੰਡੀਗੜ੍ਹ ਦੇ ਵਾਰਡ ਨੰਬਰ 30 ਤੋਂ ਕੌਂਸਲਰ ਅਤੇ ਚੰਡੀਗੜ੍ਹ ਸਟੇਟ ਕੋਆਪ੍ਰੇਟਿਵ ਬੈਂਕ ਦੇ ਡਾਇਰੈਕਟਰ ਹਰਦੀਪ ਸਿੰਘ ਬੁਟੇਰਲਾ ਵੱਲੋਂ ਆਪਣੇ ਸਵਰਗੀ ਪਿਤਾ ਗੁਰਨਾਮ ਸਿੰਘ ਬੁਟੇਰਲਾ ਦੀ ਯਾਦ ਵਿੱਚ 29ਵਾਂ ਖੂਨਦਾਨ ਕੈਂਪ ਅਤੇ ਮੁਫ਼ਤ ਮੈਡੀਕਲ ਚੈਕਅੱਪ ਕੈਂਪ ਸੈਕਟਰ 41 ਦੇ ਕਮਿਊਨਿਟੀ ਸੈਂਟਰ ਵਿਖੇ ਲਗਾਇਆ ਗਿਆ।

ਕੈਂਪ ਦਾ ਉਦਘਾਟਨ ਚੰਡੀਗੜ੍ਹ ਤੋਂ ਮੈਂਬਰ ਪਾਰਲੀਮੈਂਟ ਮੁਨੀਸ਼ ਤਿਵਾੜੀ ਵੱਲੋਂ ਕੀਤਾ ਗਿਆ। ਚੰਡੀਗੜ੍ਹ ਪ੍ਰਦੇਸ਼ ਕਾਂਗਰਸ ਪ੍ਰਧਾਨ ਐੱਚ.ਐੱਸ. ਲੱਕੀ ਵੀ ਉਨ੍ਹਾਂ ਦੇ ਨਾਲ ਸਨ। ਆਮ ਆਦਮੀ ਪਾਰਟੀ ਦੇ ਪ੍ਰਦੇਸ਼ ਪ੍ਰਧਾਨ ਵਿਜੈ ਪਾਲ ਸਿੰਘ ਨੇ ਵੀ ਕੈਂਪ ਵਿੱਚ ਸ਼ਮੂਲੀਅਤ ਕੀਤੀ।

ਮੁੱਖ ਮਹਿਮਾਨ ਸ੍ਰੀ ਮੁਨੀਸ਼ ਤਿਵਾੜੀ ਨੇ ਕੌਂਸਲਰ ਬੁਟੇਰਲਾ ਵੱਲੋਂ ਆਪਣੇ ਵਾਰਡ ਵਿੱਚ ਹਰਿਆਵਲ ਅਤੇ ਪਾਰਕਾਂ ਦੀ ਸੁੰਦਰਤਾ ਨੂੰ ਕਾਇਮ ਰੱਖਣ ਲਈ ਸ਼ਲਾਘਾ ਕੀਤੀ ਅਤੇ ਉਸ ਦੇ ਨਾਲ਼-ਨਾਲ਼ ਵਾਰਡ ਨਿਵਾਸੀਆਂ ਦੀ ਸਿਹਤ ਦਾ ਧਿਆਨ ਰੱਖਣ ਲਈ ਅਜਿਹੇ ਕੈਂਪ ਲਗਾਉਣ ਅਤੇ ਖੂਨਦਾਨ ਕੈਂਪ ਲਗਾ ਕੇ ਕੀਮਤੀ ਜਾਨਾਂ ਬਚਾਉਣ ਵਿੱਚ ਪਾਏ ਜਾਂਦੇ ਯੋਗਦਾਨ ਦੀ ਤਾਰੀਫ਼ ਕੀਤੀ।

ਕੈਂਪ ਵਿੱਚ ਜਨਰਲ ਹਸਪਤਾਲ ਸੈਕਟਰ 16 ਤੋਂ ਆਈ ਡਾਕਟਰਾਂ ਦੀ ਟੀਮ ਨੇ ਖੂਨ ਦੇ 105 ਯੂਨਿਟ ਇਕੱਤਰ ਕੀਤੇ। ਖੁਦ ਹਰਦੀਪ ਸਿੰਘ ਬੁਟੇਰਲਾ ਨੇ ਵੀ ਖੂਨਦਾਨ ਕੀਤਾ। ਇਸ ਤੋਂ ਇਲਾਵਾ ਕੈਂਪ ਵਿੱਚ ਡੈਂਟਲ ਡਾਕਟਰਾਂ ਵੱਲੋਂ ਦੰਦਾਂ ਦੇ 40 ਮਰੀਜ਼ਾਂ ਦਾ ਚੈਕਅੱਪ, ਬਲੱਡ ਦੇ 98, ਕੰਨਾਂ ਦੇ 30, ਅੱਖਾਂ ਦੇ 50 ਜਦਕਿ 65 ਵਿਅਕਤੀਆਂ ਦੇ ਸਿਹਤ ਅਤੇ ਤੰਦਰੁਸਤੀ ਚੈਕਅੱਪ ਕੀਤੇ ਗਏ।

ਚੰਡੀਗੜ੍ਹ ਨਗਰ ਨਿਗਮ ਦੇ ਸੀਨੀਅਰ ਡਿਪਟੀ ਮੇਅਰ ਜਸਬੀਰ ਸਿੰਘ ਬੰਟੀ, ਕੌਂਸਲਰ ਅਨਿਲ ਕੁਮਾਰ ਦੂਬੇ, ਯੋਗੇਸ਼ ਢੀਂਗਰਾ, ਖਰੜ ਤੋਂ ਭਾਜਪਾ ਆਗੂ ਕਮਲਦੀਪ ਸਿੰਘ ਸੈਣੀ, ਆਮ ਆਦਮੀ ਪਾਰਟੀ ਦੇ ਮੁਲਾਜ਼ਮ ਵਿੰਗ ਦੇ ਸੂਬਾ ਮੀਤ ਪ੍ਰਧਾਨ ਗੁਰਮੇਲ ਸਿੰਘ ਸਿੱਧੂ ਸਮੇਤ ਚੰਡੀਗੜ੍ਹ ਪੁਲਿਸ ਇੰਸਪੈਕਟਰ ਚਰੰਜੀ ਲਾਲ ਵੀ ਸ਼ਾਮਿਲ ਹੋਏ।

ਕੈਂਪ ਵਿੱਚ ਆਏ ਮਹਿਮਾਨਾਂ ਸਮੇਤ ਖੂਨਦਾਨੀਆਂ ਨੂੰ ਪੌਦੇ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਖੂਨਦਾਨੀਆਂ ਵਾਸਤੇ ਰਿਫਰੈਸ਼ਮੈਂਟ ਦੇ ਵਧੀਆ ਪ੍ਰਬੰਧ ਕੀਤੇ ਹੋਏ ਸਨ।

ਅੰਤ ਵਿੱਚ ਕੌਂਸਲਰ ਹਰਦੀਪ ਸਿੰਘ ਬੁਟੇਰਲਾ ਨੇ ਕੈਂਪ ਵਿੱਚ ਆਏ ਸਾਰੇ ਮਹਿਮਾਨਾਂ, ਕੈਂਪ ਨੂੰ ਸਫਲ ਬਣਾਉਣ ਵਾਲੀ ਪ੍ਰਬੰਧਕ ਟੀਮ ਦੇ ਮੈਂਬਰਾਂ ਸਮੇਤ ਖੂਨਦਾਨੀਆਂ ਦਾ ਵਿਸ਼ੇਸ਼ ਤੌਰ ਉਤੇ ਧੰਨਵਾਦ ਕੀਤਾ।

# ਮਾਰਕੀਟ ਕਮੇਟੀਜ਼ ਨੇ ਨਵ ਨਿਯੁਕਤ ਚੇਅਰਮੈਨਾਂ ਨੇ ਹਰਚੰਦ ਸਿੰਘ ਬਰਸਟ ਨਾਲ ਕੀਤੀ ਮੁਲਾਕਾਤ

## ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਸੂਬਾ ਸਰਕਾਰ ਦੀਆਂ ਸਕੀਮਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਕੀਤਾ ਪ੍ਰੇਰਿਤ

**ਪਟਿਆਲਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀਆਂ ਮਾਰਕੀਟ ਕਮੇਟੀਜ਼ ਦੇ ਨਵ ਨਿਯੁਕਤ ਚੇਅਰਮੈਨਾਂ ਵੱਲੋਂ ਅੱਜ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ (ਆਪ), ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਨਾਲ ਪਟਿਆਲਾ ਦਫ਼ਤਰ ਵਿਖੇ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਇਸ ਮੌਕੇ ਸ. ਬਰਸਟ ਨੇ ਨਵ ਨਿਯੁਕਤ ਮਾਰਕੀਟ ਕਮੇਟੀ ਪਟਿਆਲਾ ਦੇ ਚੇਅਰਮੈਨ ਅਸ਼ੋਕ ਸਿਰਸਵਾਲ, ਮਾਰਕੀਟ ਕਮੇਟੀ ਡਕਾਲਾ ਦੇ ਚੇਅਰਮੈਨ ਹਨੀ ਮਾਲਾ, ਮਾਰਕੀਟ ਕਮੇਟੀ ਘਨੌਰ ਦੇ ਚੇਅਰਮੈਨ ਜਰਨੈਲ ਮਨੂੰ ਅਤੇ ਮਾਰਕੀਟ ਕਮੇਟੀ ਨਾਭਾ ਦੇ ਚੇਅਰਮੈਨ ਗੁਰਦੀਪ ਸਿੰਘ ਟਿਵਾਣਾ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ।



ਸ. ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀ ਆਪਣੀ ਸਰਕਾਰ ਹੈ ਅਤੇ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਅਤੇ ਸੂਬੇ ਦੀ ਤਰੱਕੀ ਲਈ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਮਕਸਦ ਜ਼ਮੀਨੀ ਪੱਧਰ ਤੇ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਇਆ ਕਰਵਾਉਣਾ ਹੈ। ਇਸ ਲਈ ਸਾਰੀਆਂ ਨੂੰ ਸੂਬਾ ਸਰਕਾਰ ਦੀਆਂ ਲੋਕ ਭਲਾਈ ਦੀਆਂ ਸਕੀਮਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਕਾਰਜ ਕਰਨੇ ਚਾਹੀਦੇ ਹਨ। ਉਨ੍ਹਾਂ ਉਮੀਦ ਜਤਾਈ ਕਿ ਨਵ ਨਿਯੁਕਤ ਚੇਅਰਮੈਨਾਂ ਵੱਲੋਂ ਆਪਣੀ ਜਿੰਮੇਵਾਰੀਆਂ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਜਾਵੇਗਾ।

ਇਸ ਮੌਕੇ ਨਵ ਨਿਯੁਕਤ ਚੇਅਰਮੈਨਾਂ ਨੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦੀਆਂ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਵਿਸ਼ਵਾਸ ਦਵਾਇਆ ਕਿ ਉਹ ਪੂਰੀ ਤਨਦੇਹੀ ਨਾਲ ਆਪਣੀਆਂ ਜਿੰਮੇਵਾਰੀਆਂ ਨੂੰ ਨਿਭਾਉਂਗੇ ਅਤੇ ਲੋਕ ਹਿਤ ਵਿੱਚ ਕਾਰਜ ਕਰਨਗੇ। ਇਸ ਮੌਕੇ ਮਾਰਕੀਟ ਕਮੇਟੀ ਭਾਦਸੋਂ ਦੇ ਚੇਅਰਮੈਨ ਗੁਰਦੀਪ ਸਿੰਘ ਦੀਪਾ ਰਾਮਗੜ੍ਹ, ਹਰਿੰਦਰ ਸਿੰਘ ਧਬਲਾਨ ਸਮੇਤ ਹੋਰ ਵੀ ਮੌਜੂਦ ਰਹੇ।

# ਬੋਲੇਪਨ ਤੋਂ ਬਚਾਅ ਅਤੇ ਜਾਗਰੂਕਤਾ ਲਈ ਮਨਾਇਆ ਵਿਸ਼ਵ ਸੁਣਨ ਦਿਵਸ, 60 ਸਾਲ ਦੀ ਉਮਰ ਤੋਂ ਬਾਦ ਕੰਨਾਂ ਦੀ ਨਿਯਮਤ ਜਾਂਚ ਜਰੂਰੀ: ਡਾ. ਜਗਪਾਲਇੰਦਰ ਸਿੰਘ



ਪੋਸਟਰ ਜਾਰੀ ਕਰਦੇ ਹੋਏ ਸਿਵਲ ਸਰਜਨ ਪਟਿਆਲਾ ਅਤੇ ਜਿਲ੍ਹਾ ਸਿਹਤ ਅਧਿਕਾਰੀ।

**ਪਟਿਆਲਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬੋਲੇਪਣ ਤੋਂ ਬਚਾਅ ਅਤੇ ਰੋਕਥਾਮ ਦੀ ਜਾਗਰੂਕਤਾ ਲਈ ਜਿਲ੍ਹਾ ਸਿਹਤ ਵਿਭਾਗ ਪਟਿਆਲਾ ਵੱਲੋਂ ਮਾਤਾ ਕੁਸ਼ਲਿਆ ਹਸਪਤਾਲ ਵਿਖੇ ਕੰਨਾਂ ਦੀ ਦੇਖ ਰੇਖ ਅਤੇ ਬਿਮਾਰੀਆਂ ਪ੍ਰਤੀ ਜਾਗਰੂਕਤਾ ਲਈ ਵਿਸ਼ਵ ਸੁਣਨ ਦਿਵਸ ਦਾ ਆਯੋਜਨ ਡਾ. ਜਗਪਾਲਇੰਦਰ ਸਿੰਘ ਦੀ ਅਗਵਾਈ ਹੇਠ ਕੀਤਾ ਗਿਆ। ਇਸ ਮੌਕੇ ਸਿਵਲ ਸਰਜਨ ਅਤੇ ਸਿਹਤ ਅਧਿਕਾਰੀਆਂ ਵੱਲੋਂ ਪੋਸਟਰ ਜਾਰੀ ਕੀਤਾ ਗਿਆ। ਸੰਬੋਧਨ ਕਰਦਿਆਂ ਸਿਵਲ ਸਰਜਨ ਨੇ ਕਿਹਾ ਕਿ ਵਿਸ਼ਵ ਸਿਹਤ ਸੰਸਥਾਂ ਦੇ ਅਨੁਸਾਰ ਅੱਜ ਪੂਰੀ ਦੁਨੀਆਂ ਵਿੱਚ ਘੱਟ ਸੁਣਨ ਦੀ ਸ਼ਕਤੀ ਕਾਰਨ ਜੋ ਸੱਮਸਿਆ ਪੈਦਾ ਹੋ ਰਹੀ ਹੈ, ਉਸ ਦਾ ਸਭ ਤੋਂ ਵੱਡਾ ਕਾਰਣ ਲੰਬੇ ਸਮੇਂ ਤੱਕ ਤੇਜ ਅਵਾਜ ਵਿੱਚ ਮਿਉਜਕ ਸੁਣਨਾ ਹੈ ਅਤੇ ਅੱਜ ਦੁਨੀਆਂ ਦੇ 60 ਪ੍ਰਤੀਸ਼ਤ ਯੁਵਾ ਇਸ ਬਿਮਾਰੀ ਨਾਲ ਪ੍ਰਭਾਵਤ ਹੋ ਰਹੇ ਹਨ। ਉਹਨਾਂ ਕਿਹਾ ਕਿ ਜਦੋਂ ਵਿਅਕਤੀ ਸੁਣਨ ਦੀ ਸ਼ਕਤੀ ਖੋਹ ਦਿੰਦਾ ਹੇ ਤਾਂ ਉਸ ਨੂੰ ਜਿਥੇ ਭਾਸ਼ਾ ਸਿੱਖਣ ਵਿੱਚ ਦਿੱਕਤ ਆਉਂਦੀ ਹੈ ਉਥੇ ਉਸ ਦਾ ਦੁਸਰਿਆਂ ਨਾਲ ਗੱਲਬਾਤ ਕਰਨ ਦਾ ਦਾਇਰਾ ਵੀ ਸੀਮਤ ਹੋ ਜਾਂਦਾ ਹੈ। ਉਹਨਾਂ ਕਿਹਾ ਕਿ ਕੰਨਾਂ ਵਿੱਚ ਖੂਨ ਵਗਣਾ ਜਾਂ ਦਰਦ ਹੋਣਾ ਗੰਭੀਰ ਮਸਲਾ ਹੋ ਸਕਦਾ ਹੈ।ਕੰਨਾਂ ਵਿੱਚ ਤੇਲ ਜਾਂ ਤਿਖੀਆਂ ਚੀਜਾਂ /ਮਾਚਸ ਦੀ ਤੀਲੀ /ਕੰਨਾਂ ਨੂੰ ਸਾਫ ਕਰਨ ਲਈ ਬਡਜ ਦੀ ਵਰਤੋਂ ਕਰਨ ਤੋਂ ਗੁਰੇਜ ਕੀਤਾ ਜਾਵੇ। ਕੰਨਾਂ ਨੂੰ ਨੁਕਸਾਨ ਹੋਣ ਤੋਂ ਬਚਾਉਣ ਲਈ ਕੰਨਾਂ ਨੂੰ ਟੀ.ਵੀ.,ਰੇਡੀਓ, ਈਅਰ ਫੋਨ, ਪਟਾਕੇ, ਉੱਚੀ ਅਵਾਜ ਤੋਂ ਵੀ ਬਚਾਅ ਕੇ ਰੱਖਿਆ ਜਾਵੇ। ਗਰਭ ਅਵਸਥਾ ਦੋਰਾਣ ਡਾਕਟਰ ਦੀ ਸਲਾਹ ਤੋਂ ਬਿਨਾਂ ਕੋਈ ਦਵਾਈ ਨਾ ਲਈ ਜਾਵੇ। ਨਵ ਜਨਮੇਂ ਬੱਚਿਆਂ ਦਾ ਪੂਰਾ ਟੀਕਾਕਰਨ ਕਰਵਾਏਆ ਜਾਵੇ ਅਤੇ ਕੰਨਾਂ ਦੀਆਂ ਹੋਣ ਵਾਲੀਆਂ ਸਮਸਿਆਂਵਾ ਨੂੰ ਨਜਰ ਅੰਦਾਜ ਨਾ ਕੀਤਾ ਜਾਵੇ। ਉਹਨਾਂ ਕਿਹਾ ਕਿ 60 ਸਾਲ ਦੀ ਉਮਰ ਤੋਂ ਬਾਅਦ ਹਰੇਕ ਬਜੁਰਗ ਨੂੰ ਕੰਨਾਂ ਦੀ ਜਾਂਚ ਕਰਵਾਉਣੀ ਜਰੂਰੀ ਹੈ। ਜੇਕਰ ਬੱਚਾ ਸਕੂਲ ਵਿੱਚ ਪੜਾਈ ਦੋਰਾਣ ਥੋੜੀ ਦੂਰੀ ਤੋਂ ਅਧਿਆਪਕ ਦੀ ਅਵਾਜ ਵੱਲ ਧਿਆਨ ਨਹੀ ਦੇ ਰਿਹਾ ਤਾਂ ਅਜਿਹੇ ਬੱਚਿਆਂ ਦੇ ਕੰਨਾਂ ਦੀ ਡਾਕਟਰ ਤੋਂ ਜਾਂਚ ਕਰਵਾਉਣੀ ਜਰੂਰੀ ਹੈ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਮਾਤਾ ਕੁਸ਼ਲਿਆ ਡਾ.ਵਿਕਾਸ ਗੋਇਲ, ਜਿਲ੍ਹਾ ਐਪੀਡੀਮੋਲੋਜਿਸਟ ਡਾ.ਸੁਮੀਤ ਸਿੰਘ, ਜਿਲ੍ਹਾ ਮਾਸਮੀਡੀਆ ਅਫਸਰ ਕੁਲਵੀਰ ਕੌਰ, ਜਿਲ੍ਹਾ ਬੀ.ਸੀ.ਸੀ ਕੁਆਰਡੀਨੇਟਰ ਜਸਬੀਰ ਕੌਰ, ਬੀ. ਈ. ਈ ਸ਼ਾਯਾਨ ਜ਼ਫਰ, ਬਿਟੂ ਕੁਮਾਰ, ਨਰਸਿੰਗ ਵਿਦਿਆਰਥੀ ਅਤੇ ਮਰੀਜ ਵੀ ਹਾਜਰ ਸਨ।

# ਮਾਰਕੀਟ ਕਮੇਟੀ ਪਟਿਆਲਾ ਦੇ ਚੇਅਰਮੈਨ ਬਣੇ ਅਸ਼ੋਕ ਸਿਰਸਵਾਲ



**ਪਟਿਆਲਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਟਕਸਾਲੀ ਆਗੂ ਅਸ਼ੋਕ ਸਿਰਸਵਾਲ ਨੂੰ ਪੰਜਾਬ ਸਰਕਾਰ ਵੱਲੋਂ ਮਾਰਕੀਟ ਕਮੇਟੀ ਪਟਿਆਲਾ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਇਸ ਮੋਕੇ ਮਾਰਕੀਟ ਕਮੇਟੀ ਦੇ ਚੇਅਰਮੇਨ ਅਸ਼ੋਕ ਸਿਰਸਵਾਲ ਅਤੇ ਵਾਰਡ ਨੰਬਰ -25 ਤੋ ਐਮ ਸੀ ਰੁਪਾਲੀ ਗਰਗ ਰਾਜ ਕੁਮਾਰ ਮਿਠਾਰੀਆ ਦੇ ਦਫਤਰ ਵਿਖੇ ਵਿਸੇਸ ਤੋਰ ਤੇ ਪਹੁੰਚੇ ਅਤੇ ਉਹਨਾ ਨੂੰ ਮਾਰਕੀਟ ਕਮੇਟੀ ਐਸੋਸੀਏਸਨ ਦੇ ਪ੍ਰਧਾਨ ਸਰਦਾਰ ਰਜਿੰਦਰ ਸਿੰਘ ਜੀ ਅਤੇ ਜਰਨਲ ਸੇਕਟਰੀ ਸ਼੍ਰੀ ਰਾਜਿੰਦਰ ਕੁਮਾਰ ਖੰਨਾ ਵੱਲੋ ਸਿਰੋਪਾ ਪਾ ਕੇ ਸਨਮਾਨਿਤ ਕੀਤਾ ਅਸ਼ੋਕ ਸਿਰਸਵਾਲ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਇਸ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ।

ਇਸ ਦੌਰਾਨ ਉਨ੍ਹਾਂ ਕਿਹਾ ਕਿ ਹੋਰਨਾਂ ਨੂੰ ਨਾਲ ਲੈ ਕੇ ਚੱਲਣਗੇ ਤੇ ਪਾਰਟੀਆਂ ਵੱਲੋਂ ?ਸੌਂਪੀ ਗਈ ਹਰ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਉਣਗੇ। ਇਸ ਮੌਕੇ ਪ੍ਰਦੀਪ ਗਰਗ, ਅਮਰਜੀਤ ਸਿੰਘ ਭਾਟੀਆ, ਸੀਨੀਅਰ ਆਗੂ ਅਮ੍ਰਿਤਵੀਰ ਸਿੰਘ ਗੁਲਾਟੀ, ਜਸਵਿੰਦਰ ਕੁਮਾਰ ,ਗੁਰਦੀਪ ਸਿੰਘ ਮਾਨ ਰਣਧੀਰ ਸਿੰਘ ਖਟੜਾ, ਯਸ਼ ਕੁਮਾਰ, ਰੋਹਨ ਕੁਮਾਰ ਤੋ ਇਲਾਵਾ ਹੋਰ ਸਾਥੀ ਮੋਜੂਦ ਸਨ ।

# ਬਠਿੰਡਾ ਵਿੱਚ ਨਸ਼ਾ ਤਸਕਰਾਂ ਦੀ ਗੈਰ-ਕਾਨੂੰਨੀ ਜਾਇਦਾਦ ’ਤੇ ਵੱਡੀ ਕਾਰਵਾਈ

## ਮਹਿਜ਼ 7 ਦਿਨਾਂ ਵਿੱਚ ਸੂਬੇ ਭਰ ’ਚ 8 ਨਸ਼ਾ ਤਸਕਰਾਂ ਦੀਆਂ ਗ਼ੈਰ-ਕਾਨੂੰਨੀ ਜਾਇਦਾਦਾਂ ਢਾਹੀਆਂ

**ਚੰਡੀਗੜ੍ਹ/ਬਠਿੰਡਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਅਗਵਾਈ ਹੇਠ ਸੂਬਾ ਸਰਕਾਰ ਵੱ ਲੋਂ ਚਲਾਈ ਜਾ ਰਹੀ ‘‘ਯੁੱਧ ਨਸ਼ਿਆਂ ਵਿਰੁੱਧ’’ ਪਹਿਲਕਦਮੀ ਤਹਿਤ ਸੂਬੇ ਭਰ ਵਿੱਚ ਨਸ਼ਿਆਂ ਦੇ ਗੈਰ-ਕਾਨੂੰਨੀ ਕਾਰੋਬਾਰ ਨੂੰ ਜੜ੍ਹੋਂ ਖਤਮ ਕਰਨ ਲਈ ਕੋਸ਼ਿਸ਼ਾਂ ਹੋਰ ਤੇਜ਼ ਕਰ ਦਿੱਤੀਆਂ ਗਈਆਂ ਹਨ। ਮਹਿਜ਼ 7 ਦਿਨਾਂ ਵਿੱਚ ਸੂਬੇ ਭਰ ’ਚ 8 ਨਸ਼ਾ ਤਸਕਰਾਂ ਦੀਆਂ ਗ਼ੈਰ-ਕਾਨੂੰਨੀ ਜਾਇਦਾਦਾਂ ਢਾਹ ਦਿੱਤੀਆਂ ਗਈਆਂ ਹਨ।



ਜ਼ਿਲ੍ਹਾ ਬਠਿੰਡਾ ਵਿੱਚ ਨਸ਼ਿਆਂ ਵਿਰੁੱਧ ਕੀਤੀ ਵੱਡੀ ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਐਸਐਸਪੀ ਮੈਡਮ ਅਮਨੀਤ ਕੌਂਡਲ ਨੇ ਦੱਸਿਆ ਕਿ ਨਸ਼ਾ ਤਸਕਰੀ ਕਰਨ ਦੇ ਹੌਟਸਪਾਟ ਖੇਤਰ ਪਿੰਡ ਬੀੜ ਤਲਾਬ ਵਿਖੇ ਨਸ਼ੇ ਦਾ ਧੰਦਾ ਕਰਨ ਵਾਲੇ ਵਿਅਕਤੀ ਸੂਰਜ ਦੀ ਪਤਨੀ ਕੁਲਵਿੰਦਰ ਕੌਰ ਵਲੋਂ ਸਰਕਾਰੀ ਜ਼ਮੀਨ ’ਤੇ ਨਜਾਇਜ਼ ਉਸਾਰੀ ਕੀਤੀ ਜਾ ਰਹੀ ਸੀ, ਜਿਸਨੂੰ ਅੱਜ ਪੁਲਿਸ ਵੱਲੋਂ ਸਖ਼ਤ ਕਾਰਵਾਈ ਕਰਦਿਆਂ ਢਹਿ-ਢੇਰੀ ਕਰ ਦਿੱਤਾ ਗਿਆ।

ਮੈਡਮ ਅਮਨੀਤ ਕੌਂਡਲ ਨੇ ਮੀਡੀਆਂ ਦੇ ਇਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਨਸ਼ਾ ਤਸਕਰ ਸੂਰਜ ’ਤੇ ਨੌ ਮੁਕੱਦਮੇ ਦਰਜ ਹਨ, ਜੋ ਕਿ ਹੁਣ ਜੇਲ੍ਹ ਵਿੱਚ ਬੰਦ ਹੈ।

ਇਸ ਤੋਂ ਇਲਾਵਾ ਉਸ ਦੇ ਭਰਾ ’ਤੇ ਵੀ ਐਨ.ਡੀ.ਪੀ.ਐਸ. ਐਕਟ ਤਹਿਤ ਮੁਕੱਦਮੇ ਦਰਜ ਹਨ। ਉਨ੍ਹਾਂ ਕਿਹਾ ਕਿ ਨਸ਼ੇ ਦੀ ਆੜ ਵਿੱਚ ਇਸ ਤਰ੍ਹਾਂ ਦੀ ਪ੍ਰੋਪਰਟੀ ਬਣਾਉਣ ਵਾਲਿਆਂ ਖਿਲਾਫ ਕਾਨੂੰਨ ਦੇ ਦਾਇਰੇ ’ਚ ਰਹਿ ਕੇ ਕਾਰਵਾਈ ਕੀਤੀ ਜਾਵੇਗੀ ਅਤੇ ਕਿਸੇ ਵੀ ਨਸ਼ਾ ਤਸਕਰ ਕਰਨ ਵਾਲੇ ਨੂੰ ਬਖਸ਼ਿਆ ਜਾਵੇਗਾ।

ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਪਿੰਡਾਂ ਜਾਂ ਸ਼ਹਿਰਾਂ ਚ ਤੁਹਾਡੇ ਆਲੇ-ਦੁਆਲੇ ਕੋਈ ਵੀ ਤਸਕਰ ਨਸ਼ਾ ਵੇਚਦਾ ਹੈ ਤਾਂ ਤੁਰੰਤ ਪੁਲਿਸ ਦੇ ਟੋਲ ਫ਼ਰੀ ਜਾਂ ਵਟਸਐਪ ਨੰਬਰ 91155-02252 ਜਾਂ ਕੰਟਰੋਲ ਰੂਮ ਦੇ ਨੰਬਰ 75080-09080 ’ਤੇ ਸੂਚਨਾ ਦਿੱਤੀ ਜਾ ਸਕਦੀ ਹੈ ਜਾਂ ਸਿੱਧਾ ਦਫ਼ਤਰ ਪਹੁੰਚ ਕੇ ਵੀ ਸੰਪਰਕ ਕੀਤਾ ਜਾ ਸਕਦਾ ਹੈ । ਉਨ੍ਹਾਂ ਇਹ ਵੀ ਕਿਹਾ ਕਿ ਨਸ਼ੇ ਕਾਰੋਬਾਰੀਆਂ ਦਾ ਪਤਾ ਦੱਸਣ ਵਾਲੇ ਵਿਅਕਤੀ ਦੀ ਪਹਿਚਾਣ ਤੇ ਨਾਮ ਗੁਪਤ ਰੱਖਿਆ ਜਾਵੇਗਾ।

# ਵਿਆਹ ਤੋਂ ਕੁਝ ਦਿਨ ਬਾਅਦ ਹੀ ਲੱਖਾਂ ਰੁਪਏ ਦਾ ਚੂਨਾ ਲਗਾ ਕੇ ਭੱਜੀ ਠੱਗ ਪਤਨੀ ਉੱਤਰ ਪ੍ਰਦੇਸ਼ ਤੋਂ ਗ੍ਰਿਫ਼ਤਾਰ



**ਬਰਨਾਲਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਆਹ ਤੋਂ ਕੁਝ ਦਿਨ ਬਾਅਦ ਹੀ ਪਤੀਦੇਵ ਨੂੰ ਲੱਖਾਂ ਰੁਪਏ ਦਾ ਚੂਨਾ ਲਗਾ ਕੇ ਭੱਜੀ ਠੱਗ ਪਤਨੀ ਨੂੰ ਸ਼ੇਰਪੁਰ ਪੁਲਿਸ ਨੇ ਉੱਤਰ ਪ੍ਰਦੇਸ਼ ਤੋਂ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ।

ਇਸ ਅਨੋਖੀ ਅਤੇ ਸਾਜ਼ਿਸ਼ ਭਰੀ ਠੱਗੀ ਦਾ ਸ਼ਿਕਾਰ ਹੋਏ ਸੰਗਰੂਰ ਜ਼ਿਲ੍ਹੇ ਦੇ ਬਲਾਕ ਸ਼ੇਰਪੁਰ ਦੇ ਪਿੰਡ ਰਾਮਨਗਰ ਛੰਨਾਂ ਦੇ ਸਹਿਜਪ੍ਰੀਤ ਸਿੰਘ ਪੁੱਤਰ ਅਮ੍ਰਿਤਪਾਲ ਸਿੰਘ ਨੇ ਪੁਲਿਸ ਕੋਲ ਬਿਆਨ ਦਰਜ ਕਰਵਾਏ ਸਨ ਕਿ ਉਸਦਾ ਵਿਆਹ 14 ਫ਼ਰਵਰੀ 2025 ਨੂੰ ਵੀਰਪਾਲ ਕੌਰ ਪੁੱਤਰੀ ਚਮਕੌਰ ਸਿੰਘ ਜ਼ਿਲ੍ਹਾ ਬਰਨਾਲਾ ਨਾਲ ਸਿੱਖ ਰੀਤ-ਰਿਵਾਜਾਂ ਮੁਤਾਬਕ ਹੋਇਆ ਸੀ। ਵਿਆਹ ਤੋਂ ਕੁਝ ਦਿਨ ਬਾਅਦ 21 ਫ਼ਰਵਰੀ 2025 ਨੂੰ ਉਸਦੀ ਪਤਨੀ ਵੀਰਪਾਲ ਕੌਰ ਬਿਨਾ ਦੱਸੇ ਘਰ ਦੇ ਬਾਹਰ ਆਈ ਕਾਰ ਵਿੱਚ ਬੈਠ ਕੇ ਇੱਕ ਅਣਪਛਾਤੇ ਵਿਅਕਤੀ ਨਾਲ ਚਲੀ ਗਈ। ਪਤਨੀ ਦੇ ਇਸ ਤਰ੍ਹਾਂ ਜਾਣ ਤੋਂ ਬਾਅਦ ਜਦੋਂ ਉਸਨੇ ਘਰ ਵਿੱਚ ਜਾਂਚ ਕੀਤੀ ਤਾਂ 7 ਲੱਖ ਰੁਪਏ ਅਤੇ 20 ਤੋਲੇ ਸੋਨੇ ਦੇ ਗਹਿਣੇ ਗਾਇਬ ਸਨ। ਸਹਿਜਪ੍ਰੀਤ ਸਿੰਘ ਦੇ ਬਿਆਨਾਂ ਦੇ ਅਧਾਰ ’ਤੇ ਥਾਣਾ ਸ਼ੇਰਪੁਰ ਵਿੱਚ ਵੀਰਪਾਲ ਕੌਰ ਖ਼ਿਲਾਫ਼ ਕੇਸ ਦਰਜ ਕਰਕੇ ਪੁਲਿਸ ਨੇ ਠੱਗ ਪਤਨੀ ਦੀ ਭਾਲ ਸ਼ੁਰੂ ਕੀਤੀ। ਥਾਣਾ ਸ਼ੇਰਪੁਰ ਦੇ ਮੁਖੀ ਇੰਸਪੈਕਟਰ ਬਲਵੰਤ ਸਿੰਘ ਬਲਿੰਗ ਨੇ ਦੱਸਿਆ ਕਿ ਵੀਰਪਾਲ ਕੌਰ ਨੂੰ ਪੁਲਿਸ ਟੀਮ ਨੇ ਉੱਤਰਾਖੰਡ-ਯੂਪੀ ਦੀ ਸਰਹੱਦ ਨੇੜੇ ਬਿਲਾਸਪੁਰ ਤੋਂ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਸ ਦੀ ਨਿਸ਼ਾਨਦੇਹੀ ’ਤੇ ਗਹਿਣੇ ਵੀ ਬਰਾਮਦ ਕਰ ਲਏ ਹਨ। ਪੁਲਿਸ ਰਿਮਾਂਡ ਦੌਰਾਨ ਹੋਰ ਗਹਿਰਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

# ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਵਿਧਾਇਕ ਨੂੰ ਮੰਗ ਪੱਤਰ



**ਸਮਾਣਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੀ ਸਥਾਨਕ ਇਕਾਈ ਵੱਲੋਂ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੂੰ ਪੁਰਾਣੀ ਪੈਨਸ਼ਨ ਦਾ ਨੋਟੀਫਿਕੇਸ਼ਨ ਲਾਗੂ ਕਰਨ ਅਤੇ ਕੇਂਦਰ ਦੀ ਯੂਪੀਐੱਸ ਯੋਜਨਾ ਰੱਦ ਕਰਨ ਸਬੰਧੀ ਰੈਸਟ ਹਾਊਸ ’ਚ ਮੰਗ ਪੱਤਰ ਦਿੱਤਾ ਗਿਆ। ਇਸ ਦੌਰਾਨ ਵਿਧਾਇਕ ਨੇ ਪੁਰਾਣੀ ਪੈਨਸ਼ਨ ਦਾ ਮੁੱਦਾ ਬਜਟ ਸੈਸ਼ਨ ਵਿੱਚ ਚੁੱਕਣ ਦਾ ਭਰੋਸਾ ਦਿੱਤਾ। ਫਰੰਟ ਦੇ ਸੂਬਾ ਕਨਵੀਨਰ ਅਤਿੰਦਰ ਪਾਲ ਸਿੰਘ ਅਤੇ ਜ਼ਿਲ੍ਹਾ ਕਨਵੀਨਰ ਸਤਪਾਲ ਸਮਾਣਵੀ ਨੇ ਦੱਸਿਆ ਕਿ 18 ਨਵੰਬਰ 2022 ਨੂੰ ਕੀਤੇ ਪੁਰਾਣੀ ਪੈਨਸ਼ਨ ਦੇ ਨੋਟੀਫਿਕੇਸ਼ਨ ਨੂੰ ਮੌਜੂਦਾ ਸਮੇਂ ਯੂਪੀਐੱਸ ਸਕੀਮ ਦੀ ਆੜ ਹੇਠ ਲਾਗੂ ਕਰਨ ਤੋਂ ਪੰਜਾਬ ਸਰਕਾਰ ਟਾਲਾ ਵੱਟਦੀ ਨਜ਼ਰ ਆ ਰਹੀ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਦਾ ਵਿਸ਼ੇਸ਼ ਸਦਨ ਸੱਦ ਕੇ ਰੱਦ ਕੀਤੇ ਗਏ ਕੌਮੀ ਖੇਤੀ ਮੰਡੀ ਨੀਤੀ ਖਰੜੇ ਦੀ ਤਰਜ਼ ’ਤੇ ਕੇਂਦਰੀ ਯੂਪੀਐੱਸ ਸਕੀਮ ਨੂੰ ਵੀ ਰੱਦ ਕੀਤਾ ਜਾਵੇ ਅਤੇ ਪੁਰਾਣੀ ਪੈਨਸ਼ਨ ਦਾ ਨੋਟੀਫਿਕੇਸ਼ਨ ਲਾਗੂ ਕਰਨ ਦਾ ਐਲਾਨ ਕੀਤਾ ਜਾਵੇ। ਇਸ ਮੌਕੇ ਹਰਦੀਪ ਟੋਡਰਪੁਰ, ਹਰਵਿੰਦਰ ਸਿੰਘ ਬੇਲੂਮਾਜਰਾ, ਗੁਰਵਿੰਦਰ ਖੱਟੜਾ, ਗੁਰਤੇਜ ਗਾਜੀਪੁਰ, ਮਨਦੀਪ ਕੌਰ, ਮਨਦੀਪ ਕੌਰ ਸਿੱਧੂ, ਸੁਖਦੀਪ ਕੌਰ, ਅਮਨਦੀਪ ਤੇ ਜਸਵੀਰ ਧਨੇਠਾ ਆਦਿ ਹਾਜ਼ਰ ਸਨ।

# ਪਟੇਲ ਕਾਲਜ ’ਚ ਕਾਮਰਸ ਵਿਭਾਗ ਵੱਲੋਂ ਬਜਟ ਸੈਸ਼ਨ



ਮੁਕਾਬਲੇ ਦੇ ਜੇਤੂ ਵਿਦਿਆਰਥੀ ਕਾਲਜ ਸਟਾਫ਼ ਨਾਲ।

**ਰਾਜਪੁਰਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਵਿੱਚ ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਗਾਂਧੀ ਦੀ ਅਗਵਾਈ ਅਤੇ ਡਾ. ਜੈਦੀਪ ਸਿੰਘ (ਕਾਮਰਸ ਵਿਭਾਗ ਦੇ ਮੁਖੀ) ਦੀ ਦੇਖ-ਰੇਖ ਹੇਠ ਬਜਟ ਸੈਸ਼ਨ ਕਰਵਾਇਆ ਗਿਆ। ਬਜਟ ਸੈਸ਼ਨ ’ਚ ਦੋ ਈਵੈਂਟ ‘ਬਜਟ ਕੁਇਜ਼ 2025’ ਅਤੇ ‘ਮੌਕ ਪਾਰਲੀਮੈਂਟ’ ਸ਼ਾਮਲ ਸਨ। ਬਜਟ ਕੁਇਜ਼ ਵਿੱਚ ਲਗਭਗ 110 ਵਿਦਿਆਰਥੀਆਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚੋਂ ਬੀ.ਕਾਮ ਦੀ ਵੈਸ਼ਾਲੀ ਨੇ ਪਹਿਲਾ ਇਨਾਮ ਜਿੱਤਿਆ, ਜਦੋਂਕਿ ਲਿਪਕਸ਼ੀ ਐੱਮ.ਕਾਮ ਅਤੇ ਸਾਨੀਆ ਬੀ.ਕਾਮ ਨੇ ਕ੍ਰਮਵਾਰ ਦੂਜਾ ਅਤੇ ਤੀਜਾ ਇਨਾਮ ਜਿੱਤਿਆ। ਮੌਕ ਪਾਰਲੀਮੈਂਟ ਦੇ ਦੂਜੇ ਸਮਾਗਮ ਵਿੱਚ ਵੱਖ-ਵੱਖ ਵਿਦਿਆਰਥੀਆਂ ਨੇ ਹਿੱਸਾ ਲਿਆ ਅਤੇ ਸੱਤਾਧਾਰੀ ਪਾਰਟੀ, ਵਿਰੋਧੀ ਪਾਰਟੀ ਦੇ ਮੈਂਬਰਾਂ ਅਤੇ ਪੱਤਰਕਾਰਾਂ ਦੀਆਂ ਵੱਖ-ਵੱਖ ਭੂਮਿਕਾਵਾਂ ਨਿਭਾਈਆਂ। ਲਿਪਾਕਸ਼ੀ ਐੱਮ.ਕਾਮ ਨੇ ਸਰਵੋਤਮ ਸਪੀਕਰ ਦਾ ਪੁਰਸਕਾਰ ਜਿੱਤਿਆ ਅਤੇ ਵਿਰੋਧੀ ਪਾਰਟੀ ਦੀ ਟੀਮ ਨੂੰ ਸਰਵੋਤਮ ਟੀਮ ਦਾ ਸਨਮਾਨ ਮਿਲਿਆ। ਸਮਾਗਮ ਦੇ ਜੱਜ ਵਜੋਂ ਡਾ. ਜੈਦੀਪ ਸਿੰਘ, ਡਾ. ਤਰਨਜੀਤ ਸਿੰਘ ਅਤੇ ਡਾ. ਅਮਿਤਾ ਕੌਸ਼ਲ ਨੇ ਭੂਮਿਕਾ ਨਿਭਾਈ। ਦੋਵਾਂ ਸਮਾਗਮਾਂ ਦੇ ਈਵੈਂਟ ਕੋਆਰਡੀਨੇਟਰ ਡਾ. ਨਵਨੀਤ ਕੌਰ, ਪ੍ਰੋ. ਰਿਤੂ ਡਾਵਰਾ, ਪ੍ਰੋ. ਗੀਤਿਕਾ ਗਰੋਵਰ, ਪ੍ਰੋ. ਗੁਰਪ੍ਰੀਤ ਕੌਰ, ਪ੍ਰੋ. ਲੀਜ਼ਾ ਸੇਠੀ, ਪ੍ਰੋ. ਹਰਜਿੰਦਰ ਕੌਰ, ਡਾ. ਰਜਨੀ ਵੋਹਰਾ, ਪ੍ਰੋ. ਪ੍ਰਿਆ ਅਤੇ ਪ੍ਰੋ. ਪਲਕਾ ਸਨ। ਇਸ ਮੌਕੇ ਡਾ. ਵੰਦਨਾ ਗੁਪਤਾ, ਡਾ. ਕੁਲਵਿੰਦਰ ਕੌਰ, ਪ੍ਰੋ. ਮਮਤਾ ਅਤੇ ਪ੍ਰੋ. ਹਰਪ੍ਰੀਤ ਕੌਰ ਵੀ ਹਾਜ਼ਰ ਸਨ।

# ਪਠਾਣਮਾਜਰਾ ਵੱਲੋਂ ਤਹਿਸੀਲ ਕੰਪਲੈਕਸ ਦਾ ਦੌਰਾ; ਅਧਿਕਾਰੀਆਂ ਨੂੰ ਵਿਕਾਸ ਵਿੱਚ ਤੇਜ਼ੀ ਲਿਆਉਣ ਦੀ ਹਦਾਇਤ

**ਦੇਵੀਗੜ੍ਹ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਦੁੱਧਨਸਾਧਾਂ ਵਿੱਚ ਤਹਿਸੀਲ ਕੰਪਲੈਕਸ ਦੀ ਇਮਾਰਤ ਦੇ ਨਿਰਮਾਣ ਕਾਰਜ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਇਸ ਕੰਮ ਨੂੰ ਜਲਦੀ ਤੋਂ ਜਲਦੀ ਸਿਰੇ ਚੜ੍ਹਾਇਆ ਜਾਵੇ। ਉਨ੍ਹਾਂ ਕਿਹਾ ਕਿ ਹਲਕੇ ਵਿੱਚ ਜਿੰਨੀਆਂ ਵੀ ਪੁਰਾਣੀਆਂ ਟੁੱਟੀਆਂ ਸੜਕਾਂ ਹਨ ਉਨ੍ਹਾਂ ਨੂੰ ਬਣਾਉਣ ਦਾ ਕੰਮ ਜਲਦੀ ਹੀ ਸ਼ੁਰੂ ਹੋਣ ਵਾਲਾ ਹੈ। ਹਲਕੇ ਵਿੱਚ ਕੋਈ ਵੀ ਸੜਕ ਟੁੱਟੀ ਨਹੀਂ ਰਹੇਗੀ। ਹਰਮੀਤ ਸਿੰਘ ਪਠਾਣਮਾਜਰਾ ਨੇ ਹਲਕਾ ਸਨੌਰ ਵਿੱਚ ਜਿੰਨੇ ਵੀ ਅਧੂਰੇ ਵਿਕਾਸ ਦੇ ਕੰਮ ਪਏ ਸਨ, ਉਨ੍ਹਾਂ ਵਿੱਚ ਤੇਜ਼ੀ ਲਿਆਉਣ ਲਈ ਅਧਿਕਾਰੀਆਂ ਨੂੰ ਆਦੇਸ਼ ਦੇ ਦਿੱਤੇ ਹਨ। ਪਿਛਲੇ ਦਿਨੀਂ ਬਰਸਾਤ ਅਤੇ ਗੜਿਆਂ ਨਾਲ ਜੋ ਕਿਸਾਨਾਂ ਦੀ ਫਸਲ ਖਰਾਬ ਹੋਈ ਹੈ, ਉਸ ਦੀ ਗਿਰਦਾਵਰੀ ਕਰਾਉਣ ਲਈ ਵੀ ਅਧਿਕਾਰੀਆਂ ਨੂੰ ਆਖ ਦਿੱਤਾ ਹੈ ਤਾਂ ਜੋ ਕਿਸਾਨਾਂ ਨੂੰ ਫਸਲਾਂ ਦਾ ਮੁਆਵਜ਼ਾ ਮਿਲ ਸਕੇ। ਵਿਧਾਇਕ ਨੇ ਕਿਹਾ ਕਿ ਹਲਕੇ ਵਿੱਚ ਵਿਕਾਸ ਲਈ ਗਰਾਂਟਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਤੇ ਸਰਬਪੱਖੀ ਵਿਕਾਸ ਕਰਵਾਇਆ ਜਾਵੇਗਾ। ਉਨ੍ਹਾਂ ?ਕਿਹਾ ਕਿ ਹਲਕੇ ਵਿੱਚ ਹਰ ਵਰਗ ਨੂੰ ਸਹਲੂਤਾਂ ਦੇਣਲਈ ਉਹ ਵਚਨਬੱਧ ਹਨ। ਇਸ ਮੌਕੇ ਹਰਦੇਵ ਸਿੰਘ ਘੜਾਮ ਪ੍ਰਧਾਨ ਟਰੱਕ ਯੂਨੀਅਨ, ਬਲਜਿੰਦਰ ਸਿੰਘ ਨੰਦਗੜ, ਗੁਰਪ੍ਰੀਤ ਗੁਰੀ ਪੀਏ, ਡਾ. ਕਰਮ ਸਿੰਘ ਨੰਦਗੜ੍ਹ, ਵਿਸ਼ਾਲ ਸੈਣੀ ਤੇ ਹਰਜਿੰਦਰ ਸਿੰਘ ਥਿੰਦ ਆਦਿ ਹਾਜ਼ਰ ਸਨ।

# ਵੱਖ-ਵੱਖ ਥਾਵਾਂ ਤੋਂ ਨਸ਼ੀਲੇ ਪਦਾਰਥ ਬਰਾਮਦ

**ਪਟਿਆਲਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ਾ ਤਸਕਰਾਂ ਖ਼ਿਲਾਫ਼ ਮੁਹਿੰਮ ਦੌਰਾਨ ਜ਼ਿਲ੍ਹਾ ਪੁਲੀਸ ਨੇ ਵੱਖ-ਵੱਖ ਥਾਵਾਂ ਤੋਂ ਭੁੱਕੀ, ਨਸ਼ੀਲੀਆਂ ਗੋਲੀਆਂ ਅਤੇ ਕੈਪਸੂਲ ਬਰਾਮਦ ਕੀਤੇ ਹਨ। ਐੱਸਐੱਸਪੀ ਡਾ. ਨਾਨਕ ਸਿੰਘ ਅਨੁਸਾਰ ਥਾਣਾ ਘਨੌਰ ਦੇ ਐੱਸਐੱਚਓ ਸਾਹਿਬ ਸਿੰਘ ਵਿਰਕ ਤੇ ਟੀਮ ਨੇ ਸ਼ੱਕ ਦੇ ਆਧਾਰ ’ਤੇ ਰੋਕੀ ਇੱਕ ਮਹਿਲਾ ਦੇ ਕਬਜ਼ੇ ’ਚੋਂ 5 ਕਿਲੋ ਭੁੱਕੀ ਬਰਾਮਦ ਕੀਤੀ। ਮੁਲਜ਼ਮ ਔਰਤ ਦੀ ਪਛਾਣ ਸੁਰਜੀਤ ਕੌਰ ਵਜੋਂ ਹੋਈ ਜਿਸ ਦੇ ਖਿਲਾਫ਼ ਐਨਡੀਪੀਐਸ ਐਕਟ ਤਹਿਤ ਕੇਸ ਦਰਜ ਕੀਤਾ ਗਿਆ। ਇਸੇ ਤਰ੍ਹਾਂ ਹੀ ਥਾਣਾ ਸਨੌਰ ਦੇ ਮੁਖੀ ਇੰਸਪੈਕਟਰ ਕੁਲਵਿੰਦਰ ਸਿੰਘ ਤੇ ਟੀਮ ਨੇ ਗੁਰਸੇਵਕ ਸਿੰਘ ਨਾਮ ਦੇ ਇੱਕ ਵਿਅਕਤੀ ਦੇ ਕਬਜ਼ੇ ਵਿਚੋਂ 600 ਨਸ਼ੀਲੀਆਂ ਗੋਲੀਆਂ ਅਤੇ 300 ਨਸ਼ੀਲੇ ਕੈਪਸੂਲ ਬਰਾਮਦ ਕੀਤੇ। ਉਸ ਨੂੰ ਵੀ ਸ਼ੱਕ ਦੇ ਆਧਾਰ ’ਤੇ ਰੋਕ ਕੇ ਤਲਾਸ਼ੀ ਲਈ ਸੀ। ਥਾਣਾ ਬਖਸ਼ੀਵਾਲਾ ਦੇ ਸਹਾਇਕ ਥਾਣੇਦਾਰ ਸੂਬਾ ਸਿੰਘ ਨੇ ਬਾਲੀ ਸਿੰਘ ਕੋਲੋਂ 800 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ। ਪੁਲੀਸ ਨੇ ਮੁਲਜ਼ਮ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

ਜ਼ਿਲ੍ਹਾ ਪੁਲੀਸ ਮੁਖੀ ਅਨੁਸਾਰ ਥਾਣਾ ਘੱਗਾ ਦੇ ਐੱਸਐੱਚਓ ਬਲਜੀਤ ਸਿੰਘ ਦੀ ਟੀਮ ਵੱਲੋਂ ਵੀ ਗੁਰਮੀਤ ਕੌਰ ਨਾਮ ਦੀ ਇੱਕ ਮਹਿਲਾ ਦੇ ਕਬਜ਼ੇ ਵਿਚੋਂ 370 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ ਹਨ। ਆਕੜ ਵਾਸੀ ਬਾਰੂ ਸਿੰਘ ਪਾਸੋਂ ਵੀ 1080 ਨਸ਼ੀਲੀਆਂ ਗੋਲੀਆਂ ਮਿਲੀਆਂ ਹਨ। ਇਹ ਬਰਾਮਦਗੀ ਥਾਣਾ ਖੇੜੀ ਗੰਡਿਆਂ ਦੇ ਸਹਾਇਕ ਥਾਣੇਦਾਰ ਜਸਵਿੰਦਰਪਾਲ ਸਿੰਘ ਅਤੇ ਟੀਮ ਨੇ ਕੀਤੀ। ਸਾਗਰ ਨਾਮ ਦੇ ਮੁਲਜ਼ਮ ਕੋਲੋਂ ਵੀ ਇੱਕ ਹਜ਼ਾਰ ਤੋਂ ਵੀ ਵੱਧ ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ। ਜ਼ਿਲ੍ਹਾ ਪੁਲੀਸ ਮੁਖੀ ਨੇ ਕਿਹਾ ਕਿ ਤਸਕਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ।

# ਹਰਜੋਤ ਬੈਂਸ ਤੇ ਫਿਨਲੈਂਡ ਦੇ ਰਾਜਦੂਤ ਵੱਲੋਂ 72 ਪ੍ਰਾਇਮਰੀ ਅਧਿਆਪਕਾਂ ਦੇ ਦੂਜੇ ਬੈਚ ਲਈ ਸਿਖਲਾਈ ਪ੍ਰੋਗਰਾਮ ਦਾ ਉਦਘਾਟਨ

## ਹਰਜੋਤ ਬੈਂਸ ਨੇ ਪੰਜਾਬ ਵਿੱਚ ਸਕੂਲ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਵਾਸਤੇ ਫਿਨਲੈਂਡ ਦੇ ਰਾਜਦੂਤ ਨਾਲ ਕੀਤਾ ਵਿਚਾਰ ਵਟਾਂਦਰਾ

**ਚੰਡੀਗੜ੍ਹ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਭਾਰਤ ਵਿੱਚ ਫਿਨਲੈਂਡ ਦੇ ਰਾਜਦੂਤ ਸ੍ਰੀ ਕਿਮੋ ਲਾਹਦੇਵਿਰਤਾ ਨਾਲ ਮਿਲ ਕੇ ਅੱਜ ਇੱਥੇ 72 ਪ੍ਰਾਇਮਰੀ ਸਕੂਲ ਅਧਿਆਪਕਾਂ ਦੇ ਦੂਜੇ ਬੈਚ ਲਈ ਇੱਕ ਹਫ਼ਤੇ ਦੇ ਸਿਖਲਾਈ ਪ੍ਰੋਗਰਾਮ ਦਾ ਉਦਘਾਟਨ ਕੀਤਾ। ਪੰਜਾਬ ਭਵਨ ਵਿਖੇ ਸਿਖਲਾਈ ਪ੍ਰੋਗਰਾਮ ਦੇ ਉਦਘਾਟਨ ਉਪਰੰਤ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਅਧਿਆਪਕਾਂ ਦਾ ਇਹ ਬੈਚ ਯੂਨੀਵਰਸਿਟੀ ਆਫ ਤੁਰਕੂ ਵਿਖੇ ਦੋ ਹਫ਼ਤਿਆਂ ਦੀ ਸਿਖਲਾਈ ਲਈ 16 ਮਾਰਚ ਨੂੰ ਫਿਨਲੈਂਡ ਲਈ ਰਵਾਨਾ ਹੋਵੇਗਾ। ਪਿਛਲੇ ਸਾਲ 21 ਅਕਤੂਬਰ ਤੋਂ 8 ਨਵੰਬਰ ਤੱਕ ਯੂਨੀਵਰਸਿਟੀ ਆਫ ਤੁਰਕੂ ਵਿਖੇ ਪਹਿਲੇ ਬੈਚ ਦੀ ਸਿਖਲਾਈ ਦੇ ਸਫਲਤਾਪੂਰਵਕ ਮੁਕੰਮਲ ਹੋਣ ਬਾਰੇ ਚਰਚਾ ਕਰਦਿਆਂ, ਸਿੱਖਿਆ ਮੰਤਰੀ ਨੇ ਭਾਰਤ ਵਿੱਚ ਫਿਨਲੈਂਡ ਦੇ ਰਾਜਦੂਤ ਸ੍ਰੀ ਕਿਮੋ ਲਾਹਦੇਵਿਰਤਾ ਅਤੇ ਯੂਨੀਵਰਸਿਟੀ ਆਫ ਤੁਰਕੂ ਦੇ ਮਾਹਿਰਾਂ ਨਾਲ ਸੂਬੇ ਵਿੱਚ ਸਕੂਲ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਪੰਜਾਬ ਅਤੇ ਫਿਨਲੈਂਡ ਵਿਚਕਾਰ ਸਿੱਖਿਆ ਦੇ ਖੇਤਰ ਵਿੱਚ ਸਹਿਯੋਗ ਨੂੰ ਹੋਰ ਵਧਾਉਣ ਲਈ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਨੇ ਵਿਸ਼ਵ ਪੱਧਰੀ ਸਿੱਖਿਆ ਪ੍ਰਣਾਲੀ ਲਈ ਜਾਣੇ ਜਾਂਦੇ ਫਿਨਲੈਂਡ ਨਾਲ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ’ਤੇ ਵੀ ਜ਼ੋਰ ਦਿੱਤਾ।



ਸੂਬੇ ਵਿੱਚ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦਹੁਰਾਉਂਦਿਆਂ ਸਕੂਲ ਸਿੱਖਿਆ ਮੰਤਰੀ ਨੇ ਫਿਨਲੈਂਡ ਦੇ ਖਾਸ ਕਰਕੇ ਮੁੱਢਲੀ ਸਿੱਖਿਆ, ਅਧਿਆਪਕ ਸਿਖਲਾਈ ਅਤੇ ਡਿਜੀਟਲ ਸਿਖਲਾਈ ਵਰਗੇ ਖੇਤਰਾਂ ਵਿੱਚ ਨਵੀਨਤਾਕਾਰੀ ਵਿਦਿਅਕ ਅਭਿਆਸਾਂ ਤੋਂ ਸਿੱਖਣ ਵਿੱਚ ਡੂੰਘੀ ਦਿਲਚਸਪੀ ਜ਼ਾਹਰ ਕੀਤੀ। ਉਨ੍ਹਾਂ ਅੱਜ ਦੇ ਮੁਕਾਬਲੇ ਦੇ ਯੁੱਗ ਵਿੱਚ ਸਫ਼ਲ ਹੋਣ ਲਈ ਲੋੜੀਂਦੇ ਹੁਨਰਾਂ ਨਾਲ ਵਿਦਿਆਰਥੀਆਂ ਨੂੰ ਸਮਰੱਥ ਬਣਾਉਣ ਦੀ ਮਹੱਤਤਾ ’ਤੇ ਜ਼ੋਰ ਦਿੱਤਾ।

ਇਸ ਟੀਚੇ ਨੂੰ ਹਾਸਲ ਕਰਨ ਵਿੱਚ ਅੰਤਰਰਾਸ਼ਟਰੀ ਸਹਿਯੋਗ ਦੀ ਭੂਮਿਕਾ ਨੂੰ ਉਜਾਗਰ ਕਰਦਿਆਂ ਉਨ੍ਹਾਂ ਨੇ ਪੰਜਾਬ ਦੇ ਸਕੂਲ ਅਧਿਆਪਕਾਂ ਵੱਲੋਂ ਸਿੱਖਿਆ ਦੀਆਂ ਨਵੀਆਂ ਵਿਧੀਆਂ ਅਪਣਾਉਣ ਲਈ ਉਨ੍ਹਾਂ ਦੀ ਪ੍ਰਸ਼ੰਸਾ ਵੀ ਕੀਤੀ ਜੋ ਸਿੱਖਣ ਨੂੰ ਵਧੇਰੇ ਦਿਲਚਸਪ, ਆਨੰਦਮਈ ਅਤੇ ਪ੍ਰਭਾਵਸ਼ਾਲੀ ਬਣਾਉਂਦੀਆਂ ਹਨ ਅਤੇ ਜਿਸ ਨਾਲ ਸੂਬੇ ਵਿੱਚ ਸਿੱਖਿਆ ਦੇ ਆਧੁਨਿਕੀਕਰਨ ਦੀ ਇੱਕ ਮਜ਼ਬੂਤ ਨੀਂਹ ਰੱਖੀ ਗਈ ਹੈ।

ਸ. ਹਰਜੋਤ ਸਿੰਘ ਬੈਂਸ ਨੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਪ੍ਰਤੀ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਅਧਿਆਪਕ ਸਿਖਲਾਈ ਪ੍ਰੋਗਰਾਮ ਪੰਜਾਬ ਦੇ ਵਿਦਿਅਕ ਪ੍ਰਣਾਲੀ ਨੂੰ ਅੰਤਰਰਾਸ਼ਟਰੀ ਮਾਪਦੰਡਾਂ ਦੇ ਹਾਣੀ ਬਣਾਉਣ ਵੱਲ ਇੱਕ ਅਹਿਮ ਕਦਮ ਹੈ। ਉਨ੍ਹਾਂ ਨੇ ਅਧਿਆਪਕਾਂ ਨੂੰ ਲੋੜੀਂਦੇ ਗਿਆਨ, ਸਿਖਲਾਈ ਅਤੇ ਸਾਧਨਾਂ ਨਾਲ ਲੈਸ ਕਰਨ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ ਤਾਂ ਜੋ ਤਣਾਅ-ਮੁਕਤ ਅਤੇ ਦਿਲਚਸਪ ਸਿੱਖਣ ਦੇ ਮਾਹੌਲ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

ਫਿਨਲੈਂਡ ਦੇ ਰਾਜਦੂਤ ਸ੍ਰੀ ਕਿਮੋ ਲਾਹਦੇਵਿਰਤਾ ਨੇ ਸਿੱਖਿਆ ਖੇਤਰ ਵਿੱਚ ਪੰਜਾਬ ਸਰਕਾਰ ਦੀਆਂ ਭਵਿੱਖਮੁਖੀ ਅਤੇ ਪ੍ਰਗਤੀਸ਼ੀਲ ਪਹਿਲਕਦਮੀਆਂ ਦੀ ਸ਼ਲਾਘਾ ਕੀਤੀ ਅਤੇ ਪੰਜਾਬ ਨਾਲ ਵਿਦਿਅਕ ਖੇਤਰ ਵਿੱਚ ਭਾਈਵਾਲੀ ਲਈ ਫਿਨਲੈਂਡ ਦੇ ਸਹਿਯੋਗ ਦਾ ਭਰੋਸਾ ਦਿੱਤਾ। ਉਨ੍ਹਾਂ ਨੇ ਸੂਬੇ ਦੇ ਵਿਦਿਅਕ ਢਾਂਚੇ ਦੇ ਵਿਕਾਸ ਵਿੱਚ ਮਦਦ ਕਰਨ ਪ੍ਰਤੀ ਫਿਨਲੈਂਡ ਦੀ ਵਚਨਬੱਧਤਾ ਦਹੁਰਾਈ। ਉਨ੍ਹਾਂ ਕਿਹਾ ਕਿ ਬਿਹਤਰ ਅਭਿਆਸਾਂ ਅਤੇ ਗਿਆਨ ਦੇ ਆਦਾਨ-ਪ੍ਰਦਾਨ ਨਾਲ ਦੋਵਾਂ ਧਿਰਾਂ ਨੂੰ ਲਾਭ ਹੋਵੇਗਾ।

ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਸਿਖਲਾਈ ਪਹਿਲਕਦਮੀਆਂ ਦੇ ਪ੍ਰਭਾਵ ਨੂੰ ਬਰਕਰਾਰ ਰੱਖਣ ਅਤੇ ਇਨ੍ਹਾਂ ਵਿੱਚ ਵਾਧਾ ਕਰਨ ਲਈ ’ਟ੍ਰੇਨ ਦਿ ਟ੍ਰੇਨਰ’ ਪ੍ਰੋਗਰਾਮ ਵੀ ਲਾਗੂ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਤਹਿਤ ਚੁਣੇ ਹੋਏ ਅਧਿਆਪਕ ਖੁਦ ਟ੍ਰੇਨਰ ਬਣ ਕੇ ਆਪਣੇ ਗਿਆਨ ਨੂੰ ਦੂਜੇ ਸਿੱਖਿਅਕਾਂ ਨਾਲ ਸਾਂਝਾ ਕਰਨਗੇ ਜਿਸ ਨਾਲ ਇਕ ਅਜਿਹਾ ਮਾਹੌਲ ਸਿਰਜਿਆ ਜਾਵੇਗਾ ਜੋ ਪੰਜਾਬ ਵਿੱਚ ਸਮੁੱਚੀ ਪ੍ਰਾਇਮਰੀ ਸਕੂਲ ਸਿੱਖਿਆ ਪ੍ਰਣਾਲੀ ਲਈ ਸਾਕਾਰਾਤਮਕ ਤੇ ਸਾਰਥਕ ਸਿੱਧ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਪਹੁੰਚ ਦਾ ਉਦੇਸ਼ ਸੂਬੇ ਭਰ ਵਿੱਚ ਸਿੱਖਿਆ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ ਇਕ ਸਵੈ-ਨਿਰਭਰ ਮਾਡਲ ਤਿਆਰ ਕਰਨਾ ਹੈ।

ਸਕੱਤਰ ਸਕੂਲ ਸਿੱਖਿਆ ਸ੍ਰੀ ਕਮਲ ਕਿਸ਼ੋਰ ਯਾਦਵ ਨੇ ਸਿਖਲਾਈ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਨਿਰੰਤਰ ਸਹਿਯੋਗ ਲਈ ਫਿਨਲੈਂਡ ਦੇ ਮਾਹਿਰਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸੂਬੇ ਦੀ ਸਿੱਖਿਆ ਪ੍ਰਣਾਲੀ ਨੂੰ ਬਿਹਤਰ ਬਣਾਉਣ ਸਬੰਧੀ ਇਸ ਸਹਿਯੋਗ ਦੇ ਪ੍ਰਭਾਵ ਨੂੰ ਉਜਾਗਰ ਕੀਤਾ। ਐਸ.ਸੀ.ਈ.ਆਰ.ਟੀ., ਪੰਜਾਬ ਦੀ ਡਾਇਰੈਕਟਰ ਸ੍ਰੀਮਤੀ ਅਮਨਿੰਦਰ ਕੌਰ ਬਰਾੜ ਨੇ ਫਿਨਲੈਂਡ ਦੇ ਮਾਹਿਰਾਂ ਦਾ ਧੰਨਵਾਦ ਕੀਤਾ ਅਤੇ ਪੰਜਾਬ ਵਿੱਚ ਪ੍ਰਾਇਮਰੀ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਵਿੱਚ ਇਸ ਅੰਤਰਰਾਸ਼ਟਰੀ ਸਹਿਯੋਗ ਦੀ ਮਹੱਤਤਾ ’ਤੇ ਜ਼ੋਰ ਦਿੱਤਾ।

ਸਕੂਲ ਸਿੱਖਿਆ ਮੰਤਰੀ ਨੇ ਸ੍ਰੀ ਕਿਮੋ ਲਾਹਦੇਵਿਰਤਾ, ਫਿਨਲੈਂਡ ਦੂਤਾਵਾਸ ਵਿਖੇ ਵਿਗਿਆਨ ਅਤੇ ਉਚੇਰੀ ਸਿੱਖਿਆ ਦੇ ਕਾਊਂਸਲਰ ਸ੍ਰੀਮਤੀ ਲਿੱਸਾ ਟੋਇਵੋਨੇਨ, ਯੂਨੀਵਰਸਿਟੀ ਆਫ ਤੁਰਕੂ ਦੇ ਮੁੱਖ ਅਕਾਊਂਟ ਮੈਨੇਜਰ ਸ੍ਰੀ ਏਰੀ ਕੋਸਕੀ, ਫੈਕਲਟੀ ਆਫ਼ ਐਜੂਕੇਸ਼ਨ ਯੂਨੀਵਰਸਿਟੀ ਆਫ ਤੁਰਕੂ ਦੇ ਗਲੋਬਲ ਐਜੂਕੇਸ਼ਨਲ ਸਰਵਿਸਿਜ਼ ਦੇ ਚੇਅਰ ਸ੍ਰੀਮਤੀ ਕ੍ਰਿਸਟੀਨਾ ਹੇਕਿਲਾ, ਫਿਨਲੈਂਡ ਦੇ ਰਾਊਮਾ ਅਧਿਆਪਕ ਸਿਖਲਾਈ ਸਕੂਲ ਦੀ ਵਾਈਸ ਪ੍ਰਿੰਸੀਪਲ ਮਿਸ. ਸੋਇਲੀ ਨੌਰਾ ਅਤੇ ਅਧਿਆਪਕ ਸਿੱਖਿਆ ਵਿਭਾਗ ਦੀ ਸੀਨੀਅਰ ਖੋਜਕਰਤਾ ਸ੍ਰੀਮਤੀ ਸੁਵੀ ਪੁਓਲੱਕਾ ਦਾ ਸਨਮਾਨ ਕੀਤਾ।

# ਸਪੈਸ਼ਲ ਟੀਕਾਕਰਨ ਹਫਤੇ ਦੌਰਾਨ ਗਰਭਵਤੀ ਮਾਵਾਂ ਅਤੇ ਬੱਚਿਆਂ ਨੂੰ ਲਗਾਏ ਗਏ ਟੀਕੇ



ਸਿਕਲੀਗਰ ਬਸਤੀ ਵਿੱਚ ਸਿਹਤ ਮੁਲਾਜਮ ਬੱਚਿਆਂ ਦਾ ਟੀਕਾਕਰਨ ਕਰਦੇ ਹੋਏ।

**ਪਟਿਆਲਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਪਟਿਆਲਾ ਡਾ. ਜਗਪਾਲਇੰਦਰ ਸਿੰਘ ਦੀ ਅਗਵਾਈ ਵਿੱਚ ਜਿਲ੍ਹੇ ਅਧੀਨ ਆਉਂਦੀਆਂ ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਸਪੈਸ਼ਲ ਟੀਕਾਕਰਨ ਹਫਤਾ 24 ਫਰਵਰੀ 2025 ਤੋਂ 1 ਮਾਰਚ 2025 ਤੱਕ ਮਨਾਇਆ ਗਿਆ। ਇਸ ਮੌਕੇ ਟੀਕਾਕਰਨ 86 ਸੈਸ਼ਨ ਲਗਾਏ ਗਏ ਅਤੇ ਇਸ ਦੌਰਾਨ 815 ਬੱਚਿਆਂ ਦੇ ਸਰਕਾਰੀ ਟੀਕਾਕਰਨ ਸਾਰਨੀ ਅਨੁਸਾਰ ਟੀਕੇ ਲਗਾਏ ਗਏ। ਇਹ ਕੈਂਪ ਉਹਨਾਂ ਲਈ ਬਹੁਤ ਲਾਹੇਵੰਦ ਸਾਬਿਤ ਹੋਏ ਜਿਹਨਾਂ ਗਰਭਵਤੀ ਔਰਤਾਂ ਅਤੇ ਬੱਚਿਆਂ ਦਾ ਕਿਸੇ ਕਾਰਨ ਟੀਕਾਕਰਨ ਨਹੀਂ ਹੋ ਸਕਿਆ ਸੀ। ਉਹ ਇਸ ਸਪੈਸ਼ਲ ਹਫਤੇ ਦੌਰਾਨ ਕਵਰ ਕੀਤੇ ਗਏ। ਇਸ ਮੌਕੇ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਪਟਿਆਲਾ ਡਾ. ਜਗਪਾਲਇੰਦਰ ਸਿੰਘ ਨੇ ਦੱਸਿਆ ਕਿ ਸਰਕਾਰੀ ਟੀਕਾਕਰਨ ਸੂਚੀ ਵਿੱਚ ਜਿਹੜੇ ਟੀਕੇ ਬੱਚਿਆਂ ਨੂੰ ਲਗਾਏ ਜਾਂਦੇ ਹਨ, ਉਹ ਬੱਚਿਆਂ ਦੀ ਤੰਦਰੁਸਤੀ ਅਤੇ ਬਿਮਾਰੀਆਂ ਤੋਂ ਬਚਾਅ ਲਈ ਬੇਹਦ ਜਰੂਰੀ ਹਨ। ਬੱਚਿਆਂ ਦੇ ਮਾਪਿਆਂ ਨੂੰ ਖੁਦ ਹੀ ਉਦਮ ਕਰਕੇ ਆਪਣੇ ਬੱਚਿਆਂ ਦਾ ਟੀਕਾਕਰਨ ਪੂਰਾ ਕਰਵਾਉਣਾ ਚਾਹੀਦਾ ਹੈ।

ਆਸ਼ਾ ਵਰਕਰਜ ਵੱਲੋਂ ਘਰ ਘਰ ਜਾ ਕੇ ਗਰਭਵਤੀ ਮਾਵਾਂ ਅਤੇ ਬੱਚਿਆਂ ਦੇ ਟੀਕਾਕਰਨ ਲਈ ਸਰਵੇ ਅਤੇ ਜਾਗਰੂਕਤਾ ਪ੍ਰਦਾਨ ਕੀਤੀ ਗਈ। ਸਮੂਹ ਪੈਰਾ ਮੈਡੀਕਲ ਸਟਾਫ ਵੱਲੋਂ ਪਿੰਡ ਪੱਧਰ ਤੇ ਜਾ ਕੇ ਕੈਂਪ ਲਗਾ ਕੇ ਸਿਹਤ ਸਹੂਲਤਾਂ ਦਿੱਤੀਆਂ ਗਈਆਂ ਅਤੇ ਬੱਚਿਆਂ ਦੇ ਟੀਕੇ ਲਗਾਏ ਗਏ।

### ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਅਧਿਕਾਰੀਆਂ ਦੇ ਪ੍ਰਸ਼ਾਸਨਿਕ ਕਾਰਜਾਂ ਦੀ ਸਮੀਖਿਆ

## ਅਧਿਕਾਰੀ ਸਾਰੀਆਂ ਫਾਇਲਾਂ ਦਾ ਸਮਾਂਬੱਧ ਨਿਪਟਾਰਾ ਯਕੀਨੀ ਬਣਾਉਣ: ਡਾ. ਪ੍ਰੀਤੀ ਯਾਦਵ



ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਕੰਮਾਂ ਦੀ ਸਮੀਖਿਆ ਕਰਦੇ ਹੋਏ।

**ਪਟਿਆਲਾ, 6 ਮਾਰਚ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਵੱਖ-ਵੱਖ ਅਧਿਕਾਰੀਆਂ ਦੇ ਪ੍ਰਸ਼ਾਸਨਿਕ ਕਾਰਜਾਂ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕੋਈ ਵੀ ਫਾਇਲ 7 ਦਿਨਾਂ ਤੋਂ ਵੱਧ ਸਮੇਂ ਲਈ ਲੰਬਿਤ ਨਾ ਰੱਖੀ ਜਾਵੇ ਅਤੇ ਹਰੇਕ ਫਾਇਲ ਦਾ ਤੁਰੰਤ ਨਿਪਟਾਰਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਆਪਣੇ ਕੰਮਾਂ ਦੀ ਹਫ਼ਤਾਵਾਰੀ ਰਿਪੋਰਟ ਵੀ ਸੌਂਪਣ ਦੀ ਹਦਾਇਤ ਕੀਤੀ।

ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਲੋਕਾਂ ਨੂੰ ਸਮਾਂਬੱਧ ਤੇ ਪਾਰਦਰਸ਼ੀ ਸੇਵਾਵਾਂ ਪ੍ਰਦਾਨ ਕਰਨਾ ਯਕੀਨੀ ਬਣਾਇਆ ਜਾ ਰਿਹਾ ਹੈ, ਇਸੇ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਕੋਲ ਲੋਕਾਂ ਦੀਆਂ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਪ੍ਰਾਪਤ ਦਰਖਾਸਤਾਂ ਅਤੇ ਡਾਕ ਸਮੇਤ ਮੀਡੀਆ ਵਿੱਚ ਆਈਆਂ ਖ਼ਬਰਾਂ ਉਪਰ ਵੀ ਸਬੰਧਤ ਵਿਭਾਗਾਂ ਵੱਲੋਂ ਸਮਾਂਬੱਧ ਕਾਰਵਾਈ ਕੀਤੀ ਜਾਂਦੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਕਿ ਸਾਰੀਆਂ ਦਰਖਾਸਤਾਂ ਤੇ ਫਾਇਲਾਂ ਉਪਰ ਤੁਰੰਤ ਕਾਰਵਾਈ ਯਕੀਨੀ ਬਣਾਈ ਜਾਵੇ।

ਡਿਪਟੀ ਕਮਿਸ਼ਨਰ ਨੇ ਮੀਟਿੰਗ ਮੌਕੇ ਏ.ਡੀ.ਸੀ. (ਜ) ਇਸ਼ਾ ਸਿੰਗਲ, ਏ.ਡੀ.ਸੀ. (ਦਿਹਾਤੀ ਵਿਕਾਸ) ਅਨੁਪ੍ਰਿਤਾ ਜੌਹਲ ਤੇ ਏ.ਡੀ.ਸੀ. (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ, ਧਰਮ ਅਰਥ ਬ੍ਰਾਂਚ ਲਈ ਐਸ.ਡੀ.ਐਮ ਨਾਭਾ ਡਾ ਇਸਮਤ ਵਿਜੇ ਸਿੰਘ, ਸਹਾਇਕ ਕਮਿਸ਼ਨਰ (ਜ) ਰਿਚਾ ਗੋਇਲ, ਸੀ.ਐਮ.ਐਫ.ਓ ਡਾ ਨਵਜੋਤ ਸ਼ਰਮਾ ਸਮੇਤ ਹੋਰ ਅਧਿਕਾਰੀਆਂ ਨੂੰ ਭੇਜੀ ਡਾਕ ਅਤੇ ਉਨ੍ਹਾਂ ਦੇ ਪ੍ਰਸ਼ਾਸਨਿਕ ਕਾਰਜਾਂ ਦਾ ਵੀ ਜਾਇਜ਼ਾ ਲਿਆ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਬੰਧਤ ਬ੍ਰਾਂਚਾਂ ਦੇ ਹੇਠਲੇ ਕਰਮਚਾਰੀਆਂ ਨੂੰ ਵੀ ਆਪਣੇ ਕੰਮਾਂ ਦੇ ਸਮਾਂਬੱਧ ਤੇ ਪਾਰਦਰਸ਼ੀ ਨਿਪਟਾਰੇ ਲਈ ਪਾਬੰਦ ਕੀਤਾ ਜਾਵੇ ਤੇ ਕੋਈ ਅਧਿਕਾਰੀ ਤੇ ਕਰਮਚਾਰੀ ਕਿਸੇ ਪ੍ਰਕਾਰ ਦੀ ਕੁਤਾਹੀ ਨਾ ਕਰੇ। ਇਸ ਮੌਕੇ ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਕੁਮਾਰ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਸ਼ਵਿੰਦਰ ਸਿੰਘ ਅਤੇ ਹੋਰ ਬ੍ਰਾਂਚਾਂ ਦੇ ਅਧਿਕਾਰੀ ਵੀ ਮੌਜੂਦ ਸਨ।

## ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ 6 ਮਾਰਚ ਨੂੰ

**ਪਟਿਆਲਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ 6 ਮਾਰਚ ਦਿਨ ਮੰਗਲਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਟੀਚਿੰਗ ਤੇ ਨਾਨ ਟੀਚਿੰਗ ਸਟਾਫ਼ (ਕਾਊਂਸਲਰ) ਦੀ ਅਸਾਮੀਆਂ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।

ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ, ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਬਿਊਰੋ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਜੀ.ਸੀ.ਐਮ. ਕਾਨਵੈਂਟ ਸਕੂਲ, ਪਿੰਡ ਕਡਿਆਲ, ਪਾਤੜਾਂ ਦਿੜ੍ਹਬਾ ਰੋਡ, ਨੇੜੇ ਖੇਤਲਾ, ਸੰਗਰੂਰ ਦੇ ਨਿਯੋਜਕ ਵੱਲੋਂ ਪੀ.ਆਰ.ਟੀ./ਮਦਰ ਟੀਚਰ, ਟੀ.ਜੀ.ਟੀ. (ਅੰਗਰੇਜ਼ੀ, ਮੈਥ, ਸਮਾਜਿਕ ਤੇ ਕੰਪਿਊਟਰ), ਪੀ.ਜੀ.ਟੀ. (ਬਾਇਓਲੋਜੀ, ਫਿਜ਼ਿਕਸ ਤੇ ਮੈਥ) ਅਤੇ ਨਾਨ ਟੀਚਿੰਗ ਸਟਾਫ਼ (ਕਾਊਂਸਲਰ) ਦੀ ਅਸਾਮੀਆਂ ਲਈ ਉਮੀਦਵਾਰਾਂ ਦੀ ਮੰਗ ਕੀਤੀ ਗਈ ਹੈ, ਜਿਨ੍ਹਾਂ ਉਮੀਦਵਾਰਾਂ ਕੋਲ (ਬੀ.ਏ./ ਐਮ.ਏ/ ਬੀ.ਐਸ.ਸੀ./ ਐਮ.ਐਸ.ਸੀ./ ਬੀ.ਕਾਮ/ ਐਮ.ਕਾਮ/ ਈ.ਟੀ.ਟੀ./ ਐਨ.ਟੀ.ਟੀ.) ਦੇ ਨਾਲ ਬੀ.ਐਡ ਹੋਵੇ ਉਹ ਇਸ ਅਸਾਮੀ ਲਈ ਇੰਟਰਵਿਊ ਦੇ ਸਕਦੇ ਹਨ। ਜਿਨ੍ਹਾਂ ਉਮੀਦਵਾਰਾਂ ਦੀ ਉਮਰ 20-45 ਸਾਲ ਹੋਵੇ ਅਤੇ ਲੜਕੇ ਤੇ ਲੜਕੀਆਂ ਦੋਵੇਂ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈ ਸਕਦੇ ਹਨ।

ਨੌਕਰੀ ਦੇ ਚਾਹਵਾਨ ਉਮੀਦਵਾਰ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈਣ ਲਈ ਆਪਣੀ ਯੋਗਤਾ ਦੇ ਸਾਰੇ ਸਰਟੀਫਿਕੇਟ, ਉਨ੍ਹਾਂ ਦੀਆਂ ਫੋਟੋਕਾਪੀਆਂ ਅਤੇ ਰਜ਼ਿਊਮੇ ਨਾਲ ਲੈ ਕੇ ਮਿਤੀ 6 ਮਾਰਚ 2025 ਦਿਨ ਮੰਗਲਵਾਰ ਨੂੰ ਸਵੇਰੇ 10 ਵਜੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਬਲਾਕ ਡੀ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਨੇੜੇ ਸੇਵਾ ਕੇਂਦਰ, ਪਟਿਆਲਾ ਵਿਖੇ ਪਹੁੰਚ ਕੇ ਇਸ ਕੈਂਪ ਵਿੱਚ ਹਿੱਸਾ ਲੈ ਸਕਦੇ ਹਨ। ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਹੈਲਪ ਲਾਈਨ ਨੰਬਰ 98776-10877 'ਤੇ ਸੰਪਰਕ ਕਰ ਸਕਦੇ ਹਨ।

## ਲੋਕ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਜਨ ਸੁਵਿਧਾ ਕੈਂਪਾਂ ਦਾ ਲਾਭ ਜ਼ਰੂਰ ਲੈਣ : ਚੇਤਨ ਸਿੰਘ ਜੌੜਾਮਾਜਰਾ

### ਪਟਿਆਲਾ ਜ਼ਿਲ੍ਹੇ ਦੀ ਹਰੇਕ ਸਬ-ਡਵੀਜ਼ਨ 'ਚ ਲੱਗ ਰਹੇ ਨੇ ਜਨ ਸੁਵਿਧਾ ਕੈਂਪ : ਡਾ. ਪ੍ਰੀਤੀ ਯਾਦਵ



ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਪਿੰਡ ਦੁੱਲੜ ਵਿਖੇ ਲਗਾਏ ਜਨ ਸੁਵਿਧਾ ਕੈਂਪ ਦੌਰਾਨ ਲੋਕਾਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕਰਦੇ ਹੋਏ।

**ਸਮਾਣਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਲੋਕਾਂ ਨੂੰ ਘਰਾਂ ਦੇ ਨੇੜੇ ਹੀ ਪ੍ਰਸ਼ਾਸਨਿਕ ਸੇਵਾਵਾਂ ਉਪਲਬੱਧ ਕਰਵਾਉਣ ਦੇ ਮਕਸਦ ਨਾਲ ਸ਼ੁਰੂ ਕਰਵਾਈ 'ਆਪ ਦੀ ਸਰਕਾਰ ਆਪ ਦੇ ਦੁਆਰ' ਮੁਹਿੰਮ ਤਹਿਤ ਅੱਜ ਤਹਿਸੀਲ ਸਮਾਣਾ ਦੇ ਪਿੰਡ ਦੁੱਲੜ ਵਿਖੇ ਜਨ ਸੁਵਿਧਾ ਕੈਂਪ ਲਗਾਇਆ ਗਿਆ। ਇਸ ਮੌਕੇ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਲੋਕਾਂ ਦੇ ਮਸਲੇ ਸੁਣ ਕੇ ਮੌਕੇ 'ਤੇ ਹੀ ਹੱਲ ਕੀਤੇ।ਇਸ ਮੌਕੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਨੇ ਆਪ ਦੀ ਸਰਕਾਰ ਆਪ ਦੇ ਦੁਆਰ ਤਹਿਤ ਜਨ ਸੁਵਿਧਾ ਕੈਂਪ ਲਗਾਉਣ ਦਾ ਅਹਿਮ ਉਪਰਾਲਾ ਕੀਤਾ ਹੈ, ਜਿਸ ਨਾਲ ਲੋਕਾਂ ਦੀ ਖੱਜਲ ਖੁਆਰੀ ਖ਼ਤਮ ਹੋਈ ਹੈ।

ਉਨ੍ਹਾਂ ਕਿਹਾ ਕਿ ਅਜਿਹੇ ਕੈਂਪ ਹਰੇਕ ਹਫ਼ਤੇ ਲਗਾਏ ਜਾ ਰਹੇ ਹਨ, ਜਿਥੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਇੱਕੋ ਛੱਤ ਥੱਲੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਦੇ ਹਨ ਤੇ ਮੌਕੇ 'ਤੇ ਹੱਲ ਹੋਣ ਵਾਲੀਆਂ ਸਮੱਸਿਆਵਾਂ ਨੂੰ ਹੱਲ ਕੀਤਾ ਜਾਂਦਾ ਹੈ ਤੇ ਰਹਿੰਦੇ ਮਸਲਿਆਂ ਦਾ ਵੀ ਸਮਾਂਬੱਧ ਹੱਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਥੇ ਜਨ ਸੁਵਿਧਾ ਕੈਂਪ ਲਗਾਏ ਜਾਂਦੇ ਹਨ ਉਥੇ ਸਬੰਧਤ ਇਲਾਕਿਆਂ ਦੇ ਲੋਕ ਇਨ੍ਹਾਂ ਕੈਂਪਾਂ ਦਾ ਲਾਭ ਜਰੂਰ ਉਠਾਉਣ ਅਤੇ ਆਪਣੇ ਦਸਤਾਵੇਜ ਪਹਿਲਾ ਹੀ ਤਿਆਰ ਰੱਖਣ।ਐਸ.ਡੀ.ਐਮ. ਸਮਾਣਾ ਤਰਸੇਮ ਚੰਦ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਬ-ਡਵੀਜ਼ਨ ਪੱਧਰ 'ਤੇ ਲਗਾਤਾਰ ਜਨ ਸੁਵਿਧਾ ਕੈਂਪ ਲਗਾਏ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਜਨ ਸੁਵਿਧਾ ਕੈਂਪ ਦੌਰਾਨ ਜ਼ਿਲ੍ਹੇ ਦੇ ਸਮੂਹ ਵਿਭਾਗ ਸ਼ਾਮਲ ਸਨ, ਜਿਨ੍ਹਾਂ 'ਚ ਖੁਰਾਕ ਤੇ ਸਿਵਲ ਸਪਲਾਈ, ਸੀ.ਡੀ.ਪੀ.ਓ ਦਫ਼ਤਰ, ਬੀ.ਡੀ.ਪੀ.ਓ ਦਫ਼ਤਰ, ਤਹਿਸੀਲ ਦਫ਼ਤਰ, ਖੇਤੀਬਾੜੀ ਵਿਭਾਗ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਰਹੇ, ਜਿਨ੍ਹਾਂ ਨੇ ਲੋਕਾਂ ਦੇ ਮਸਲੇ ਨਿਬੇੜੇ ਅਤੇ ਮੌਕੇ 'ਤੇ ਹੀ ਲੋਕਾਂ ਨੂੰ ਸਰਕਾਰੀ ਸੇਵਾਵਾਂ ਪ੍ਰਦਾਨ ਕੀਤੀਆਂ। ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਅਨੁਸਾਰ ਪਟਿਆਲਾ ਜ਼ਿਲ੍ਹੇ ਦੀਆਂ ਸਾਰੀਆਂ ਸਬ-ਡਵੀਜ਼ਨਾਂ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਜਨ ਸੁਵਿਧਾ ਕੈਂਪ ਲਗਾਏ ਜਾ ਰਹੇ ਹਨ, ਜਿਥੇ ਲੋਕਾਂ ਦੇ ਪ੍ਰਸ਼ਾਸਨਿਕ ਕੰਮ ਦਾ ਮੌਕੇ 'ਤੇ ਨਿਪਟਾਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਅੱਜ ਪਿੰਡ ਦੁੱਲੜ ਤੋਂ ਇਲਾਵਾ ਪਟਿਆਲਾ ਸਬ ਡਵੀਜ਼ਨ ਦੇ ਪਿੰਡ ਮਵੀ ਸੱਪਾ ਤੇ ਨਾਭਾ ਦੇ ਪਿੰਡ ਚਹਿਲ ਵਿਖੇ ਜਨ ਸੁਵਿਧਾ ਕੈਂਪ ਲਗਾਇਆ ਗਿਆ ਹੈ।

## ਹਲਕਾ ਘਨੌਰ ਚ ਗੜੇਮਾਰੀ ਨਾਲ ਨੁਕਸਾਨੀ ਫ਼ਸਲ ਦਾ ਕਿਸਾਨਾਂ ਨੂੰ ਜਲਦ ਮਿਲੇਗਾ ਮੁਆਵਜ਼ਾ: ਵਿਧਾਇਕ ਗੁਰਲਾਲ ਘਨੌਰ



**ਘਨੌਰ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਦਿਨੀਂ ਹੋਈ ਗੜ੍ਹੇਮਾਰੀ, ਮੀਂਹ ਅਤੇ ਹਨੇਰੀ ਕਾਰਨ ਫ਼ਸਲਾਂ ਦੇ ਹੋਏ ਨੁਕਸਾਨ ਦਾ ਨਿਰੀਖਣ ਕਰਨ ਲਈ ਹਲਕਾ ਘਨੌਰ ਵਿਧਾਇਕ ਗੁਰਲਾਲ ਘਨੌਰ ਨੇ ਐਸ ਡੀ ਐਮ ਰਾਜਪੁਰਾ ਅਵਿਕੇਸ਼ ਗੁਪਤਾ, ਨਾਇਬ ਤਹਿਸੀਲਦਾਰ ਹਰੀਸ਼ ਕੁਮਾਰ ਅਤੇ ਸਮੂਹ ਸਬੰਧਤ ਵਿਭਾਗ ਅਧਿਕਾਰੀਆਂ ਕਾਨੂੰਗੋਆਂ, ਪਟਵਾਰੀਆਂ ਆਦਿ ਨਾਲ ਪਿੰਡ ਹਰੀਪੁਰ ਝੁੰਗੀਆਂ, ਮਹਿਦੂਦਾਂ, ਮੰਜੋਲੀ, ਘਨੌਰੀ ਖੇੜਾ, ਸਰਾਲਾ ਖ਼ੁਰਦ, ਸਰਾਲਾ ਕਲਾਂ ਆਦਿ ਪਿੰਡਾਂ ਦਾ ਦੌਰਾ ਕਰਕੇ ਗੜੇਮਾਰੀ ਨਾਲ ਨੁਕਸਾਨੀ ਕਣਕ ਦੀ ਫ਼ਸਲ, ਸਰ੍ਹੋਂ ਦੀ ਫ਼ਸਲ ਅਤੇ ਹਰੇ ਚਾਰੇ ਆਦਿ ਦੀਆਂ ਫ਼ਸਲਾਂ ਦਾ ਜਾਇਜ਼ਾ ਲਿਆ।

ਇਸ ਮੌਕੇ ਵਿਧਾਇਕ ਗੁਰਲਾਲ ਘਨੌਰ ਨੇ ਪੀੜਤ ਕਿਸਾਨਾਂ ਨੂੰ ਵਿਸ਼ਵਾਸ ਦਵਾਇਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਗੜੇਮਾਰੀ ਨਾਲ ਨੁਕਸਾਨੀਆਂ ਫ਼ਸਲਾਂ ਦੀ ਸਪੈਸ਼ਲ ਗਿਰਦਾਵਰੀ ਦੀਆਂ ਜ਼ਿਲ੍ਹਾ ਪ੍ਰਸ਼ਾਸਨ ਰਾਹੀ ਸਬੰਧਤ ਵਿਭਾਗ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।ਉਨ੍ਹਾਂ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਇਸ ਮੁਸੀਬਤ ਦੇ ਸਮੇਂ 'ਚ ਉਨ੍ਹਾਂ ਦੇ ਨਾਲ ਹੈ। ਫ਼ਸਲਾਂ ਦੇ ਹੋਏ ਨੁਕਸਾਨ ਦਾ ਗਿਰਦਾਵਰੀ ਕਰਵਾ ਕੇ ਜਲਦੀ ਉਚਿਤ ਮੁਆਵਜ਼ਾ ਦਿੱਤਾ ਜਾਵੇਗਾ। ਕਿਸਾਨਾਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਕਿ ਬਿਨਾਂ ਭੇਦਭਾਵ ਤੋਂ ਨੁਕਸਾਨੀ ਫ਼ਸਲ ਦੀ ਗਿਰਦਾਵਰੀ ਕਰਵਾਈ ਜਾਵੇਗੀ ਅਤੇ ਜਲਦੀ ਹੀ ਅਸਲ ਹੱਕਦਾਰ ਕਿਸਾਨਾਂ ਨੂੰ ਮੁਆਵਜ਼ਾ ਰਾਸ਼ੀ ਮਿਲੇਗੀ। ਇਸ ਮੌਕੇ ਐਸ ਡੀ ਐਮ ਰਾਜਪੁਰਾ ਅਵਿਕੇਸ਼ ਗੁਪਤਾ ਨੇ ਕਿਹਾ ਕਿ ਗੜੇਮਾਰੀ ਕਾਰਨ ਬਰਬਾਦ ਹੋਈਆਂ ਫ਼ਸਲਾਂ ਦੀ ਗਿਰਦਾਵਰੀ ਦੇ ਸਬੰਧਤ ਪਟਵਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਸਨ। ਜਲਦੀ ਪਟਵਾਰੀਆਂ ਵੱਲੋਂ ਪਿੰਡਾਂ ਵਿੱਚ ਜਾ ਕੇ ਫ਼ਸਲਾਂ ਦਾ ਨਿਰੀਖਣ ਕਰਕੇ ਰਿਪੋਰਟ ਭੇਜੀ ਜਾਵੇਗੀ ਤਾਂ ਜੋ ਪੀੜਤ ਕਿਸਾਨਾਂ ਨੂੰ ਉਨ੍ਹਾਂ ਦੀ ਨੁਕਸਾਨੀ ਫ਼ਸਲ ਦਾ ਮੁਆਵਜ਼ਾ ਸਮੇਂ ਸਿਰ ਮਿਲ ਸਕੇ।

ਇਸ ਮੌਕੇ ਦਰਸ਼ਨ ਸਿੰਘ ਮੰਜੋਲੀ, ਹਰਬੰਸ ਸਿੰਘ ਸਾਬਕਾ ਸਰਪੰਚ, ਗੁਰਚਰਨ ਸਿੰਘ ਘਨੌਰੀ ਖੇੜਾ, ਸਰਪੰਚ ਇੰਦਰਜੀਤ ਸਿਆਲੂ, ਗੁਰਪ੍ਰੀਤ ਸਿੰਘ ਸਰਪੰਚ ਸਰਾਲਾ ਖ਼ੁਰਦ,ਸੋਹਣ ਲਾਲ ਸਰਪੰਚ ਸਰਾਲਾ, ਕੌਂਸਲਰ ਮੱਖਣ ਖਾਨ, ਸੁਰਿੰਦਰ ਤੁਲੀ, ਮੁਖਤਿਆਰ ਸਿੰਘ, ਪਿੰਦਰ ਸਰਪੰਚ ਬਘੌਰਾ, ਸੋਨੂੰ ਸੇਖੋਂ ਬਘੌਰਾ, ਦਮਨਪ੍ਰੀਤ ਸਿੰਘ ਸਰਪੰਚ ਖੇੜੀ ਮੰਡਲਾ, ਕੋਚ ਕੁਲਵੰਤ ਸਿੰਘ ਸਮੇਤ ਵੱਖ-ਵੱਖ ਪਿੰਡਾ ਦੇ ਸਰਪੰਚ, ਪੰਚ ਸਮੇਤ ਪੀੜਤ ਕਿਸਾਨ ਅਤੇ ਪਾਰਟੀ ਵਲੰਟੀਅਰ ਮੌਜੂਦ ਸਨ।

## ਪੰਚਾਂ, ਸਰਪੰਚਾਂ ਨੂੰ ਪਲਾਸਟਿਕ ਵੇਸਟ ਮੈਨੇਜਮੈਂਟ ਦੀ ਕਰਵਾਈ ਟ੍ਰੇਨਿੰਗ

**ਪਟਿਆਲਾ, 6 ਮਾਰਚ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਲਾਕ ਸਮਾਣਾ, ਕਾਰਪੋਰੇਸ਼ਨ ਦਫਤਰ ਵਿੱਚ ਪਲਾਸਟਿਕ ਵੇਸਟ ਮੈਨੇਜਮੈਂਟ ਪਲਾਂਟ ਪਿੰਡ ਅਸਰਪੁਰ ਨੂੰ ਵਧੀਆ ਢੰਗ ਨਾਲ ਚਲਾਉਣ ਲਈ ਜ਼ਿਲ੍ਹਾ ਸੈਨੀਟੇਸ਼ਨ ਅਫਸਰ-ਕਮ-ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਪਟਿਆਲਾ ਅਤੇ ਬੀ.ਡੀ.ਪੀ.ਓ. ਸਮਾਣਾ ਦੇ ਸਹਿਯੋਗ ਨਾਲ ਟ ?ਰੇਨਿੰਗ ਕਰਵਾਈ ਗਈ ।

ਇਸ ਦੌਰਾਨ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਸੀ.ਡੀ.ਐਸ. ਸੇਵਿਆ ਸ਼ਰਮਾ ਵੱਲੋਂ ਆਏ ਹੋਏ ਸਰਪੰਚਾਂ ਨੂੰ ਟ ?ਰੇਨਿੰਗ ਦਿੱਤੀ ਗਈ ਕਿ ਉਹਨਾਂ ਦੇ ਪਿੰਡਾਂ ਵਿਚੋਂ ਨਿਕਲਣ ਵਾਲੇ ਪਲਾਸਟਿਕ ਦਾ ਸਹੀ ਢੰਗ ਨਾਲ ਨਿਪਟਾਰਾ ਕਰਨ ਲਈ ਪਿੰਡ ਅਸਰਪੁਰ ਵਿੱਚ 16 ਲੱਖ ਰੁਪਏ ਦੀ ਲਾਗਤ ਨਾਲ ਬਲਾਕ ਪੱਧਰ ਤੇ ਪੀ.ਡਬਲਿਊ.ਐਮ.ਯੂ. ਪਲਾਂਟ ਬਣ ਗਿਆ ਹੈ ਜਿਸ ਵਿੱਚ ਪਿੰਡਾਂ ਵਿਚੋਂ ਨਿਕਲਣ ਵਾਲੇ ਪਲਾਸਟਿਕ ਦਾ ਸਹੀ ਢੰਗ ਨਾਲ ਨਿਪਟਾਰਾ ਕਰਨ ਲਈ ਪਿੰਡ ਪੱਧਰ 'ਤੇ ਪਲਾਸਟਿਕ ਨੂੰ ਇਕੱਠਾ ਕੀਤਾ ਜਾਵੇਗਾ । ਇਸ ਤੋਂ ਇਲਾਵਾ ਬੀ.ਡੀ.ਪੀ.ਓ. ਸਮਾਣਾ ਨੇ ਦੱਸਿਆ ਕਿ ਸਮਾਣਾ ਬਲਾਕ ਦੇ ਹਰ ਪਿੰਡ ਵਿੱਚ ਠੋਸ ਕੂੜਾ ਪ੍ਰਬ ?ਧਨ ਪਲਾਂਟ ਲਗਵਾਉਣ ਲਈ ਆਏ ਹੋਏ ਸਰਪੰਚਾਂ ਨੂੰ ਜਾਗਰੁਕ ਕੀਤਾ ਗਿਆ ਤਾਂ ਜੋ ਹਰ ਇਕ ਪਿੰਡ ਵਿੱਚ ਕੂੜੇ ਦਾ ਨਿਪਟਾਰਾ ਸਹੀ ਢੰਗ ਨਾਲ ਕੀਤਾ ਜਾ ਸਕੇ । ਇਸ ਟਰੇਨਿੰਗ ਵਿੱਚ ਵੀਰਪਾਲ ਆਈ.ਈ.ਸੀ., ਜੇ.ਈ. ਚਿਰਾਗ ਸਿੰਘ , ਜੇ.ਈ. ਗੁਲਸ਼ਨ ਕੁਮਾਰ, ਬੀ.ਆਰ.ਸੀ. ਸਰਬਦੀਪ ਸਿੰਘ , ਬੀ.ਆਰ.ਸੀ. ਕੁਲਜਿੰਦਰ ਸਿੰਘ ਤੋਂ ਇਲਾਵਾ ਵੱਖ-ਵੱਖ ਪਿੰਡਾਂ ਦੇ ਪੰਚ ਅਤੇ ਸਰਪੰਚ ਵੀ ਹਾਜ਼ਰ ਸਨ।

## ਕਾਨੂੰਨ ਬਣਾ ਕੇ ਸ.ਫ਼ਾਈ ਸੇਵਕਾਂ ਲਈ ਠੇਕਾ ਪ੍ਰਣਾਲੀ 'ਤੇ ਪਾਬੰਦੀ ਲਗਾਓ: ਗਰੇਵਾਲ ਨੇ ਭਾਰਤ ਦੇ ਰਾਸ਼ਟਰਪਤੀ ਨੂੰ ਕੀਤੀ ਅਪੀਲ

**ਚੰਡੀਗੜ੍ਹ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਸਫ਼ਾਈ ਕਰਮਚਾਰੀ ਕਮਿਸ਼ਨ ਦੇ ਚੇਅਰਮੈਨ ਸ੍ਰੀ ਚੰਦਨ ਗਰੇਵਾਲ ਨੇ ਭਾਰਤ ਦੇ ਰਾਸ਼ਟਰਪਤੀ ਦੇ ਦਖ਼ਲ ਦੀ ਮੰਗ ਕੀਤੀ ਹੈ ਕਿ ਉਹ ਇੱਕ ਕਾਨੂੰਨ ਬਣਾ ਕੇ ਸਫਾਈ ਕਰਮਚਾਰੀਆਂ ਦੀਆਂ ਨੌਕਰੀਆਂ ਦੀ ਠੇਕਾ ਪ੍ਰਣਾਲੀ ਨੂੰ ਖਤਮ ਕਰਨ ।



ਭਾਰਤ ਦੇ ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਨੂੰ ਲਿਖੇ ਪੱਤਰ ਵਿੱਚ, ਚੇਅਰਮੈਨ ਨੇ ਸਮਾਜ ਦੇ ਕਮਜ਼ੋਰ ਵਰਗਾਂ ਦੇ ਹਿੱਤਾਂ ਦੀ ਰਾਖੀ ਲਈ ਕਈ ਪਹਿਲਕਦਮੀਆਂ ਕਰਨ ਲਈ ਓਹਨਾ ਦੀ ਸ਼ਲਾਘਾ ਕੀਤੀ ਹੈ। ਸਮਾਜ ਦੇ ਗ਼ਰੀਬ ਵਰਗ ਦੀ ਦੁਰਦਸ਼ਾ ਵੱਲ ਧਿਆਨ ਦਿਵਾਉਂਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਦੀਆਂ ਸਰਕਾਰਾਂ ਵੱਲੋਂ ਸਫ਼ਾਈ ਸੇਵਕਾਂ ਨੂੰ ਹੁਣ ਤੱਕ ਨਜ਼ਰਅੰਦਾਜ਼ ਕੀਤਾ ਗਿਆ ਹੈ। ਸ੍ਰੀ ਚੰਦਨ ਗਰੇਵਾਲ ਨੇ ਦੇਸ਼ ਦੇ ਸਫਾਈ ਸੇਵਕਾਂ ਦੇ ਹਿੱਤਾਂ ਦੀ ਰਾਖੀ ਲਈ ਰਾਸ਼ਟਰਪਤੀ ਦੇ ਦਖਲ ਦੀ ਮੰਗ ਕੀਤੀ।

ਚੇਅਰਮੈਨ ਨੇ ਕਿਹਾ ਕਿ ਸਮਾਜ ਦਾ ਇਹ ਵਰਗ ਸਮੁੱਚੇ ਸਮਾਜ ਦੀ ਸਿਹਤ ਅਤੇ ਸਵੱਛਤਾ ਲਈ ਦਿਨ ਰਾਤ ਮਿਹਨਤ ਕਰਦਾ ਹੈ। ਹਾਲਾਂਕਿ, ਉਨ੍ਹਾਂ ਅਫ਼ਸੋਸ ਪ੍ਰਗਟ ਕੀਤਾ ਕਿ ਬਦਕਿਸਮਤੀ ਨਾਲ ਸਫ਼ਾਈ ਸੇਵਕਾਂ ਦੇ ਅਧਿਕਾਰਾਂ ਦੀ ਕਿਸੇ ਵੱਲੋਂ ਵੀ ਰਾਖੀ ਨਹੀਂ ਕੀਤੀ ਜਾਂਦੀ। ਸ੍ਰੀ ਚੰਦਨ ਗਰੇਵਾਲ ਨੇ ਕਿਹਾ ਕਿ ਸਮਾਜ ਦੇ ਇਸ ਵਰਗ ਨਾਲ ਦੁਸ਼ਮਣੀ ਰੱਖਣ ਵਾਲੀਆਂ ਕੁਝ ਤਾਕਤਾਂ ਨੇ ਸਫਾਈ ਸੇਵਕਾਂ ਵਿੱਚ ਠੇਕਾ ਪ੍ਰਣਾਲੀ ਲਾਗੂ ਕਰ ਦਿੱਤੀ ਹੈ।

ਚੇਅਰਮੈਨ ਨੇ ਕਿਹਾ ਕਿ ਜਿਸ ਕਾਰਨ ਉਨ੍ਹਾਂ ਦਾ ਲਗਾਤਾਰ ਸ਼ੋਸ਼ਣ ਹੋ ਰਿਹਾ ਹੈ ਅਤੇ ਰੈਗੂਲਰ ਨੌਕਰੀਆਂ ਨਾ ਹੋਣ ਕਾਰਨ ਉਨ੍ਹਾਂ ਨੂੰ ਨਿਗੂਣੀਆਂ ਤਨਖਾਹਾਂ ਮਿਲ ਰਹੀਆਂ ਹਨ ਅਤੇ ਉਹਨਾਂ ਦਾ ਭਵਿੱਖ ਅਸੁਰੱਖਿਅਤ ਹੈ। ਉਨ੍ਹਾਂ ਕਿਹਾ ਕਿ ਭਾਵੇਂ ਪੰਜਾਬ ਨੇ ਸਫ਼ਾਈ ਕਰਮਚਾਰੀਆਂ ਦੀਆਂ ਨੌਕਰੀਆਂ ਦੀ ਠੇਕਾ ਪ੍ਰਣਾਲੀ 'ਤੇ ਪਾਬੰਦੀ ਲਗਾ ਦਿੱਤੀ ਹੈ ਪਰ ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਸਥਿਤੀ ਬਰਕਰਾਰ ਹੈ। ਸ੍ਰੀ ਚੰਦਨ ਗਰੇਵਾਲ ਨੇ ਭਾਰਤ ਸਰਕਾਰ ਨੂੰ ਸਫ਼ਾਈ ਸੇਵਕਾਂ ਲਈ ਠੇਕਾ ਪ੍ਰਣਾਲੀ ਦੀਆਂ ਨੌਕਰੀਆਂ 'ਤੇ ਪਾਬੰਦੀ ਲਗਾਉਣ ਲਈ ਭਾਰਤ ਦੀ ਪਾਰਲੀਮੈਂਟ ਵਿੱਚ ਕਾਨੂੰਨ ਪੇਸ਼ ਕਰਨ ਲਈ ਨਿਰਦੇਸ਼ ਦੇਣ ਲਈ ਦਖਲਅੰਦਾਜ਼ੀ ਦੀ ਅਪੀਲ ਕੀਤੀ ਤਾਂ ਜੋ ਉਨ੍ਹਾਂ ਦੇ ਹਿੱਤ ਸੁਰੱਖਿਅਤ ਹੋ ਸਕਣ।

## 21 ਮਾਰਚ ਨੂੰ ਕਿਰਤ ਮੰਤਰੀ ਦੇ ਸ਼ਹਿਰ ਖੰਨਾ 'ਚ ਸੂਬਾ ਪੱਧਰੀ ਰੋਸ ਰੈਲੀ 'ਚ ਜਲ ਸਪਲਾਈ ਵਰਕਰ ਪਰਿਵਾਰ-ਬੱਚਿਆ ਸਮੇਤ ਸ਼ਾਮਿਲ ਹੋਣਗੇ



**ਸਮਾਣਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

'ਠੇਕਾ ਮੁਲਾਜਮ ਸੰਘਰਸ਼ ਮੋਰਚਾ ਪੰਜਾਬ' ਦੇ ਬੇਨਰ ਹੇਠ ਪੰਜਾਬ ਸਰਕਾਰ ਦੇ ਕਿਰਤ ਮੰਤਰੀ ਦੇ ਸ਼ਹਿਰ ਖੰਨਾ ਦੀ ਅਨਾਜ ਮੰਡੀ ਵਿਚ 21 ਮਾਰਚ ਨੂੰ ਸੂਬਾ ਪੱਧਰੀ ਰੋਸ਼ ਰੈਲੀ ਸਬੰਧੀ ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ (ਰਜਿ.31) ਦੀ ਜਿਲ੍ਹਾ ਪਟਿਆਲਾ ਵੱਲੋਂ 21ਦੀ ਤਿਆਰੀ ਮੀਟਿੰਗ ਕੀਤੀ ਗਈ। ਜਿਸ ਵਿੱਚ ਜਲ ਸਪਲਾਈ ਵਿਭਾਗ 'ਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਅਤੇ ਆਊਟਸੋਰਸ ਠੇਕਾ ਵਰਕਰਾਂ ਨੂੰ ਪਰਿਵਾਰਾਂ-ਬੱਚਿਆ ਸਮੇਤ ਹਿੱਸਾ ਲੈਣ ਲਈ ਲਾਮਬੰਦ ਕੀਤਾ ਗਿਆ।

ਇਸ ਮੌਕੇ ਜਿਲ੍ਹਾ ਪਟਿਆਲਾ ਪ੍ਰਧਾਨ ਜੀਤ ਸਿੰਘ ਬਠੋਈ, ਨਰਿੰਦਰ ਸਿੰਘ ਬੱਲਾਂ ਜਿਲ੍ਹਾ ਖਜਨਚੀ, ਰਾਹੁਲ ਸ਼ਰਮਾ ਜਿਲ੍ਹਾ ਜਨਰਲ ਸਕੱਤਰ ਹੱਡਾਨਾ, ਵਿੱਕੀ ਸਿੰਘ ਰਾਜਪੁਰਾ, ਬੱਗਾ ਸਿੰਘ ਸਮਾਣਾ,ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਸੂਬੇ ਦੀ ਸੱਤਾ ਵਿਚ ਆਉਣ ਤੋਂ ਪਹਿਲਾਂ ਠੇਕਾ ਮੁਲਾਜਮਾਂ ਨਾਲ ਵਾਅਦਾ ਕੀਤਾ ਸੀ ਕਿ ਸਾਡੀ ਸਰਕਾਰ ਬਣਨ ਉਪਰੰਤ ਸਾਰੇ ਸਰਕਾਰੀ ਵਿਭਾਗਾਂ ਵਿਚ ਵੱਖ ਵੱਖ ਕੈਟਾਗਿਰੀਆ ਅਧੀਨ ਕੰਮ ਕਰਦੇ ਠੇਕਾ ਮੁਲਾਜਮਾਂ ਨੂੰ ਪੱਕਾ ਕੀਤਾ ਜਾਵੇਗਾ ਪਰ ਤ੍ਰਾਂਸਦੀ ਇਹ ਹੈ ਕਿ ਵਰਤਮਾਨ ਪੰਜਾਬ ਸਰਕਾਰ ਦੇ ਸੱਤਾ ਵਿਚ ਆਉਣ ਵਿਚ 3 ਸਾਲ ਬੀਤ ਚੁੱਕੇ ਹਨ ਪਰ ਹਾਲੇ ਤੱਕ ਠੇਕਾ ਮੁਲਾਜਮਾਂ ਨੂੰ ਪੱਕਾ ਕਰਨ ਵਾਲੀ ਮੰਗ ਦਾ ਹੱਲ ਨਹੀਂ ਹੋ ਸਕਿਆ ਹੈ।

ਮੁੱਖ ਮੰਤਰੀ ਭਗਵੰਤ ਮਾਨ ਦੀ ਅਗੁਵਾਈ ਵਾਲੀ ਪੰਜਾਬ ਸਰਕਾਰ ਵੀ ਪਹਿਲੀਆਂ ਸਰਕਾਰਾਂ ਦੀ ਤਰ੍ਹਾਂ ਹੀ ਕਾਰਪੋਰੇਟ ਘਰਾਣਿਆਂ ਦੀ ਸੇਵਾ ਲਈ ਸਰਕਾਰੀ ਵਿਭਾਗਾਂ ਦਾ ਨਿੱਜੀਕਰਨ/ ਪੰਚਾਇਤਕਰਨ ਕਰਨ ਵਾਲੀਆ ਨੀਤੀਆਂ ਨੂੰ ਲਾਗੂ ਕਰਨ ਵਿਚ ਬਜਿੱਦ ਹੈ ਅਤੇ ਠੇਕਾ ਪ੍ਰਣਾਲੀ ਦੀ ਚੱਕੀ ਵਿਚ ਪਿਸ ਰਹੇ ਆਊਟਸੋਰਸ ਅਤੇ ਇਨਲਿਸਟਮੈਂਟ ਠੇਕਾ ਮੁਲਾਜਮਾਂ ਨੂੰ ਉਨ੍ਹਾਂ ਦੇ ਸਬੰਧਤ ਵਿਭਾਗਾਂ 'ਚ ਮਰਜ ਕਰਕੇ ਪੱਕਾ ਰੁਜਗਾਰ ਕਰਨ ਲਈ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਪਿਛਲੇ 3 ਸਾਲਾਂ ਦੇ ਅਰਸੇ ਵਿਚ ਗੱਲਬਾਤ ਕਰਨ ਤੋਂ ਵੀ ਇਨਕਾਰੀ ਹੈ।

ਹਰੇਕ ਵਾਰ ਗੱਲਬਾਤ ਦਾ ਲਿਖਤੀ ਸਮਾਂ ਦੇ ਕੇ ਐਨ ਮੌਕੇ ਤੇ ਜਾ ਕੇ ਜ਼ਰੂਰੀ ਰੁਝੇਵਿਆਂ ਦੇ ਬਹਾਨੇ ਹੇਠ ਮੀਟਿੰਗ ਕਰਨ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ। ਹੁਣ ਇਹੀ ਹਾਲ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀਆਂ ਦੀ ਸਬ-ਕਮੇਟੀ ਦਾ ਹੈ, ਜਿਸਨੇ ਮੋਰਚੇ ਨਾਲ ਲਿਖਤੀ ਰੂਪ ਵਿਚ ਦਿੱਤੀਆਂ ਮੀਟਿੰਗਾਂ ਨੂੰ ਰੱਦ ਕਰਕੇ ਆਪਣੀ ਠੇਕਾ ਮੁਲਾਜਮ ਵਿਰੋਧੀ ਅਸਲੀਅਤ ਨੂੰ ਉਜਾਗਰ ਕੀਤਾ ਗਿਆ ਹੈ, ਜਿਸਦੇ ਵਿਰੋਧ ਵਿਚ ਮਜਬੂਰਨ ਸੰਘਰਸ਼ ਕਰਨਾ ਪੈ ਰਿਹਾ ਹੈ।

ਉਨ੍ਹਾਂ ਮੰਗ ਕੀਤਾ ਕਿ ਸਥਾਈ ਸੇਵਾ ਦੀ ਲੋੜ ਦੇ ਅਧਾਰ ਤੇ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਪੱਕੇ ਰੁਜਗਾਰ ਦੀ ਗਾਰੰਟੀ ਕੀਤੀ ਜਾਵੇ। ਇਸੇ ਅਧਾਰ ਤੇ ਸਰਕਾਰੀ ਵਿਭਾਗਾਂ ਵਿਚ ਤੈਨਾਤ ਇਨਲਿਸਟਮੈਂਟ ਅਤੇ ਆਊਟਸੋਰਸ ਠੇਕਾ ਮੁਲਾਜਮਾਂ ਨੂੰ ਸਬੰਧਤ ਵਿਭਾਗਾਂ ਵਿਚ ਲਿਆ ਕੇ ਤਜਰਬੇ ਦੇ ਅਧਾਰ ਤੇ ਬਿਨਾਂ ਸ਼ਰਤ ਰੈਗੂਲਰ ਕੀਤਾ ਜਾਵੇ।

## ਪਟਿਆਲਾ ਸਮੇਤ ਰਾਜਪੁਰਾ, ਸਮਾਣਾ ਅਤੇ ਨਾਭਾ ਵਿਖੇ ਕੌਮੀ ਅਦਾਲਤ ਦਾ ਆਯੋਜਨ 8 ਮਾਰਚ ਨੂੰ

**ਪਟਿਆਲਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਮੋਹਾਲੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਰੁਪਿੰਦਰਜੀਤ ਚਾਹਲ ਦੀ ਯੋਗ ਅਗਵਾਈ ਹੇਠ 8 ਮਾਰਚ ਨੂੰ ਪਟਿਆਲਾ ਵਿਖੇ ਕੌਮੀ ਲੋਕ ਅਦਾਲਤ ਲਗਾਈ ਜਾ ਰਹੀ ਹੈ । ਇਸ ਮੰਤਵ ਲਈ ਪਟਿਆਲਾ ਸਮੇਤ ਰਾਜਪੁਰਾ, ਸਮਾਣਾ ਅਤੇ ਨਾਭਾ ਵਿਖੇ ਨਿਆਇਕ ਅਦਾਲਤਾਂ ਦੇ ਬੈਂਚਾਂ ਦਾ ਗਠਨ ਕੀਤਾ ਜਾਵੇਗਾ।

ਮੀਟਿੰਗ ਵਿੱਚ ਚੈੱਕ ਬਾਊਂਸ ਕੇਸਾਂ, ਪੈਸੇ ਦੀ ਵਸੂਲੀ ਦੇ ਕੇਸ, ਲੇਬਰ ਅਤੇ ਰੁਜ਼ਗਾਰ ਝਗੜਿਆਂ ਦੇ ਕੇਸ, ਬਿਜਲੀ, ਪਾਣੀ ਦੇ ਬਿੱਲਾਂ ਅਤੇ ਹੋਰ ਬਿੱਲਾਂ ਦੇ ਭੁਗਤਾਨ ਦੇ ਕੇਸ (ਨਾਨ-ਕੰਪਾਊਂਡੇਬਲ ਨੂੰ ਛੱਡ ਕੇ), ਰੱਖ-ਰਖਾਅ ਦੇ ਕੇਸ, ਹੋਰ ਫੌਜਦਾਰੀ ਕੰਪਾਊਂਡੇਬਲ ਕੇਸ ਅਤੇ ਹੋਰ ਦੀਵਾਨੀ ਝਗੜੇ ਅਤੇ ਅਦਾਲਤਾਂ ਵਿੱਚ ਲੰਬਿਤ ਕੇਸਾਂ ਨਾਲ ਸਬੰਧਤ ਟ੍ਰਿਬਿਊਨਲ ਜਿਵੇਂ ਕਿ ਕ੍ਰਿਮੀਨਲ ਕੰਪਾਊਂਡੇਬਲ ਓਫੈਂਸ, ਚੈੱਕ ਬਾਊਂਸ ਕੇਸ, ਮਨੀ ਰਿਕਵਰੀ ਕੇਸ, ਐਮਏਸੀਟੀ ਕੇਸ, ਲੇਬਰ ਅਤੇ ਰੁਜ਼ਗਾਰ ਝਗੜੇ ਦੇ ਕੇਸ, ਬਿਜਲੀ,

## ਪਟਿਆਲਾ ਜ਼ਿਲ੍ਹੇ ਵਿੱਚ ਕੌਮੀ ਲੋਕ ਅਦਾਲਤ 8 ਮਾਰਚ ਨੂੰ

**ਪਟਿਆਲਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਪਟਿਆਲਾ ਡਾ: ਪ੍ਰਤੀ ਯਾਦਵ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 8 ਮਾਰਚ ਨੂੰ ਲੱਗਣ ਵਾਲੀ ਕੌਮੀ ਲੋਕ ਅਦਾਲਤ ਦੌਰਾਨ ਮਾਲ ਵਿਭਾਗ ਨਾਲ ਸਬੰਧਤ ਮਾਮਲਿਆਂ ਦੇ ਨਿਪਟਾਰੇ ਲਈ ਮਾਲ ਅਧਿਕਾਰੀਆਂ ਵੱਲੋਂ ਵੀ ਅਦਾਲਤਾਂ ਆਪਣੇ ਦਫ਼ਤਰਾਂ ਵਿੱਚ ਲਗਾਈਆਂ ਜਾਣਗੀਆਂ । ਜੇਕਰ ਮਾਲ ਵਿਭਾਗ ਨਾਲ ਸਬੰਧਤ ਕੇਸ ਜਾਂ ਕੋਈ ਹੋਰ ਕੇਸ ਜੋ ਵਿਚਾਰ ਅਧੀਨ ਹਨ ਉਹਨਾਂ ਦਾ ਪਹਿਲ ਦੇ ਅਧਾਰ 'ਤੇ ਨਿਪਟਾਰਾ ਕੀਤਾ ਜਾਵੇਗਾ।

ਉਹਨਾਂ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਲੰਬਿਤ ਪਏ ਕੇਸਾਂ ਨਾਲ ਸਬੰਧਤ ਧਿਰਾਂ ਨੂੰ ਪਹਿਲਾਂ ਸੁਣਵਾਈ ਸਬੰਧੀ ਜਾਣੂ ਕਰਵਾਉਣ ਦੀ ਹਦਾਇਤ ਵੀ ਕੀਤੀ।

## ਸੋਸ਼ਲ ਮੀਡੀਆ ਦੇ ਯੁੱਗ ਵਿੱਚ ਵਿਦਿਆਰਥੀਆਂ ਨੂੰ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾਵੇ : ਪ੍ਰਿੰਸੀਪਲ ਪਰਮੇਲ ਕੌਰ ਸਿੱਧੂ

**ਜ਼ੀਰਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਅਜੋਕੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਵਿਦਿਆਰਥੀਆਂ ਨੂੰ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾਵੇ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਪਬਲਿਕ ਸਕੂਲ ਲਹਿਰਾ ਰੋਹੀ ( ਜ਼ੀਰਾ ) ਦੀ ਪ੍ਰਿੰਸੀਪਲ ਸ੍ਰੀਮਤੀ ਪਰਮੇਲ ਕੌਰ ਸਿੱਧੂ ਨੇ ਜੀਰਾ ਵਿਖੇ ਪੱਤਰਕਾਰਾਂ ਕੋਲ ਕੀਤਾ। ਉਹਨਾਂ ਕਿਹਾ ਕਿ ਅੱਜ ਸੋਸ਼ਲ ਮੀਡੀਆ ਦਾ ਯੁੱਗ ਹੋਣ ਕਰਕੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਦੇ ਹੱਥਾਂ ਵਿੱਚ ਮੋਬਾਇਲ ਫੋਨ ਹੈ। ਬੱਚਿਆਂ ਦੇ ਹੱਥ ਵਿੱਚ ਮੋਬਾਇਲ ਆ ਜਾਣ ਕਰਕੇ ਬੱਚੇ ਜਿਆਦਾਤਰ ਸਮਾਂ ਮੋਬਾਇਲਾਂ ਤੇ ਬੈਠੇ ਰਹਿੰਦੇ ਹਨ। ਪ੍ਰਿੰਸੀਪਲ ਪਰਮੇਲ ਕੌਰ ਸਿੱਧੂ ਨੇ ਬੱਚਿਆਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਵਿਦਿਆਰਥੀਆਂ ਨੂੰ ਮੋਬਾਇਲ ਫੋਨ ਦੀ ਘੱਟ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਜਾਵੇ। ਉਹਨਾਂ ਕਿਹਾ ਕਿ ਬੱਚਿਆਂ ਦਾ ਧਿਆਨ ਮੋਬਾਇਲਾਂ ਤੋਂ ਹਟਾਉਣ ਲਈ ਉਹਨਾਂ ਨੂੰ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾਵੇ ਤਾਂ ਕਿ ਉਹ ਦੇਸ਼ ਦੇ ਚੰਗੇ ਨਾਗਰਿਕ ਬਣ ਸਕਣ। ਉਹਨਾਂ ਕਿਹਾ ਕਿ ਬੱਚਿਆਂ ਨੂੰ ਸਿਰਫ ਕਿਤਾਬੀ ਕੀੜਾ ਹੀ ਨਹੀਂ ਸਗੋਂ ਅਧਿਆਪਕ ਉਹਨਾਂ ਦਾ ਮਾਰਗ ਦਰਸ਼ਕ ਕਰਕੇ ਉਹਨਾਂ ਨੂੰ ਜ਼ਿੰਦਗੀ ਵਿੱਚ ਸਫਲਤਾ ਹਾਸਿਲ ਕਰਨ ਲਈ ਪ੍ਰੇਰਿਤ ਕਰਨ। ਮੈਡਮ ਪਰਮੇਲ ਕੌਰ ਸਿੱਧੂ ਨੇ ਇਹ ਵੀ ਕਿਹਾ ਕਿ ਵਿਦਿਆਰਥੀਆਂ ਦੀ ਕਾਮਯਾਬੀ ਦੇ ਮਗਰ ਉਹਨਾਂ ਦੇ ਮਾਪਿਆਂ ਅਤੇ ਅਧਿਆਪਕਾਂ ਦਾ ਅਹਿਮ ਰੋਲ ਹੁੰਦਾ ਹੈ। ਪਰਮੇਲ ਕੌਰ ਸਿੱਧੂ ਨੇ ਕਿਹਾ ਕਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਪਬਲਿਕ ਸਕੂਲ ਲਹਿਰਾ ਰੋਹੀ (ਫਿਰੋਜਪੁਰ) ਵਿਖੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਦੇ ਨਾਲ ਧਾਰਮਿਕ ਅਤੇ ਨੈਤਿਕ ਸਿੱਖਿਆ ਦੇ ਅਲੱਗ ਅਲੱਗ ਪੀਰੀਅਡ ਵੀ ਲਗਾਏ ਜਾਂਦੇ ਹਨ। ਉਹਨਾਂ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਚੰਗੇ ਸਕੂਲਾਂ ਦੀ ਚੋਣ ਕਰਨ ਤਾਂ ਕਿ ਬੱਚੇ ਚੰਗੀ ਸਿੱਖਿਆ ਗ੍ਰਹਿਣ ਕਰਕੇ ਹਰ ਖੇਤਰ ਵਿੱਚ ਕਾਮਯਾਬ ਹੋ ਸਕਣ।

## ਡੀ.ਸੀ. ਵੱਲੋਂ ਸਰਹਿੰਦ ਰੋਡ 'ਤੇ ਚਲਦੇ ਕੰਮ ਦੌਰਾਨ ਹਾਦਸੇ ਰੋਕਣ ਲਈ ਲੋਕ ਨਿਰਮਾਣ ਵਿਭਾਗ ਨੂੰ ਹੋਰ ਕਦਮ ਚੁੱਕਣ ਦੀ ਸਖ਼ਤ ਹਦਾਇਤ

**➢ ਹਾਦਸਿਆਂ ਤੋਂ ਬਚਣ ਲਈ ਸੜਕ ਕੰਢੇ ਲੱਗੇ ਸਪੀਡ ਘੱਟ ਕਰਨ ਤੇ ਚੱਲਦੇ ਕੰਮ ਦੇ ਸਾਈਨ ਬੋਰਡ ਤੇ ਰਿਫਲੈਕਟਰ ਦੇਖ ਕੇ ਸਫ਼ਰ ਕਰਨ ਰਾਹਗੀਰ: ਡਿਪਟੀ ਕਮਿਸ਼ਨਰ ➢ ਲੋਕ ਨਿਰਮਾਣ ਵਿਭਾਗ ਨੈਸ਼ਨਲ ਹਾਈਵੇ ਦੇ ਅਧਿਕਾਰੀ ਲਗਾਤਾਰ ਲੈ ਰਹੇ ਨੇ ਜਾਇਜ਼ਾ**

**ਪਟਿਆਲਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਪਟਿਆਲਾ ਤੋਂ ਜੀ.ਟੀ ਰੋਡ ਸਰਹਿੰਦ ਤੱਕ ਸੜਕ ਨੂੰ ਚਹੁੰਮਾਰਗੀ ਕੀਤੇ ਜਾਣ ਦੇ ਪ੍ਰਾਜੈਕਟ ਦੇ ਚੱਲ ਰਹੇ ਕੰਮ ਦੌਰਾਨ ਹੁੰਦੇ ਹਾਦਸੇ ਰੋਕਣ ਲਈ ਲੋਕ ਨਿਰਮਾਣ ਵਿਭਾਗ ਦੇ ਨੈਸ਼ਨਲ ਹਾਈਵੇ ਵਿੰਗ ਨੂੰ ਸਪੀਡ ਲਿਮਿਟ ਤੇ ਚੱਲ ਰਹੇ ਕੰਮ ਦੇ ਸਾਈਨ ਬੋਰਡ ਤੇ ਰਿਫ਼ਲੈਕਟਰ ਆਦਿ ਲਗਾਉਣ ਸਮੇਤ ਹੋਰ ਕਦਮ ਤੁਰੰਤ ਚੁੱਕੇ ਜਾਣ ਦੀ ਸਖ਼ਤ ਹਦਾਇਤ ਕੀਤੀ ਹੈ।




ਸਰਹਿੰਦ ਰੋਡ 'ਤੇ ਨੈਸ਼ਨਲ ਹਾਈਵੇ ਦੇ ਕਾਰਜਕਾਰੀ ਇੰਜੀਨੀਅਰ ਸ਼ਰਨਪ੍ਰੀਤ ਸਿੰਘ ਹਾਦਸਿਆਂ ਤੋਂ ਬਚਾਅ ਲਈ ਸਾਇਨ ਬੋਰਡ ਤੇ ਰਿਫਲੈਕਟਰ ਆਦਿ ਲਗਵਾਉਂਦੇ ਹੋਏ।

ਡਿਪਟੀ ਕਮਿਸ਼ਨਰ ਨੇ ਨਾਲ ਹੀ ਇਸ ਸੜਕ 'ਤੇ ਚੱਲਦੇ ਰਾਹਗੀਰਾਂ ਨੂੰ ਵੀ ਸਲਾਹ ਦਿੱਤੀ ਹੈ ਕਿ ਉਹ ਹਾਦਸਿਆਂ ਤੋਂ ਬਚਣ ਲਈ ਸੜਕ ਸੁਰੱਖਿਆ ਨੇਮਾਂ ਦੀ ਪਾਲਣਾ ਯਕੀਨੀ ਬਣਾਉਣ ਅਤੇ ਸੜਕ ਦੇ ਕੰਢੇ ਸੜਕ ਪੁੱਟੀ ਹੋਣ ਆਦਿ ਦੇ ਲਗਾਏ ਗਏ ਮਿੱਟੀ ਦੇ ਭਰੇ ਥੈਲਿਆਂ, ਟੇਪ ਪੱਟੀ ਅਤੇ ਰਿਫਲੈਕਟਰ ਆਦਿ ਨੂੰ ਦੇਖਕੇ ਹੀ ਸਫ਼ਰ ਕਰਨ। ਉਨ੍ਹਾਂ ਹੋਰ ਸਲਾਹ ਦਿੱਤੀ ਕਿ ਜੇਕਰ ਹੋ ਸਕੇ ਤਾਂ ਵਾਹਨਾਂ ਦੀ ਸਪੀਡ ਵੀ ਘੱਟ ਰੱਖੀ ਜਾਵੇ ਤਾਂ ਕਿ ਹਾਦਸੇ ਨਾ ਵਾਪਰਨ। ਡਾ. ਪ੍ਰੀਤੀ ਯਾਦਵ ਨੇ ਐਕਸੀਐਨ ਇੰਜ. ਸ਼ਰਨਪ੍ਰੀਤ ਸਿੰਘ ਨੂੰ ਹਦਾਇਤ ਕੀਤੀ ਕਿ ਉਹ ਜਿੱਥੇ ਸੜਕ ਪੁੱਟੀ ਹੋਣ ਕਰਕੇ ਕਿਨਾਰੇ ਨੀਵੇਂ ਹਨ, ਉਥੇ ਮਿੱਟੀ ਦੇ ਭਰੇ ਥੈਲੇ ਰੱਖੇ ਜਾਣ ਸਮੇਤ ਟੇਪ ਪੱਟੀ, ਸਪੀਡ ਲਿਮਿਟ ਤੇ ਚੱਲ ਰਹੇ ਕੰਮ ਦੇ ਸਾਈਨ ਬੋਰਡ ਅਤੇ ਰਿਫਲੈਕਟਰ ਆਦਿ ਰਾਹ ਦਸੇਰਾ ਨਿਸ਼ਾਨ ਲਗਾਏ ਜਾਣ ਤਾਂ ਕਿ ਲੋਕਾਂ ਦੇ ਵਾਹਨ ਪੁੱਟੀ ਹੋਈ ਸੜਕ ਵਿੱਚ ਜਾਕੇ ਹਾਦਸਾ ਗ੍ਰਸਤ ਨਾ ਹੋ ਜਾਣ ਤੇ ਕਿਸੇ ਦਾ ਜਾਨੀ ਤੇ ਮਾਲੀ ਨੁਕਸਾਨ ਨਾ ਹੋਵੇ। ਉਧਰ ਅੱਜ ਡਿਪਟੀ ਕਮਿਸ਼ਨਰ ਦੇ ਆਦੇਸ਼ਾਂ 'ਤੇ ਤੁਰੰਤ ਕਾਰਵਾਈ ਕਰਦਿਆਂ ਕਾਰਜਕਾਰੀ ਇੰਜੀਨੀਅਰ, ਨੈਸ਼ਨਲ ਹਾਈਵ, ਲੋਕ ਨਿਰਮਾਣ ਵਿਭਾਗ ਇੰਜ. ਸ਼ਰਨਪ੍ਰੀਤ ਸਿੰਘ ਨੇ ਆਪਣੀ ਟੀਮ ਤੇ ਐਸ.ਡੀ.ਓ. ਮਨਜੀਤ ਸਿੰਘ ਸਮੇਤ ਸੜਕ ਦਾ ਦੌਰਾ ਕੀਤਾ ਅਤੇ ਜਿੱਥੇ ਤਾਜਾ ਹਾਦਸੇ ਹੋਏ ਹਨ, ਉਥੇ ਹੋਰ ਮਿੱਟੀ ਦੇ ਭਰੇ ਥੈਲੇ ਤੇ ਰਿਫਲੈਕਟਰ ਤੇ ਸਪੀਡ ਲਿਮਿਟ ਦੇ ਸਾਈਨ ਬੋਰਡ ਤੇ ਟੇਪ ਪੱਟੀਆਂ ਲਗਵਾਈਆਂ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਚੌੜੀ ਹੋ ਰਹੀ ਨਵੀਂ ਸਰਹਿੰਦ ਰੋਡ ਬਣਨ ਨਾਲ ਇਸ ਸੜਕ ਉਪਰ ਪਹਿਲਾਂ ਹਾਦਸਿਆਂ ਦਾ ਕਾਰਨ ਬਣਦੇ 12 ਬਲੈਕ ਸਪਾਟ ਖ਼ਤਮ ਹੋ ਜਾਣਗੇ ਤੇ ਆਵਾਜਾਈ ਨਿਰਵਿਘਨ ਚੱਲੇਗੀ।

ਡਾ. ਪ੍ਰੀਤੀ ਯਾਦਵ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਨੇ ਪਟਿਆਲਾ ਤੋਂ ਜੀ.ਟੀ. ਰੋਡ ਸਰਹਿੰਦ ਤੱਕ ਲਗਪਗ 28 ਕਿਲੋਮੀਟਰ ਰਸਤੇ ਨੂੰ ਚੌੜਾ ਕਰਕੇ ਚਾਰ ਮਾਰਗੀ ਕਰਨ ਦੀ ਪ੍ਰਵਾਨਗੀ ਦਿੱਤੀ ਸੀ। ਜਿਸ ਤਹਿਤ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਤੋਂ ਸਰਹਿੰਦ ਜੀ.ਟੀ. ਰੋਡ ਤੱਕ 28 ਕਿਲੋਮੀਟਰ 'ਚੋਂ 21 ਕਿਲੋਮੀਟਰ ਚੌੜਾ ਕਰਨ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਜਦਕਿ ਭਾਖੜਾ ਨਹਿਰ ਦੀ ਨਰਵਾਣਾ ਬ੍ਰਾਂਚ 'ਤੇ ਨਵੇਂ ਸਟੀਲ ਪੁਲ ਦਾ ਨਿਰਮਾਣ ਕਾਰਜ ਮੁਕੰਮਲ ਕੀਤਾ ਜਾ ਚੁੱਕਾ ਹੈ।

ਉਨ੍ਹਾਂ ਕਿਹਾ ਕਿ ਪਟਿਆਲਾ ਤੋਂ ਬਾਰਨ ਤੱਕ 6.5 ਕਿਲੋਮੀਟਰ ਪਹਿਲਾਂ ਹੀ ਚਾਰ ਮਾਰਗੀ ਹੈ ਅਤੇ ਬਾਕੀ ਬਚਦੀ 10 ਮੀਟਰ ਚੌੜੀ 21 ਕਿਲੋਮੀਟਰ ਸੜਕ ਨੂੰ 4 ਮਾਰਗੀ ਕੀਤਾ ਜਾ ਰਿਹਾ ਹੈ, ਜਿਸ ਦੇ ਦੋਵੇਂ ਪਾਸੇ 8.75 ਮੀਟਰ ਚੌੜੀ ਹੋ ਰਹੀ ਹੈ ਅਤੇ ਵਿਚਕਾਰ 1.2 ਮੀਟਰ ਦਾ ਡੀਵਾਇਡਰ ਹੋਵੇਗਾ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਸੜਕ ਕੇਵਲ ਵਪਾਰਕ ਤੇ ਸਮਾਜਿਕ ਤੌਰ 'ਤੇ ਹੀ ਮਹੱਤਤਾ ਨਹੀਂ ਰੱਖਦੀ ਬਲਕਿ ਇਹ ਧਾਰਮਿਕ ਤੌਰ 'ਤੇ ਸ਼ਰਧਾਲੂਆਂ ਲਈ ਵੀ ਬਹੁਤ ਮਹੱਤਤਾ ਰੱਖਦੀ ਹੈ, ਕਿਉਂਕਿ ਇਸ ਮਾਰਗ 'ਤੇ ਪਟਿਆਲਾ 'ਚ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ, ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਗੁਰੂ ਘਰ ਅਤੇ ਅੱਗੇ ਜਾ ਕੇ ਇਹ ਸੜਕ ਚਮਕੌਰ ਸਾਹਿਬ ਆਦਿ ਕਈ ਗੁਰਦੁਆਰਾ ਸਾਹਿਬਾਨ ਨੂੰ ਜੋੜਦੀ ਹੈ। ਇਸ ਤੋਂ ਬਿਨ੍ਹਾਂ ਪਟਿਆਲਾ-ਸਰਹਿੰਦ ਰੋਡ ਇੱਕ ਅਹਿਮ ਮਾਰਗ ਹੈ, ਜੋਕਿ ਪਟਿਆਲਾ ਜ਼ਿਲ੍ਹੇ ਨੂੰ ਜੀ.ਟੀ. ਰੋਡ ਰਾਹੀਂ ਬਾਕੀ ਪੰਜਾਬ ਤੇ ਜੰਮੂ-ਕਸ਼ਮੀਰ-ਹਿਮਾਚਲ ਆਦਿ ਰਾਜਾਂ ਨਾਲ ਵੀ ਜੋੜਦਾ ਹੈ।

## ਆਈਸੀਆਈਸੀਆਈ ਪ੍ਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਨੇ 'ਆਈਸੀਆਈਸੀਆਈ ਪ੍ਰੂ ਗਿਫਟ ਸਿਲੈਕਟ' ਪੇਸ਼ ਕੀਤਾ

**ਚੰਡੀਗੜ੍ਹ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਆਈਸੀਆਈਸੀਆਈ ਪ੍ਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਨੇ 'ਆਈਸੀਆਈਸੀਆਈ ਪ੍ਰੂ ਗਿਫਟ ਸਿਲੈਕਟ' ਪੇਸ਼ ਕੀਤਾ ਹੈ, ਜੋ ਕਿ ਇੱਕ ਲੰਬੇ ਸਮੇਂ ਦੀ ਬੱਚਤ ਉਤਪਾਦ ਹੈ ਜੋ ਗਾਹਕਾਂ ਨੂੰ ਤੁਰੰਤ ਆਮਦਨ ਦੀ ਗਰੰਟੀ ਦਿੰਦਾ ਹੈ ਅਤੇ ਉਨ੍ਹਾਂ ਨੂੰ ਤਰਲਤਾ ਪ੍ਰਦਾਨ ਕਰਦਾ ਹੈ। ਆਈਸੀਆਈਸੀਆਈ ਪ੍ਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਦੇ ਮੁੱਖ ਉਤਪਾਦ ਅਤੇ ਵੰਡ ਅਧਿਕਾਰੀ, ਸ਼੍ਰੀ ਅਮਿਤ ਪਲਟਾ ਨੇ ਕਿਹਾ, ਅਸੀਂ ਆਪਣੇ ਗਾਹਕਾਂ ਦੀਆਂ ਵਿਕਸਤ ਹੋ ਰਹੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਨਵੀਨਤਾ ਦੀ ਆਪਣੀ ਵਿਰਾਸਤ 'ਤੇ ਨਿਰਮਾਣ ਕਰਨਾ ਜਾਰੀ ਰੱਖਦੇ ਹਾਂ ਅਤੇ ਆਈਸੀਆਈਸੀਆਈ ਪ੍ਰੂ ਗਿਫਟ ਸਿਲੈਕਟ ਸਾਡੇ ਉਤਪਾਦ ਪੋਰਟਫੋਲੀਓ ਵਿੱਚ ਨਵੀਨਤਮ ਜੋੜ ਹੈ। ਇਹ ਵਿਲੱਖਣ ਉਤਪਾਦ ਸਾਡੇ ਗਾਹਕਾਂ ਨੂੰ ਗਾਰੰਟੀਸ਼ੁਦਾ ਆਮਦਨ ਦੇ ਲਾਭ ਦਾ ਆਨੰਦ ਲੈਣ ਦੀ ਆਗਿਆ ਦਿੰਦਾ ਹੈ ਜਿਸਨੂੰ ਉਹ ਆਪਣੇ ਜੀਵਨ ਟੀਚਿਆਂ ਅਤੇ ਨਕਦੀ ਪ੍ਰਵਾਹ ਦੀਆਂ ਜ਼ਰੂਰਤਾਂ ਦੇ ਅਨੁਸਾਰ ਅਨੁਕੂਲਿਤ ਕਰ ਸਕਦੇ ਹਨ। ਇਹ ਉਤਪਾਦ ਗਾਹਕਾਂ ਨੂੰ ਕਈ ਤਰ੍ਹਾਂ ਦੀਆਂ ਵਿਸ਼ੇਸ਼ਤਾਵਾਂ ਪ੍ਰਦਾਨ ਕਰਦਾ ਹੈ, ਜਿਵੇਂ ਕਿ ਇਹ ਚੁਣਨਾ ਕਿ ਉਹ ਗਾਰੰਟੀਸ਼ੁਦਾ ਆਮਦਨ ਕਦੋਂ ਸ਼ੁਰੂ ਕਰਨਾ ਚਾਹੁੰਦੇ ਹਨ, ਗਾਰੰਟੀਸ਼ੁਦਾ ਆਮਦਨ ਦਾ ਕਾਰਜਕਾਲ ਅਤੇ ਪਰਿਪੱਕਤਾ ਦੇ ਸਮੇਂ ਉਹਨਾਂ ਨੂੰ ਕਿੰਨੀ ਰਕਮ ਮਿਲ ਸਕਦੀ ਹੈ। ਇਸ ਤੋਂ ਇਲਾਵਾ, ਜੀਵਨ ਬੀਮਾ ਹਿੱਸਾ ਪਰਿਵਾਰ ਲਈ ਵਿੱਤੀ ਸੁਰੱਖਿਆ ਨੂੰ ਯਕੀਨੀ ਬਣਾਉਂਦਾ ਹੈ। ਇਸ ਉਤਪਾਦ ਦੀ ਇੱਕ ਵਿਲੱਖਣ ਵਿਸ਼ੇਸ਼ਤਾ ਵਧਦੀ ਆਮਦਨ ਦਾ ਵਿਕਲਪ ਹੈ ਜਿਸ ਵਿੱਚ ਆਮਦਨ 5% ਪ੍ਰਤੀ ਸਾਲ ਦੀ ਮਿਸ਼ਰਿਤ ਦਰ ਨਾਲ ਵਧਦੀ ਹੈ, ਜਿਸ ਨਾਲ ਗਾਹਕਾਂ ਨੂੰ ਮਹਿੰਗਾਈ ਦਾ ਪ੍ਰਬੰਧਨ ਕਰਨ ਵਿੱਚ ਮਦਦ ਮਿਲਦੀ ਹੈ। ਅਸੀਂ ਮੰਨਦੇ ਹਾਂ ਕਿ ਇੱਕ ਗਤੀਸ਼ੀਲ ਮੈਕਰੋ-ਆਰਥਿਕ ਵਾਤਾਵਰਣ ਵਿੱਚ, ਬਾਜ਼ਾਰਾਂ ਵਿੱਚ ਉਤਰਾਅ-ਚੜ੍ਹਾਅ ਦੇ ਦੌਰ ਆ ਸਕਦੇ ਹਨ ਜਿਵੇਂ ਕਿ ਅਸੀਂ ਪਿਛਲੇ ਕੁਝ ਮਹੀਨਿਆਂ ਵਿੱਚ ਦੇਖਿਆ ਹੈ। ਅਜਿਹੀਆਂ ਸਥਿਤੀਆਂ ਵਿੱਚ, ਅਸੀਂ ਦੇਖਿਆ ਹੈ ਕਿ ਗਾਹਕ ਉਨ੍ਹਾਂ ਉਤਪਾਦਾਂ ਨੂੰ ਤਰਜੀਹ ਦਿੰਦੇ ਹਨ ਜੋ ਦੌਲਤ ਦੀ ਸੰਭਾਲ ਨੂੰ ਯਕੀਨੀ ਬਣਾਉਂਦੇ ਹੋਏ ਗਾਰੰਟੀਸ਼ੁਦਾ ਰਿਟਰਨ ਦੀ ਪੇਸ਼ਕਸ਼ ਕਰਦੇ ਹਨ। ਆਈਸੀਆਈਸੀਆਈ ਪ੍ਰੂ ਗਿਫਟ ਸਿਲੈਕਟ ਗਾਹਕਾਂ ਨੂੰ ਆਪਣੀਆਂ ਬੱਚਤਾਂ ਨੂੰ ਬਾਜ਼ਾਰ ਦੇ ਉਤਰਾਅ-ਚੜ੍ਹਾਅ ਤੋਂ ਬਚਾਉਣ ਅਤੇ ਆਪਣੇ ਵਿੱਤੀ ਟੀਚਿਆਂ ਨੂੰ ਪ੍ਰਾਪਤ ਕਰਨ ਦੇ ਯੋਗ ਬਣਾਏਗਾ। ਉਤਪਾਦ ਦੀ ਵਧਦੀ ਆਮਦਨ ਵਿਸ਼ੇਸ਼ਤਾ ਗਾਹਕਾਂ ਨੂੰ ਮਹਿੰਗਾਈ ਦੇ ਡਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦੂਰ ਕਰਨ ਦੇ ਯੋਗ ਬਣਾ ਸਕਦੀ ਹੈ। ਸਾਡੇ ਗਾਹਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੀ ਸਾਡੀ ਵਚਨਬੱਧਤਾ ਵਿੱਤੀ ਸਾਲ 2025 ਦੇ 9 ਮਹੀਨੇ ਵਿੱਚ ਸਾਡੇ ਉਦਯੋਗ-ਮੋਹਰੀ ਦਾਅਵਾ ਨਿਪਟਾਰਾ ਅਨੁਪਾਤ 99.3% ਵਿੱਚ ਝਲਕਦੀ ਹੈ, ਜਿਸ ਵਿੱਚ ਔਸਤ ਦਾਅਵਾ ਨਿਪਟਾਰਾ ਸਮਾਂ (ਬਿਨਾਂ ਜਾਂਚ ਦੇ) ਸਿਰਫ਼ 1.2 ਦਿਨ ਹੈ।

# ਟਰੰਪ ਨੇ 2 ਅਪਰੈਲ ਤੋਂ ਭਾਰਤ ਅਤੇ ਚੀਨ ਦੇ ਖ਼ਿਲਾਫ਼ ਪਰਸਪਰ ਟੈਕਸ ਦਾ ਐਲਾਨ ਕੀਤਾ



**ਨਿਊਯਾਰਕ/ਵਾਸ਼ਿੰਗਟਨ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਰਤ ਅਤੇ ਚੀਨ ਸਮੇਤ ਹੋਰ ਦੇਸ਼ਾਂ ਵੱਲੋਂ ਲਾਏ ਗਏ ਉੱਚੇ ਟੈਕਸ ਦੀ ਆਲੋਚਨਾ ਕਰਦਿਆਂ ਇਸ ਨੂੰ ਬਹੁਤ ਹੀ ਬੇਇਨਸਾਫ਼ੀ ਕਰਾਰ ਦਿੱਤਾ ਅਤੇ ਅਗਲੇ ਮਹੀਨੇ ਤੋਂ ਪਰਸਪਰ ਟੈਕਸ ਲਾਗੂ ਕਰਨ ਦਾ ਐਲਾਨ ਕੀਤਾ। ਅਮਰੀਕੀ ਕਾਂਗਰਸ ਦੇ ਇੱਕ ਸੰਯੁਕਤ ਸੈਸ਼ਨ ਦੇ ਰਾਸ਼ਟਰਪਤੀ ਨੇ ਕਿਹਾ ਕਿ ਪਰਸਪਰ ਟੈਕਸ 2 ਅਪਰੈਲ ਤੋਂ ਸ਼ੁਰੂ ਹੋਣਗੇ। ਉਨ੍ਹਾਂ ਕਿਹਾ, ਦੂਜੇ ਦੇਸ਼ਾਂ ਨੇ ਦਹਾਕਿਆਂ ਤੋਂ ਸਾਡੇ ਵਿਰੁੱਧ ਟੈਕਸ ਦੀ ਵਰਤੋਂ ਕੀਤੀ ਹੈ ਅਤੇ ਹੁਣ ਸਾਡੀ ਵਾਰੀ ਹੈ। ਯੂਰਪੀਅਨ ਯੂਨੀਅਨ, ਚੀਨ, ਬ੍ਰਾਜ਼ੀਲ, ਭਾਰਤ, ਮੈਕਸੀਕੋ ਅਤੇ ਕੈਨੇਡਾ ਸਾਡੇ ਮੁਕਾਬਲੇ ਉੱਚ ਦਰਾਂ 'ਤੇ ਟੈਕਸ ਵਸੂਲੀ ਕਰਦੇ ਹਨ, ਕੀ ਤੁਸੀਂ ਉਨ੍ਹਾਂ ਦੇ ਬਾਰੇ ਵਿੱਚ ਸੁਣਿਆ ਹੈ? ਇਹ ਬਹੁਤ ਹੀ ਨਾਜਾਇਜ਼ ਹੈ।"

ਟਰੰਪ ਦਾ ਮੰਗਲਵਾਰ ਨੂੰ ਕਾਂਗਰਸ ਦੇ ਸੰਯੁਕਤ ਸੈਸ਼ਨ ਨੂੰ ਸੰਬੋਧਨ ਵ੍ਹਾਈਟ ਹਾਊਸ 'ਚ ਉਨ੍ਹਾਂ ਦੇ ਦੂਜੇ ਕਾਰਜਕਾਲ ਦਾ ਪਹਿਲਾ ਸੰਬੋਧਨ ਸੀ। ਇਸ ਦੌਰਾਨ ਉਨ੍ਹਾਂ ਕਿਹਾ, ਭਾਰਤ ਸਾਡੇ ਤੋਂ 100 ਫੀਸਦੀ ਤੋਂ ਵੱਧ ਆਟੋ ਟੈਕਸ ਵਸੂਲਦਾ ਹੈ।"

ਟਰੰਪ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਭਾਰਤ ਨੂੰ ਵਾਸ਼ਿੰਗਟਨ ਦੇ ਪਰਸਪਰ ਟੈਕਸ ਤੋਂ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਜ਼ੋਰ ਦਿੱਤਾ ਕਿ ਟੈਕਸ ਢਾਂਚੇ 'ਤੇ ਕੋਈ ਵੀ ਮੇਰੇ ਨਾਲ ਬਹਿਸ ਨਹੀਂ ਕਰ ਸਕਦਾ। ਉਨ੍ਹਾਂ ਕਿਹਾ, ਸਾਡੇ ਉਤਪਾਦਾਂ 'ਤੇ ਚੀਨ ਦਾ ਔਸਤ ਟੈਕਸ ਦੁੱਗਣਾ ਹੈ ਅਤੇ ਦੱਖਣੀ ਕੋਰੀਆ ਦਾ ਔਸਤ ਟੈਕਸ ਚਾਰ ਗੁਣਾ ਵੱਧ ਹੈ।"

ਫਰਵਰੀ ਵਿੱਚ ਰਾਸ਼ਟਰਪਤੀ ਟਰੰਪ ਨੇ ਕਿਹਾ ਸੀ ਕਿ ਉਨ੍ਹਾਂ ਦਾ ਪ੍ਰਸ਼ਾਸਨ ਜਲਦ ਹੀ ਭਾਰਤ ਅਤੇ ਚੀਨ ਵਰਗੇ ਦੇਸ਼ਾਂ 'ਤੇ ਪਰਸਪਰ ਟੈਕਸ ਲਗਾਏਗਾ। ਟਰੰਪ ਨੇ ਅੱਗੇ ਕਿਹਾ ਕਿ 2 ਅਪਰੈਲ ਤੋਂ ਪਰਸਪਰ ਟੈਕਸ ਸ਼ੁਰੂ ਹੋ ਜਾਣਗੇ ਅਤੇ ਜੋ ਵੀ ਉਹ ਸਾਡੇ, ਦੂਜੇ ਦੇਸ਼ਾਂ 'ਤੇ ਟੈਕਸ ਲਗਾਉਂਦੇ ਹਨ, ਅਸੀਂ ਉਨ੍ਹਾਂ 'ਤੇ ਟੈਕਸ ਲਗਾਵਾਂਗੇ।"

# ਤਹਿਸੀਲਦਾਰਾਂ ਨੇ ਵਾਪਸ ਲਈ ਹੜਤਾਲ

## ਕਿਸਾਨੀ ਧਰਨੇ ਕਰਕੇ ਅਮਨ ਕਾਨੂੰਨ ਦੀ ਸਥਿਤੀ ਦੇ ਹਵਾਲੇ ਨਾਲ ਕੰਮ 'ਤੇ ਪਰਤਣ ਲਈ ਰਾਜ਼ੀ ਹੋਏ ਤਹਿਸੀਲਦਾਰ




**ਚੰਡੀਗੜ੍ਹ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਆਪਣੀਆਂ ਮੰਗਾਂ ਦੀ ਪੂਰਤੀ ਲਈ ਸੋਮਵਾਰ ਤੋਂ ਸਮੂਹਿਕ ਛੁੱਟੀ ਲੈ ਕੇ ਰਾਜ ਵਿਆਪੀ ਹੜਤਾਲ 'ਤੇ ਚੱਲ ਰਹੇ ਪੰਜਾਬ ਭਰ ਦੇ ਤਹਿਸੀਲਦਾਰਾਂ ਵੱਲੋਂ ਅੱਜ ਆਪਣੀ ਹੜਤਾਲ ਵਾਪਸ ਲੈ ਲਈ ਗਈ ਹੈ। ਯਾਦ ਰਹੇ ਕਿ ਸੋਮਵਾਰ ਤੋਂ ਸਾਰੇ ਤਹਿਸੀਲਦਾਰਾਂ ਨੇ ਸਮੂਹਿਕ ਛੁੱਟੀ ਲੈ ਲਈ ਸੀ।

ਇਸ ਦਾ ਗੰਭੀਰ ਨੋਟਿਸ ਲੈਂਦਿਆਂ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲਏ ਗਏ ਸਖ਼ਤ ਐਕਸ਼ਨ ਦੌਰਾਨ ਪਹਿਲਾਂ ਜਿੱਥੇ ਮਾਲ ਵਿਭਾਗ ਨਾਲ ਸਬੰਧਤ ਰਜਿਸਟਰੀਆਂ ਕਰਵਾਉਣ ਲਈ ਹੋਰਨਾਂ ਕਰਮਚਾਰੀਆਂ ਤੇ ਅਧਿਕਾਰੀਆਂ ਨੂੰ ਵਿਸ਼ੇਸ਼ ਅਧਿਕਾਰ ਦਿੱਤੇ, ਉੱਥੇ ਹੀ ਕਈ ਤਹਿਸੀਲਦਾਰ ਮੁਅੱਤਲ ਵੀ ਕਰ ਦਿੱਤੇ ਗਏ। ਫਿਰ ਅੱਜ ਵੱਡੇ ਪੱਧਰ 'ਤੇ ਤਹਿਸੀਲਦਾਰਾਂ ਦੇ ਇਧਰ ਉਧਰ ਤਬਾਦਲੇ ਕੀਤੇ ਗਏ ਹਨ।

ਇਸ ਦੌਰਾਨ ਦੇਖਣ ਵਿੱਚ ਆਇਆ ਕਿ ਮੁੱਖ ਤੌਰ 'ਤੇ ਜਿਹੜੇ ਤਹਸੀਲਦਾਰ ਚੰਗੀਆਂ ਥਾਵਾਂ 'ਤੇ ਲੱਗੇ ਸਨ, ਉਨ੍ਹਾਂ ਨੂੰ ਮਾੜੀਆਂ ਜਾਂ ਸਧਾਰਨ ਥਾਵਾਂ 'ਤੇ ਲਾਇਆ ਗਿਆ ਹੈ, ਜਦਕਿ ਮਾੜੀਆਂ ਥਾਵਾਂ ਵਾਲਿਆਂ ਨੂੰ ਵਧੀਆ ਸਟੇਸ਼ਨ ਦਿੱਤੇ ਗਏ ਹਨ। ਇਸ ਤੋਂ ਇਲਾਵਾ ਇਹ ਬਦਲੀਆਂ ਵੀ ਦੂਰ-ਦੁਰਾਡੇ ਕੀਤੀਆਂ ਗਈਆਂ ਹਨ।

ਇਸੇ ਦੌਰਾਨ ਤਹਿਸੀਲਦਾਰਾਂ ਦੇ ਬਣੇ ਇੱਕ ਵਟਸਐਪ ਗਰੁੱਪ 'ਚ 'ਪੰਜਾਬ ਰੈਵਿਨਿਊ ਅਫ਼ਸਰ ਐਸੋਸੀਏਸ਼ਨ ਪੰਜਾਬ' ਦੇ ਸੂਬਾਈ ਪ੍ਰਧਾਨ ਲਛਮਣ ਸਿੰਘ ਰੰਧਾਵਾ ਨੇ ਸੁਨੇਹਾ ਪਾ ਕੇ ਸਾਥੀ ਤਹਿਸੀਲਦਾਰਾਂ ਨੂੰ ਸੂਚਿਤ ਕੀਤਾ ਹੈ ਕਿ ਕਿਸਾਨਾਂ ਦੇ ਧਰਨਿਆਂ ਕਾਰਨ ਬਣੀ ਅਮਨ ਕਾਨੂੰਨ ਦੀ ਸਥਿਤੀ ਨਾਲ ਨਜਿੱਠਣ ਲਈ ਪੰਜਾਬ ਭਰ ਦੇ ਡਿਪਟੀ ਕਮਿਸ਼ਨਰਾਂ ਵੱਲੋਂ ਸੁਨੇਹੇ ਆ ਰਹੇ ਹਨ, ਜਿਸ ਦੇ ਚਲਦਿਆਂ ਉਨ੍ਹਾਂ ਨੇ ਆਪਣੀ ਸਮੂਹਿਕ ਛੁੱਟੀ ਅੱਗੇ ਨਾ ਵਧਾਉਣ ਦਾ ਫੈਸਲਾ ਲਿਆ।

**ਮੁੱਖ ਮੰਤਰੀ ਦੀ ਘੁਰਕੀ ਮਗਰੋਂ ਕਈ ਤਹਿਸੀਲਦਾਰ ਕੰਮ 'ਤੇ ਪਰਤੇ**

ਇਹ ਹੂਬਹੂ ਵਟਸਐਪ ਸੁਨੇਹਾ ਇਸ ਤਰ੍ਹਾਂ ਹੈ: ਦੋਸਤੋ, ਅੱਜ ਸਾਰੇ ਡੀਸੀ ਸਾਹਿਬਾਨ ਦੇ ਕਹਿਣ 'ਤੇ ਕਿ ਕਿਸਾਨ ਜਥੇਬੰਦੀਆਂ ਦੇ ਧਰਨਿਆਂ ਵਿੱਚ ਲਾਅ ਐਂਡ ਆਰਡਰ ਦੀ ਸਥਿਤੀ ਨੂੰ ਮੁੱਖ ਰਖਦੇ ਹੋਏ ਡਿਊਟੀ ਮੈਜਿਸਟ੍ਰੇਟਸ ਦੀ ਡਿਊਟੀ ਨਿਭਾਉਣ ਵਾਸਤੇ ਅਤੇ ਪੰਜਾਬ ਵਿੱਚ ਸ਼ਾਂਤੀ ਅਤੇ ਕਿਸੇ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਸਮੂਹਿਕ ਛੁੱਟੀ 'ਤੇ ਜਾਣ ਦਾ ਫੈਸਲਾ ਵਾਪਸ ਲਿਆ ਜਾਂਦਾ ਹੈ।" (ਸੂਬਾ ਪ੍ਰਧਾਨ, ਪੰਜਾਬ ਰੈਵੀਨਿਊ ਅਫ਼ਸਰ ਐਸੋਸੀਏਸ਼ਨ ਪੰਜਾਬ।)

ਇਸੇ ਦੌਰਾਨ ਐਸੋਸੀਏਸ਼ਨ ਦੇ ਸੂਬਾਈ ਪ੍ਰਧਾਨ ਸ੍ਰੀ ਲਛਮਣ ਸਿੰਘ ਰੰਧਾਵਾ ਨੇ ਵੀ ਇਸ ਗੱਲ ਦੀ ਪੁਸ਼ਟੀ ਵੀ ਕੀਤੀ ਹੈ। ਇਸ ਪੱਤਰਕਾਰ ਨਾਲ ਹੋਈ ਗੱਲਬਾਤ ਦੌਰਾਨ ਸ੍ਰੀ ਰੰਧਾਵਾ ਦਾ ਕਹਿਣਾ ਸੀ ਕਿ ਜਿੱਥੇ ਲਾਅ ਐਂਡ ਆਰਡਰ ਦੀ ਸਥਿਤੀ ਦੇ ਚਲਦਿਆਂ ਸਮੂਹਿਕ ਛੁੱਟੀ ਨਾ ਵਧਾਉਣ ਦਾ ਫੈਸਲਾ ਲਿਆ ਹੈ, ਉੱਥੇ ਹੀ ਪੰਜਾਬ ਸਰਕਾਰ ਵੱਲੋਂ ਅਗਲੇ ਦਿਨਾਂ ਵਿੱਚ ਮੀਟਿੰਗ ਕਰਕੇ ਉਨ੍ਹਾਂ ਦੇ ਮਸਲੇ ਹੱਲ ਕਰਨ ਦਾ ਵਿਸ਼ਵਾਸ ਵੀ ਦਿਵਾਇਆ ਗਿਆ ਹੈ।

ਇਸ ਦੇ ਚਲਦਿਆਂ ਹੀ ਪੰਜਾਬ ਭਰ ਦੇ ਸਮੂਹ ਤਹਿਸੀਲਦਾਰਾਂ ਦੀ ਸਹਿਮਤੀ ਨਾਲ ਜਥੇਬੰਦੀ ਨੇ ਸਮੂਹਿਕ ਛੁੱਟੀ ਅੱਗੇ ਨਾ ਵਧਾਉਣ ਦਾ ਫੈਸਲਾ ਲਿਆ ਤੇ ਅੱਜ ਸਾਰੇ ਤਹਿਸੀਲਦਾਰਾਂ ਨੇ ਆਪਣੀਆਂ ਡਿਊਟੀਆਂ ਸੰਭਾਲ ਲਈਆਂ ਹਨ।

# ਨਿਯੁਕਤੀ ਪੱਤਰ ਵੰਡਦਿਆਂ ਮੁੱਖ ਮੰਤਰੀ ਨੇ ਪਿੰਡ ਸਤੌਜ ਦੀ ਨੂੰਹ ਨੂੰ ਦਿੱਤਾ ਸ਼ਗਨ

## ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 763 ਨੌਜਵਾਨਾਂ ਨੂੰ ਦਿੱਤੇ ਨਿਯੁਕਤੀ ਪੱਤਰ; ਮਾਨ ਨੇ ਰਵਨੀਤ ਬਿੱਟੂ ਸਣੇ ਵਿਰੋਧੀਆਂ ਨੂੰ ਘੇਰਿਆ



**ਚੰਡੀਗੜ੍ਹ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਨੂੰ ਚੰਡੀਗੜ੍ਹ ਦੇ ਸੈਕਟਰ 18 ਸਥਿਤ ਟੈਗੋਰ ਥੀਏਟਰ ਵਿੱਚ 763 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ ਹਨ। ਇਸ ਵਿੱਚ ਸਿਹਤ, ਸਿੱਖਿਆ ਅਤੇ ਸਹਿਕਾਰੀ ਬੈਂਕ ਦੇ ਮੁਲਾਜ਼ਮ ਸ਼ਾਮਲ ਹਨ।

ਇਸ ਮੌਕੇ ਭਗਵੰਤ ਮਾਨ ਨੇ ਕੇਂਦਰੀ ਰਾਜ ਮੰਤਰੀ ਰਵਨੀਤ ਬਿੱਟੂ ਸਣੇ ਵਿਰੋਧੀਆਂ 'ਤੇ ਜ਼ੋਰਦਾਰ ਹਮਲੇ ਕੀਤੇ ਹਨ। ਸ੍ਰੀ ਮਾਨ ਨੇ ਕਿਹਾ ਕਿ ਰਵਨੀਤ ਬਿੱਟੂ ਪਿਛਲੇ ਦਿਨੀ ਬਿਨਾਂ ਸਮਾਂ ਲਏ ਉਨ੍ਹਾਂ ਨਾਲ ਮੁਲਾਕਾਤ ਕਰਨ ਉਨ੍ਹਾਂ ਦੇ ਘਰ ਪਹੁੰਚ ਗਏ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨਿਵਾਸ 'ਤੇ ਰਹਿਣ ਦੀ ਚਾਬੀ ਸੂਬੇ ਦੇ ਲੋਕ ਦਿੰਦੇ ਹਨ, ਪਰ ਉਨ੍ਹਾਂ ਲੋਕਾਂ ਨੇ ਰਵਨੀਤ ਬਿੱਟੂ ਵਰਗਿਆਂ ਨੂੰ ਨਕਾਰ ਦਿੱਤਾ ਹੈ। ਲੋਕ ਹੁਣ ਅਜਿਹੇ ਆਗੂਆਂ ਨੂੰ ਮੁੱਖ ਮੰਤਰੀ ਨਿਵਾਸ ਦੀ ਚਾਬੀ ਨਹੀਂ ਦੇਣਗੇ।

ਨਿਯੁਕਤੀ ਪੱਤਰ ਲੈਣ ਆਈ ਪਿੰਡ ਸਤੌਜ ਦੀ ਨੂੰਹ ਨੂੰ ਦਿੱਤਾ ਸ਼ਗਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਨਿਯੁਕਤੀ ਪੱਤਰ ਵੰਡ ਸਮਾਰੋਹ ਵਿੱਚ ਨਿਯੁਕਤੀ ਪੱਤਰ ਲੈਣ ਪਹੁੰਚੀ ਉਨ੍ਹਾਂ ਦੇ ਪਿੰਡ ਸਤੌਜ ਦੀ ਨੂੰਹ ਸੰਦੀਪ ਕੌਰ ਨੂੰ ਸ਼ਗਨ ਦੇ ਕੇ ਭੇਜਿਆ।

## 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ਾ ਤਸਕਰਾਂ 'ਤੇ ਇੱਕ ਹੋਰ ਕਾਰਵਾਈ

# ਕਮਿਸ਼ਨਰੇਟ ਪੁਲਿਸ ਅਤੇ ਨਗਰ ਨਿਗਮ ਨੇ ਜਲੰਧਰ ਵਿੱਚ ਬਦਨਾਮ ਡਰੱਗ ਤਸਕਰ ਦੀ ਗੈਰ-ਕਾਨੂੰਨੀ ਉਸਾਰੀ ਨੂੰ ਢਾਹਿਆ



**ਚੰਡੀਗੜ੍ਹ/ ਜਲੰਧਰ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ਾ ਤਸਕਰਾਂ ਵਿਰੁੱਧ ਇੱਕ ਹੋਰ ਕਾਰਵਾਈ ਵਿੱਚ ਕਮਿਸ਼ਨਰੇਟ ਪੁਲਿਸ ਜਲੰਧਰ ਨੇ ਨਗਰ ਨਿਗਮ ਦੇ ਤਾਲਮੇਲ ਨਾਲ ਬੁੱਧਵਾਰ ਨੂੰ ਇੱਕ ਨਸ਼ਾ ਤਸਕਰ ਦੀ ਇੱਕ ਗੈਰ-ਕਾਨੂੰਨੀ ਜਾਇਦਾਦ ਨੂੰ ਢਾਹ ਦਿੱਤਾ। ਸਰਕਾਰੀ ਜ਼ਮੀਨ 'ਤੇ ਕਥਿਤ ਤੌਰ 'ਤੇ ਡਰੱਗ ਪੈਸੇ ਦੀ ਵਰਤੋਂ ਕਰਕੇ ਬਣਾਏ ਗਏ ਕਬਜ਼ੇ ਵਾਲੇ ਢਾਂਚੇ ਨੂੰ ÷ਯੁੱਧ ਨਸ਼ਿਆਂ ਵਿਰੁੱਧ÷ ਮੁਹਿੰਮ ਦੇ ਹਿੱਸੇ ਵਜੋਂ ਢਾਹ ਦਿੱਤਾ ਗਿਆ।

ਪੁਲਿਸ ਕਮਿਸ਼ਨਰ ਜਲੰਧਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਗਰ ਨਿਗਮ ਨੂੰ ਇੱਕ ਬਦਨਾਮ ਨਸ਼ਾ ਤਸਕਰ, ਧਰਮਿੰਦਰ ਪੁੱਤਰ ਮੋਹਨ ਲਾਲ ਵਾਸੀ ਧੰਕੀਆ ਮੁਹੱਲਾ, ਜਲੰਧਰ, ਵੱਲੋਂ ਸਰਕਾਰੀ ਜ਼ਮੀਨ 'ਤੇ ਗੈਰ-ਕਾਨੂੰਨੀ ਉਸਾਰੀ ਬਾਰੇ ਜਾਣਕਾਰੀ ਮਿਲੀ ਸੀ। ਇਹ ਜਾਇਦਾਦ ਕਥਿਤ ਤੌਰ 'ਤੇ ਉਸਦੇ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੇ ਧੰਦੇ ਤੋਂ ਪ੍ਰਾਪਤ ਆਮਦਨ ਦੀ ਵਰਤੋਂ ਕਰਕੇ ਬਣਾਈ ਗਈ ਸੀ।

ਤੁਰੰਤ ਕਾਰਵਾਈ ਕਰਦਿਆਂ ਨਗਰ ਨਿਗਮ ਅਤੇ ਪੁਲਿਸ ਟੀਮਾਂ ਹਰਕਤ ਵਿੱਚ ਆ ਗਈਆਂ ਅਤੇ ਕਬਜ਼ੇ ਵਾਲੇ ਢਾਂਚੇ ਨੂੰ ਢਾਹ ਦਿੱਤਾ, ਜਿਸ ਨਾਲ ਇੱਕ ਸਖ਼ਤ ਸੰਦੇਸ਼ ਗਿਆ ਕਿ ਜਲੰਧਰ ਵਿੱਚ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਗਤੀਵਿਧੀਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਪੁਲਿਸ ਕਮਿਸ਼ਨਰ ਜਲੰਧਰ ਨੇ ਅੱਗੇ ਦੱਸਿਆ ਕੀਤਾ ਕਿ ਧਰਮਿੰਦਰ ਇੱਕ ਆਦਤਨ ਅਪਰਾਧੀ ਹੈ, ਜਿਸ ਵਿਰੁੱਧ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੌਪਿਕ ਸਬਸਟੈਂਸ (ਐਨਡੀਪੀਐਸ) ਐਕਟ ਤਹਿਤ ਛੇ ਮਾਮਲੇ ਦਰਜ ਹਨ। ਇਹ ਕਾਰਵਾਈ ਨਸ਼ਾ ਤਸਕਰਾਂ ਦੇ ਵਿੱਤੀ ਨੈੱਟਵਰਕ ਨੂੰ ਖਤਮ ਕਰਨ ਅਤੇ ਜਵਾਬਦੇਹੀ ਯਕੀਨੀ ਬਣਾਉਣ ਲਈ ਇੱਕ ਮਹੱਤਵਪੂਰਣ ਕਦਮ ਹੈ।

ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਲਗਾਤਾਰ ਤੇਜ਼ ਹੋ ਰਹੀ ਹੈ, ਅਧਿਕਾਰੀਆਂ ਨੇ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਅਪਰਾਧਾਂ ਵਿੱਚ ਸ਼ਾਮਲ ਲੋਕਾਂ ਵਿਰੁੱਧ ਸਖ਼ਤ ਕਾਰਵਾਈਆਂ ਕਰਨ ਦਾ ਪ੍ਰਣ ਕੀਤਾ ਹੈ। ਜ਼ਿਕਰਯੋਗ ਹੈ ਕਿ ਫਿਲੌਰ ਖੇਤਰ ਵਿੱਚ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਨਾਲ ਜੁੜੇ ਗੈਰ-ਕਾਨੂੰਨੀ ਢਾਂਚਿਆਂ ਨੂੰ ਢਾਹੁਣ ਸਮੇਤ ਪਹਿਲਾਂ ਵੀ ਅਜਿਹੀਆਂ ਕਾਰਵਾਈਆਂ ਕੀਤੀਆਂ ਗਈਆਂ ਹਨ। ਕਮਿਸ਼ਨਰੇਟ ਪੁਲਿਸ ਨੇ ਸਮਾਜ ਵਿੱਚੋਂ ਨਸ਼ਿਆਂ ਨੂੰ ਖਤਮ ਕਰਨ ਲਈ ਆਪਣੀ ਵਚਨਬੱਧਤਾ ਦੁਹਰਾਉਂਦਿਆਂ ਲੋਕਾਂ ਨੂੰ ਜਲੰਧਰ ਨੂੰ ਨਸ਼ਾ ਮੁਕਤ ਬਣਾਉਣ ਲਈ ਉਨ੍ਹਾਂ ਦੇ ਯਤਨਾਂ ਦਾ ਸਮਰਥਨ ਕਰਨ ਦੀ ਅਪੀਲ ਕੀਤੀ।

# ਯੁੱਧ ਨਸ਼ਿਆਂ ਵਿਰੁੱਧ ਤਰਨਤਾਰਨ ਨੇ ਮਿਥਿਆ ਪੰਜਾਬ ਦਾ ਪਹਿਲਾ ਨਸ਼ਾ ਮੁਕਤ ਜ਼ਿਲ੍ਹਾ ਬਣਨ ਦਾ ਟੀਚਾ: ਹਰਪਾਲ ਸਿੰਘ ਚੀਮਾ



**ਚੰਡੀਗੜ੍ਹ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਤਰਨਤਾਰਨ ਦੇ ਸਿਵਲ ਅਤੇ ਪੁਲਿਸ ਪ੍ਰਸ਼ਾਸ਼ਨ ਨੇ ਇੱਕ ਵੱਡੀ ਪੁਲਾਂਘ ਪੁੱਟਦਿਆਂ ਯੁੱਧ ਨਸ਼ਿਆਂ ਵਿਰੁੱਧ ਕੈਬਨਿਟ ਸਬ ਕਮੇਟੀ ਦੇ ਚੇਅਰਮੈਨ ਐਡਵੋਕੇਟ ਹਰਪਾਲ ਸਿੰਘ ਚੀਮਾ ਨੂੰ ਭਰੋਸਾ ਦਿਵਾਇਆ ਹੈ ਕਿ ਜ਼ਿਲ੍ਹਾ ਪੰਜਾਬ ਦਾ ਪਹਿਲਾ ਨਸ਼ਾ ਮੁਕਤ ਜ਼ਿਲ੍ਹਾ ਬਣੇਗਾ। ਇਹ ਵਚਨਬੱਧਤਾ ਅੱਜ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਤਰਨਤਾਰਨ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਨਾਲ ਜ਼ਿਲ੍ਹੇ ਦੇ ਲੋਕ ਨੁਮਾਇੰਦਿਆਂ ਦੀ ਹਾਜ਼ਰੀ ਵਿੱਚ ਕੀਤੀ ਮੀਟਿੰਗ ਦੌਰਾਨ ਪ੍ਰਗਟਾਈ ਗਈ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਨੂੰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਲੋਕਾਂ ਦੀ ਸਰਗਰਮ ਸ਼ਮੂਲੀਅਤ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨਸ਼ਾ ਛਡਾਊ ਗਤੀਵਿਧੀਆਂ ਦਾ ਜਾਇਜ਼ਾ ਲਿਆ ਅਤੇ ਇਨ੍ਹਾਂ ਪਹਿਲਕਦਮੀਆਂ ਨੂੰ ਹੋਰ ਬਿਹਤਰ ਬਣਾਉਣ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਜਿਲ੍ਹੇ ਦੇ ਸਿਵਲ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਕਿ ਉਹ ਨੌਜਵਾਨਾਂ ਨੂੰ ਵਿਦਿਅਕ ਮੁਕਾਬਲਿਆਂ, ਖੇਡਾਂ, ਸੱਭਿਆਚਾਰ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਵਾਲੀਆਂ ਹੋਰ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕਰਨ।

ਵਿੱਤ ਮੰਤਰੀ ਨੇ ਪੁਲਿਸ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਕਿ ਨਸ਼ਾ ਤਸਕਰਾਂ ਵਿਰੁੱਧ ਤੇਜ ਕਾਨੂੰਨੀ ਕਾਰਵਾਈ ਯਕੀਨੀ ਬਣਾਈ ਜਾਵੇ ਅਤੇ ਉਨ੍ਹਾਂ ਦੀ ਨਸ਼ਿਆਂ ਦੇ ਕਾਰੋਬਾਰ ਰਾਹੀਂ ਹਾਸਲ ਕੀਤੀ ਸਾਰੀ ਜਾਇਦਾਦ ਜ਼ਬਤ ਕੀਤੀ ਜਾਵੇ। ਇਸ ਮੌਕੇ ਐਸ.ਐਸ.ਪੀ ਤਰਨਤਾਰਨ ਅਭਿਮਨਿਊ ਰਾਣਾ ਨੇ ਵਿੱਤ ਮੰਤਰੀ ਨੂੰ ਜਾਣੂ ਕਰਵਾਇਆ ਕਿ ਪਿਛਲੇ ਸਾਲ ਦੌਰਾਨ 26 ਕਰੋੜ ਰੁਪਏ ਅਤੇ ਇਸ ਸਾਲ ਹੁਣ ਤੱਕ 2 ਕਰੋੜ ਰੁਪਏ ਦੀ ਜਾਇਦਾਦ ਅਟੈਚ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਛੇ ਹੋਰ ਮਾਮਲਿਆਂ ਵਿੱਚ ਜਾਇਦਾਦ ਕੁਰਕ ਕਰਨ ਦੀ ਕਾਰਵਾਈ ਚੱਲ ਰਹੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਮੁਹਿੰਮ ਤਹਿਤ ਜ਼ਿਲ੍ਹੇ ਵਿੱਚ ਐਨਡੀਪੀਐਸ ਐਕਟ ਤਹਿਤ 80 ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ ਅਤੇ 13 ਕਿਲੋ ਹੈਰੋਇਨ ਜ਼ਬਤ ਕੀਤੀ ਗਈ ਹੈ।

ਇਸ ਦੌਰਾਨ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਆਪਣੇ ਹਲਕੇ ਪੱਟੀ ਵਿੱਚ ਕੀਤੀਆਂ ਜਾ ਰਹੀਆਂ ਪਹਿਲਕਦਮੀਆਂ ਦਾ ਹਵਾਲਾ ਦਿੰਦਿਆਂ ਨਸ਼ਿਆਂ ਖ਼ਿਲਾਫ਼ ਲੋਕ ਲਹਿਰ ਉਸਾਰਨ 'ਤੇ ਜ਼ੋਰ ਦਿੱਤਾ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਹਲਕਾ ਖਡੂਰ ਸਾਹਿਬ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੇ ਦੱਸਿਆ ਕਿ ਉਨ੍ਹਾਂ ਦੇ ਹਲਕੇ ਦੇ 80 ਪਿੰਡਾਂ ਨੇ ਮਤੇ ਪਾਸ ਕਰਕੇ ਆਪਣੇ ਇਲਾਕਿਆਂ ਵਿੱਚ ਨਸ਼ਾ ਨਾ ਵਿਕਣ ਦੇਣ ਦਾ ਫੈਸਲਾ ਕੀਤਾ ਹੈ।

# ਪੁਲਿਸ ਵੱਲੋਂ ਪਿੰਡ ਦੇਵੀਦਾਸਪੁਰਾ ਵਿਚੋਂ 23 ਕਿਲੋ ਹੈਰੋਇਨ ਬਰਾਮਦ



ਬਾਰਡਰ ਰੇਂਜ ਦੇ ਡੀਆਈਜੀ ਸਤਿੰਦਰ ਸਿੰਘ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ

**ਅੰਮ੍ਰਿਤਸਰ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਅੱਜ ਅੰਮ੍ਰਿਤਸਰ ਜ਼ਿਲ੍ਹਾ ਦਿਹਾਤੀ ਪੁਲੀਸ ਨੇ ਜੰਡਿਆਲਾ ਹਲਕੇ ਦੇ ਪਿੰਡ ਦੇਵੀਦਾਸਪੁਰਾ ਵਿੱਚੋਂ 23 ਕਿਲੋ ਹੈਰੋਇਨ ਦੀ ਇੱਕ ਖੇਪ ਬਰਾਮਦ ਕੀਤੀ। ਇਸ ਦਾ ਖੁਲਾਸਾ ਪੰਜਾਬ ਪੁਲੀਸ ਦੇ ਡੀਜੀਪੀ ਗੌਰਵ ਯਾਦਵ ਨੇ ਕੀਤਾ ਹੈ।

ਡੀਜੀਪੀ ਯਾਦਵ ਨੇ ਦੱਸਿਆ ਕਿ ਮੁਢਲੀ ਜਾਂਚ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਸਬੰਧ ਅਮਰੀਕਾ ਅਧਾਰਤ ਤਸਕਰ ਜਸਮੀਤ ਸਿੰਘ ਉਰਫ ਲੱਕੀ ਨਾਲ ਜੁੜਿਆ ਹੋਇਆ ਹੈ। ਉਸ ਖਿਲਾਫ ਪਹਿਲਾਂ ਵੀ ਕਈ ਕੇਸ ਦਰਜ ਹਨ।

ਡੀਆਈਜੀ ਬਾਰਡਰ ਰੇਂਜ ਸਤਿੰਦਰ ਸਿੰਘ ਨੇ ਇਥੇ ਪ੍ਰੈਸ ਕਾਨਫਰੰਸ ਵਿੱਚ ਇਸ ਦਾ ਖੁਲਾਸਾ ਕਰਦਿਆਂ ਦੱਸਿਆ ਕਿ ਇਸ ਮਾਮਲੇ ਵਿੱਚ ਪੁਲੀਸ ਨੇ ਸਾਹਿਲਪ੍ਰੀਤ ਸਿੰਘ ਉਰਫ ਕਰਨ ਵਾਸੀ ਪਿੰਡ ਦੇਵੀਦਾਸਪੁਰਾ ਨੂੰ ਨਾਮਜ਼ਦ ਕੀਤਾ ਹੈ, ਜੋ ਕਿ ਫਿਲਹਾਲ ਭੱਜਿਆ ਹੋਇਆ ਹੈ। ਪੁਲੀਸ ਉਸ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਕਰ ਰਹੀ ਹੈ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਦਿਹਾਤੀ ਪੁਲੀਸ ਨੂੰ ਇਸ ਸਬੰਧੀ ਸੂਹ ਮਿਲੀ ਸੀ ਜਿਸ ਦੇ ਆਧਾਰ 'ਤੇ ਐਸਐਸਪੀ ਮਨਿੰਦਰ ਸਿੰਘ ਦੀ ਅਗਵਾਈ ਹੇਠ ਪੁਲੀਸ ਟੀਮ ਨੇ ਉਸ ਦੇ ਘਰ ਵਿੱਚੋਂ 23 ਕਿਲੋ ਹੈਰੋਇਨ ਦੀ ਇਹ ਖੇਪ ਬਰਾਮਦ ਕੀਤੀ ਹੈ, ਜੋ ਉਸਨੇ ਘਰ ਵਿੱਚ ਲੁਕਾਈ ਹੋਈ ਸੀ।

ਉਨ੍ਹਾਂ ਖੁਲਾਸਾ ਕੀਤਾ ਕਿ ਅਮਰੀਕਾ ਵਿੱਚ ਬੈਠਾ ਇਹ ਤਸਕਰ ਜਸਮੀਤ ਸਿੰਘ ਉਰਫ ਲੱਕੀ ਸਰਹੱਦ ਪਾਰੋਂ ਇਹ ਨਸ਼ੀਲੇ ਪਦਾਰਥਾਂ ਦੀ ਸਪਲਾਈ ਕਰਦਾ ਸੀ, ਜਿਸ ਨੂੰ ਪ੍ਰਾਪਤ ਕਰਕੇ ਅਗਾਂਹ ਸਪਲਾਈ ਕਰਨ ਦਾ ਕੰਮ ਕਰਨ ਵੱਲੋਂ ਕੀਤਾ ਜਾ ਰਿਹਾ ਸੀ।

ਉਸ ਵੱਲੋਂ ਹੀ ਰਕਮ ਇਕੱਠੀ ਕਰਕੇ ਅਗਾਂਹ ਭੇਜੀ ਜਾਂਦੀ ਸੀ। ਉਨ੍ਹਾਂ ਕਿਹਾ ਕਿ ਪੁਲੀਸ ਇਸ ਮਾਮਲੇ ਵਿੱਚ ਅਗਲੇਰੀ ਜਾਂਚ ਕਰ ਰਹੀ ਹੈ।

# ਪੰਜਾਬ ਸਰਕਾਰ ਵੱਲੋਂ ਮਾਲ ਅਧਿਕਾਰੀਆਂ ਦੇ ਵਿਆਪਕ ਤਬਾਦਲੇ

**ਚੰਡੀਗੜ੍ਹ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਬੁੱਧਵਾਰ ਨੂੰ ਮਾਲ ਅਧਿਕਾਰੀਆਂ ਦੇ ਵੱਡੇ ਪੱਧਰ ਉੱਤੇ ਤਬਾਦਲੇ ਕੀਤੇ ਹਨ। ਇਹ ਕਾਰਵਾਈ ਸੂਬੇ ਭਰ ਵਿਚ ਮਾਲ ਅਧਿਕਾਰੀਆਂ ਵੱਲੋਂ ਕੀਤੀ ਗਈ ਹੜਤਾਲ ਦੇ ਮੱਦੇਨਜ਼ਰ ਕੀਤੀ ਗਈ ਹੈ।

ਮੁੱਖ ਮੰਤਰੀ ਮੁੱਖ ਮੰਤਰੀ ਭਗਵੰਤ ਮਾਨ ਨੇ ਮਾਲ ਅਧਿਕਾਰੀਆਂ ਖਿਲਾਫ ਇਹ ਦੂਜਾ ਵੱਡਾ ਐਕਸ਼ਨ ਲਿਆ ਹੈ। ਅੱਜ 177 ਨਾਇਬ ਤਹਿਸੀਲਦਾਰਾਂ ਅਤੇ 58 ਤਹਿਸੀਲਦਾਰਾਂ ਦੇ ਤਬਾਦਲੇ ਕਰ ਦਿੱਤੇ ਹਨ।

ਗ਼ੌਰਤਲਬ ਹੈ ਕਿ ਲੰਘੇ ਕੱਲ੍ਹ ਸਰਕਾਰ ਨੇ 15 ਹੜਤਾਲੀ ਤਹਿਸੀਲਦਾਰ ਸਸਪੈਂਡ ਕੀਤੇ ਸਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਮਾਲ ਅਫ਼ਸਰਾਂ ਨੂੰ ਹੜਤਾਲ ਛੱਡ ਕੇ ਕੰਮ 'ਤੇ ਪਰਤਣ ਜਾਂ ਕਾਰਵਾਈ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਵਾਸਤੇ ਕਿਹਾ ਸੀ।

# "ਇਹ ਕਿਹੋ ਜਿਹਾ ਆਮ ਆਦਮੀ ਹੈ, ਪੰਜਾਬ ਦਾ ਪੈਸਾ ਬਰਬਾਦ ਕਰ ਰਿਹਾ ਹੈ"; ਮਨਜਿੰਦਰ ਸਿਰਸਾ



**ਨਵੀਂ ਦਿੱਲੀ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਦੇ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਬੁੱਧਵਾਰ ਨੂੰ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਪੰਜਾਬ ਫੇਰੀ ਦੌਰਾਨ ਵਿਆਪਕ ਸੁਰੱਖਿਆ ਅਤੇ ਪ੍ਰਬੰਧਾਂ 'ਤੇ ਸਵਾਲ ਉਠਾਉਂਦੇ ਹੋਏ ਜਨਤਕ ਫੰਡਾਂ ਦੀ ਕਥਿਤ ਦੁਰਵਰਤੋਂ ਨੂੰ ਲੈ ਕੇ ਆਲੋਚਨਾ ਕੀਤੀ। ਉਨ੍ਹਾਂ ਕਿਹਾ, "ਵਿਪਾਸਨਾ ਲਈ ਉਨ੍ਹਾਂ ਦੇ (ਅਰਵਿੰਦ ਕੇਜਰੀਵਾਲ) ਦੇ ਕਾਫਲੇ ਵਿੱਚ 2 ਕਰੋੜ ਰੁਪਏ ਤੋਂ ਵੱਧ ਦੀਆਂ ਕਾਰਾਂ, ਫਾਇਰ ਬ੍ਰਿਗੇਡ, ਐਂਬੂਲੈਂਸ ਅਤੇ 100 ਤੋਂ ਵੱਧ ਕਮਾਂਡੋ ਹਨ। ਉਹ ਕਿਸ ਤਰ੍ਹਾਂ ਦਾ ਆਮ ਆਦਮੀ ਹੈ ? ਅਰਵਿੰਦ ਕੇਜਰੀਵਾਲ ਪੰਜਾਬ ਦਾ ਪੈਸਾ ਬਰਬਾਦ ਕਰ ਰਿਹਾ ਹੈ।" ਸਿਰਸਾ ਨੇ ਕਿਹਾ ਕਿ ਉਨ੍ਹਾਂ ਦਾ ਮਕਸਦ 'ਵਿਪਾਸਨਾ' ਨਹੀਂ ਸਗੋਂ ਮੁੱਖ ਮੰਤਰੀ ਬਣਨ ਦੇ ਆਪਣੇ ਸੁਪਨੇ ਨੂੰ ਪੂਰਾ ਕਰਨਾ ਹੈ, ਲੁਧਿਆਣਾ ਦੇ ਲੋਕ ਸੰਜੀਵ ਅਰੋੜਾ (ਲੁਧਿਆਣਾ ਪੱਛਮੀ ਤੋਂ ਉਮੀਦਵਾਰ) ਨੂੰ ਕਦੇ ਵੀ ਜਿੱਤਣ ਨਹੀਂ ਦੇਣਗੇ।

ਕੇਜਰੀਵਾਲ ਪੰਜਾਬ ਦੇ ਹੁਸ਼ਿਆਰਪੁਰ 'ਚ ਇਕ ਗੈਸਟ ਹਾਊਸ 'ਚ ਸਖਤ ਸੁਰੱਖਿਆ ਵਿਚਕਾਰ ਪਹੁੰਚੇ। ਉਨ੍ਹਾਂ ਦਾ ਦੌਰਾ ਆਗਾਮੀ ਜ਼ਿਮਣੀ ਚੋਣ ਤੋਂ ਪਹਿਲਾਂ ਆਇਆ ਹੈ, ਜਿਸ ਦੌਰਾਨ 'ਆਪ' ਸੂਬੇ ਵਿੱਚ ਆਪਣੀ ਮੌਜੂਦਗੀ ਨੂੰ ਮਜ਼ਬੂਤ ਕਰਨ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ। ਜ਼ਿਕਰਯੋਗ ਹੈ ਕਿ 'ਆਪ' ਦੇ ਸੰਜੀਵ ਅਰੋੜਾ ਲੁਧਿਆਣਾ ਪੱਛਮੀ ਉਪ ਚੋਣ ਲੜਨਗੇ, ਇਹ ਸੀਟ ਪਿਛਲੇ ਮਹੀਨੇ 'ਆਪ' ਵਿਧਾਇਕ ਗੁਰਪ੍ਰੀਤ ਗੋਗੀ ਦੇ ਦੇਹਾਂਤ ਤੋਂ ਬਾਅਦ ਖਾਲੀ ਹੋਈ ਸੀ।

ਗ਼ੌਰਤਲਬ ਹੈ ਕਿ ਅਰੋੜਾ ਦੀ ਨਾਮਜ਼ਦਗੀ ਨੇ ਅਰਵਿੰਦ ਕੇਜਰੀਵਾਲ ਦੀ ਰਾਜ ਸਭਾ ਵਿੱਚ ਸੰਭਾਵਿਤ ਐਂਟਰੀ ਨੂੰ ਲੈ ਕੇ ਚਰਚਾ ਛੇੜ ਦਿੱਤੀ ਹੈ। ਇਸ ਤੋਂ ਪਹਿਲਾਂ ਸੋਮਵਾਰ ਨੂੰ 'ਆਪ' ਦੇ ਸੰਸਦ ਮੈਂਬਰ ਸੰਜੀਵ ਅਰੋੜਾ ਨੇ ਹਾਲਾਂਕਿ ਪਾਰਟੀ ਦੀਆਂ ਯੋਜਨਾਵਾਂ ਖਾਸ ਤੌਰ 'ਤੇ ਅਰਵਿੰਦ ਕੇਜਰੀਵਾਲ ਦੇ ਰਾਜ ਸਭਾ ਵਿੱਚ ਜਾਣ ਦੇ ਸੰਭਾਵੀ ਕਦਮ ਬਾਰੇ ਕਿਆਸਾਂ ਨੂੰ ਹਵਾ ਦਿੱਤੀ।

ਅਰੋੜਾ ਮੁਤਾਬਕ ਪੰਜਾਬ ਤੋਂ ਰਾਜ ਸਭਾ 'ਚ 'ਆਪ' ਦੇ ਸੱਤ ਸੰਸਦ ਮੈਂਬਰ ਲੋੜ ਪੈਣ 'ਤੇ ਕੇਜਰੀਵਾਲ ਲਈ ਆਪਣੀਆਂ ਸੀਟਾਂ ਖਾਲੀ ਕਰਨ ਲਈ ਤਿਆਰ ਹਨ। ਹਾਲਾਂਕਿ ਅਰੋੜਾ ਨੇ ਜ਼ੋਰ ਦੇ ਕੇ ਕਿਹਾ ਕਿ ਕੇਜਰੀਵਾਲ ਨੇ ਫਿਲਹਾਲ ਰਾਜ ਸਭਾ ਵਿੱਚ ਸ਼ਾਮਲ ਹੋਣ ਵਿੱਚ ਕੋਈ ਦਿਲਚਸਪੀ ਨਹੀਂ ਦਿਖਾਈ ਹੈ।

# ਚੰਡੀਗੜ੍ਹ ਕੂਚ ਰੋਕੇ ਜਾਣ ਤੇ ਆਗੂਆਂ ਦੀ ਫੜੋ-ਫੜੀ ਖ਼ਿਲਾ.ਫ ਕਿਸਾਨਾਂ ਨੇ ਫੂਕੇ ਸਰਕਾਰ ਦੇ ਪੁਤਲੇ



**ਅੰਮ੍ਰਿਤਸਰ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨਾਂ ਨੂੰ ਆਪਣੀਆਂ ਮੰਗਾਂ ਦੇ ਹੱਕ ਵਿੱਚ ਚੰਡੀਗੜ੍ਹ ਵਿੱਚ ਰੋਸ ਪ੍ਰਦਰਸ਼ਨ ਕਰਨ ਜਾਣ ਤੋਂ ਰੋਕੇ ਜਾਣ ਅਤੇ ਕਿਸਾਨ ਜਥੇਬੰਦੀ ਐਸਕੇਐਮ ਦੇ ਆਗੂਆਂ ਨੂੰ ਗ੍ਰਿਫਤਾਰ ਕੀਤੇ ਜਾਣ ਦੇ ਰੋਸ ਵਜੋਂ ਅੱਜ ਇੱਥੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਸਥਾਨਕ ਗੋਲਡਨ ਗੇਟ ਵਿਖੇ ਰੋਸ ਵਿਖਾਵਾ ਕੀਤਾ ਗਿਆ ਹੈ ਅਤੇ ਸਰਕਾਰ ਦਾ ਪੁਤਲਾ ਸਾੜਿਆ ਗਿਆ ਹੈ।

ਜਥੇਬੰਦੀ ਦੇ ਆਗੂ ਸਰਵਣ ਸਿੰਘ ਪੰਧੇਰ ਨੇ ਦੱਸਿਆ ਕਿ ਕਿਸਾਨ ਜਥੇਬੰਦੀ ਵੱਲੋਂ ਸਰਕਾਰ ਦੇ ਕਿਸਾਨਾਂ ਪ੍ਰਤੀ ਇਸ ਵਤੀਰੇ ਦੇ ਖਿਲਾਫ ਅੱਜ ਅੰਮ੍ਰਿਤਸਰ ਵਿੱਚ ਗੋਲਡਨ ਗੇਟ ਸਮੇਤ 21 ਥਾਵਾਂ 'ਤੇ ਸਰਕਾਰ ਖਿਲਾਫ ਰੋਸ ਮੁਜ਼ਾਹਰੇ ਕੀਤੇ ਗਏ। ਇਸ ਤੋਂ ਇਲਾਵਾ ਸੂਬੇ ਦੇ 18 ਜ਼ਿਲ੍ਹਿਆਂ ਵਿੱਚ ਸਰਕਾਰ ਦੇ ਖਿਲਾਫ ਰੋਸ ਵਿਖਾਵੇ ਕੀਤੇ ਅਤੇ ਸਰਕਾਰ ਦੇ ਪੁਤਲੇ ਸਾੜੇ ਗਏ ਹਨ। ਉਨ੍ਹਾਂ ਦੋਸ਼ ਲਾਇਆ ਕੇਂਦਰ ਦੀ ਮੋਦੀ ਸਰਕਾਰ ਕਿਸਾਨਾਂ ਨੂੰ ਦਿੱਲੀ ਵਿੱਚ ਰੋਸ ਵਿਖਾਵਾ ਨਹੀਂ ਕਰਨ ਦੇਣਾ ਚਾਹੁੰਦੀ ਅਤੇ ਪੰਜਾਬ ਮਾਨ ਸਰਕਾਰ ਚੰਡੀਗੜ੍ਹ ਵਿੱਚ ਰੋਸ ਵਿਖਾਵਾ ਕਰਨ ਤੋਂ ਰੋਕ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਆਪਣੀਆਂ ਮੰਗਾਂ ਦੇ ਹੱਕ ਵਿੱਚ ਜਮਹੂਰੀ ਢੰਗ ਤਰੀਕੇ ਨਾਲ ਆਪਣੀ ਆਵਾਜ਼ ਬੁਲੰਦ ਕਰਨਾ ਚਾਹੁੰਦੇ ਹਨ, ਪਰ ਸਰਕਾਰ ਵੱਲੋਂ ਕਿਸਾਨਾਂ ਦਾ ਇਹ ਜਮਹੂਰੀ ਹੱਕ ਵੀ ਖੋਹਿਆ ਜਾ ਰਿਹਾ ਹੈ। ਇਸ ਦੇ ਸਿੱਟੇ ਵਜੋਂ ਅੱਜ ਕਿਸਾਨਾਂ ਵੱਲੋਂ ਪੰਜਾਬ ਭਰ ਵਿੱਚ ਮਾਨ ਸਰਕਾਰ ਦੇ ਖਿਲਾਫ ਰੋਸ ਵਿਖਾਵੇ ਕੀਤੇ ਗਏ ਹਨ ਅਤੇ ਪੁਤਲੇ ਸਾੜੇ ਜਾ ਰਹੇ ਹਨ।

# ਪੱਥਰ ਡਿੱਗਣ ਕਾਰਨ ਗੁਰਦੁਆਰਾ ਹੇਮਕੁੰਟ ਸਾਹਿਬ ਮਾਰਗ 'ਤੇ ਗੁਰਦੁਆਰਾ ਗੋਬਿੰਦ ਘਾਟ ਨੇੜਲਾ ਪੁਲ ਟੁੱਟਿਆ

## ਘਟਨਾ ਵਾਪਰਨ ਸਮੇਂ ਪੁਲ ਤੋਂ ਸਕੂਟਰ ਉਤੇ ਲੰਘਦਾ ਇਕ ਵਿਅਕਤੀ ਹੋਇਆ ਲਾਪਤਾ, ਭਾਲ ਜਾਰੀ



**ਅੰਮ੍ਰਿਤਸਰ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰਾਖੰਡ ਸਥਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਯਾਤਰਾ ਮਾਰਗ ਨੂੰ ਜੋੜਨ ਵਾਲਾ ਇਕ ਪੁੱਲ ਬੁੱਧਵਾਰ ਨੂੰ ਗੁਰਦੁਆਰਾ ਗੋਬਿੰਦ ਘਾਟ ਨੇੜੇ ਪਹਾੜ ਤੋਂ ਵੱਡੀ ਗਿਣਤੀ ਵਿੱਚ ਪੱਥਰ ਡਿੱਗਣ ਕਾਰਨ ਟੁੱਟ ਗਿਆ ਹੈ, ਜਿਸ ਨਾਲ ਇਸ ਵਰ੍ਹੇ ਦੀ ਸਲਾਨਾ ਯਾਤਰਾ 'ਤੇ ਵੀ ਅਸਰ ਪੈ ਸਕਦਾ ਹੈ।

ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਲਾਨਾ ਯਾਤਰਾ ਇਸ ਸਾਲ 25 ਮਈ ਤੋਂ ਆਰੰਭ ਹੋਣੀ ਤੈਅ ਹੋਈ ਹੈ।

ਗੁਰਦੁਆਰਾ ਸ੍ਰੀ ਗੋਬਿੰਦ ਘਾਟ ਦੇ ਮੈਨੇਜਰ ਭਾਈ ਸੇਵਾ ਸਿੰਘ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਇਲਾਕੇ ਵਿੱਚ ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਬਰਫ਼ਬਾਰੀ ਹੋਈ ਹੈ ਅਤੇ ਮੀਂਹ ਪੈ ਰਿਹਾ ਹੈ। ਇਸ ਕਾਰਨ ਪਹਾੜ ਦੇ ਉੱਪਰਲੇ ਹਿੱਸੇ ਤੋਂ ਵੱਡੀ ਮਾਤਰਾ ਵਿੱਚ ਪੱਥਰ ਡਿੱਗੇ ਹਨ ਅਤੇ ਅੱਜ ਸਵੇਰੇ ਇਸ ਕਾਰਨ ਸਪਰਿੰਗ ਵੈਲੀ ਬ੍ਰਿਜ ਟੁੱਟ ਗਿਆ ਹੈ।

ਇਸ ਕਾਰਨ ਫਿਲਹਾਲ ਯਾਤਰਾ ਮਾਰਗ ਦਾ ਸੰਪਰਕ ਟੁੱਟ ਗਿਆ ਹੈ। ਪੁਲ਼ ਦੇ ਟੁੱਟਣ ਕਾਰਨ ਦੂਜੇ ਪਾਸੇ ਪੈਂਦੇ ਪਿੰਡਾਂ ਪੁਲਣਾ, ਭੁੰਡਾਰ ਅਤੇ ਘਾਂਗਰੀਆ ਦਾ ਵੀ ਸੜਕੀ ਸੰਪਰਕ ਟੁੱਟ ਗਿਆ ਹੈ। ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਤੁਰੰਤ ਮੌਕੇ 'ਤੇ ਪੁੱਜ ਗਿਆ ਸੀ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਦਦ ਨਾਲ ਹੇਠਾਂ ਨਦੀ 'ਤੇ ਆਰਜ਼ੀ ਪੁਲ਼ ਬਣਾਉਣ ਦਾ ਕੰਮ ਸ਼ੁਰੂ ਕੀਤਾ ਜਾਵੇਗਾ, ਤਾਂ ਜੋ ਦੂਜੇ ਪਾਸੇ ਪਿੰਡਾਂ ਦੇ ਲੋਕਾਂ ਦਾ ਆਵਾਜਾਈ ਸੰਪਰਕ ਬਹਾਲ ਹੋ ਸਕੇ।

ਇਸ ਦੌਰਾਨ ਜਾਣਕਾਰੀ ਮਿਲੀ ਹੈ ਕਿ ਜਦੋਂ ਇਹ ਪੁਲ਼ ਨਸ਼ਟ ਹੋਇਆ, ਉਸ ਵੇਲੇ ਇੱਕ ਵਿਅਕਤੀ ਵੀ ਪੁਲ਼ ਤੋਂ ਸਕੂਟਰ 'ਤੇ ਲੰਘ ਰਿਹਾ ਸੀ, ਜੋ ਫਿਲਹਾਲ ਲਾਪਤਾ ਦੱਸਿਆ ਜਾਂਦਾ ਹੈ। ਜਾਣਕਾਰੀ ਮੁਤਾਬਕ ਉਸ ਦੀ ਭਾਲ ਕੀਤੀ ਜਾ ਰਹੀ ਹੈ।

**2013 ਦੀ ਭਿਆਨਕ ਕੁਦਰਤੀ ਤਬਾਹੀ ਦੌਰਾਨ ਵੀਟੁੱਟ ਗਿਆ ਸੀ ਪੁਲ਼**

ਦੱਸਣ ਯੋਗ ਹੈ ਕਿ ਇਸ ਇਲਾਕੇ ਵਿੱਚ 2013 ਵਿੱਚ ਵੀ ਭਿਆਨਕ ਹੜ੍ਹ ਆਇਆ ਸੀ ਅਤੇ ਉਸ ਵੇਲੇ ਵੀ ਇੱਥੇ ਬਣਿਆ ਹੋਇਆ ਪੁਲ਼ ਰੁੜ੍ਹ ਗਿਆ ਸੀ। ਉਸ ਵੇਲੇ ਬੱਦਲ ਫਟਣ ਦੀ ਘਟਨਾ ਕਾਰਨ ਵਾਪਰੀ ਭਿਆਨਕ ਕੁਦਾਰਤੀ ਤਬਾਹੀ ਕਾਰਨ ਗੁਰਦੁਆਰਾ ਸਾਹਿਬ ਦੀ ਇਮਾਰਤ ਵੀ ਪ੍ਰਭਾਵਿਤ ਹੋਈ ਸੀ ਅਤੇ ਹੜ੍ਹ ਕਾਰਨ ਪਾਰਕਿੰਗ ਖੇਤਰ ਵੀ ਰੁੜ੍ਹ ਗਿਆ ਸੀ ਅਤੇ ਉਥੇ ਖੜ੍ਹੇ ਬਹੁਤ ਸਾਰੇ ਵਾਹਨ ਵੀ ਦਰਿਆ ਦੀ ਭੇਟ ਚੜ੍ਹ ਗਏ ਸਨ।

ਮਗਰੋਂ ਸਰਕਾਰ ਵੱਲੋਂ ਲਗਭਗ ਡੇਢ ਸਾਲ ਦੇ ਸਮੇਂ ਵਿੱਚ ਇਹ ਸਪਰਿੰਗ ਵੈਲੀ ਬ੍ਰਿਜ ਬਣਾਇਆ ਗਿਆ ਸੀ ਅਤੇ ਸਥਾਈ ਸੰਪਰਕ ਬਹਾਲ ਹੋਇਆ ਸੀ, ਜਿਹੜਾ ਹੁਣ ਮੁੜ ਟੁੱਟ ਗਿਆ ਸੀ।

**ਮੁੱਖ ਮੰਤਰੀ ਧਾਮੀ ਨੇ ਛੇਤੀ ਪੱਕਾ ਪੁਲ਼ ਬਣਾਉਣ ਦਾ ਦਿੱਤਾ ਭਰੋਸਾ: ਬਿੰਦਰਾ**

ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਉਨ੍ਹਾਂ ਇਸ ਸਬੰਧ ਵਿੱਚ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਅਤੇ ਮੁੱਖ ਸਕੱਤਰ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਸਥਿਤੀ ਤੋਂ ਜਾਣੂ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਨੇ ਭਰੋਸਾ ਦਿੱਤਾ ਹੈ ਕਿ ਜਲਦੀ ਹੀ ਸਥਾਈ ਪੁਲ਼ ਦਾ ਨਿਰਮਾਣ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਇਸੇ ਖੇਤਰ ਵਿੱਚ ਬਦਰੀਨਾਥ ਧਾਮ ਨੇੜੇ ਪਿੰਡ ਮਾਣਾ ਦੇ ਕੋਲ ਬਰਫ ਖਿਸਕਣ ਕਾਰਨ ਬੀਆਰਓ ਦੇ 54 ਕਰਮਚਾਰੀ ਬਰਫ ਹੇਠਾਂ ਦੱਬੇ ਗਏ ਸਨ। ਬਾਅਦ ਵਿਚ ਇਨ੍ਹਾਂ ਵਿੱਚੋਂ ਸੱਤ ਦੀ ਮੌਤ ਹੋ ਗਈ ਸੀ। ਚੱਲ ਰਹੇ ਬਚਾਅ ਕਾਰਜਾਂ ਦੌਰਾਨ ਐਨਡੀਆਰਐਫ, ਐਸੀਆਰਐਫ ਤੇ ਹੋਰ ਏਜੰਸੀਆਂ ਦੇ ਰਾਹਤ ਕਰਮਚਾਰੀ ਇਥੇ ਗੁਰਦੁਆਰਾ ਗੋਬਿੰਦ ਘਾਟ ਵਿਖੇ ਹੀ ਠਹਿਰੇ ਹੋਏ ਹਨ, ਜਿਨ੍ਹਾਂ ਨੂੰ ਗੁਰਦੁਆਰਾ ਕਮੇਟੀ ਵੱਲੋਂ ਠਹਿਰਾਅ ਅਤੇ ਲੰਗਰ ਦੀ ਸਹੂਲਤ ਮੁਹਈਆ ਕੀਤੀ ਜਾ ਰਹੀ ਹੈ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਲੋਕਾਂ ਦੀ ਹਿੱਸੇਦਾਰੀ ਯਕੀਨੀ ਬਣਾਉਣ ਲਈ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਨੂੰ ਦਿੱਤੇ ਨਿਰਦੇਸ਼

**ਮੰਡੀ ਗੋਬਿੰਦਗੜ੍ਹ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਜੰਗੀ ਪੱਧਰ 'ਤੇ ਸ਼ੁਰੂ ਹੋ ਚੁੱਕੀ ਹੈ। ਇਸ ਕਾਰਵਾਈ ਤਹਿਤ ਅੱਜ ਫਤਹਿਗੜ੍ਹ ਸਾਹਿਬ ਦੇ ਜ਼ਿਲ੍ਹਾ ਪੁਲਿਸ ਮੁਖੀ ਸ਼ੁਭਮ ਅਗਰਵਾਲ ਦੀ ਅਗਵਾਈ ਹੇਠ ਮੰਡੀ ਗੋਬਿੰਦਗੜ੍ਹ ਦੀ ਮਾਸਟਰ ਕਲੌਨੀ ਵਿਖੇ ਇੱਕ ਨਸ਼ਾ ਤਸਕਰ ਦਾ ਘਰ ਢਾਹਿਆ ਗਿਆ। ਇਹ ਮਕਾਨ ਸਰਕਾਰੀ ਜ਼ਮੀਨ 'ਤੇ ਨਾਜਾਇਜ਼ ਕਬਜਾ ਕਰਕੇ ਬਣਾਇਆ ਹੋਇਆ ਸੀ।

ਜ਼ਿਲ੍ਹਾ ਪੁਲਿਸ ਮੁਖੀ ਸ਼ੁਭਮ ਅਗਰਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਜਾ ਰਹੀ ਹੈ ਅਤੇ ਨਸ਼ਿਆਂ ਦੇ ਤਸਕਰਾਂ ਖਿਲਾਫ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮਾਸਟਰ ਕਲੌਨੀ ਦੇ ਇਸ ਪਰਿਵਾਰ 'ਤੇ 2024 ਵਿੱਚ ਐਨ.ਡੀ.ਪੀ.ਐਸ.ਐਕਟ ਅਧੀਨ 02 ਮੁਕੱਦਮੇ ਦਰਜ਼ ਹਨ।

ਉਨ੍ਹਾਂ ਨਸ਼ਿਆਂ ਦੇ ਸੌਦਾਗਰਾਂ ਨੂੰ ਸਖਤ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਨਸ਼ੇ ਵੇਚਣ ਦਾ ਕੰਮ ਛੱਡ ਦੇਣ ਨਹੀਂ ਤਾਂ ਉਨ੍ਹਾਂ ਵਿਰੁੱਧ ਵੀ ਇਹੋ ਜਿਹੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ 06 ਹੋਰ ਘਰਾਂ ਦੀ ਸ਼ਨਾਖਤ ਕੀਤੀ ਗਈ ਹੈ ਅਤੇ ਛੇਤੀ ਹੀ ਇਨ੍ਹਾਂ ਵਿਰੁੱਧ ਵੀ ਕਾਰਵਾਈ ਕੀਤੀ ਜਾਵੇਗੀ।

ਇਸ ਮੌਕੇ ਹਲਕਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਕਿਹਾ ਕਿ ਨਸ਼ੇ ਦੇ ਸੌਦਾਗਰਾਂ ਨੇ ਸੂਬੇ ਦੀ ਜਵਾਨੀ ਨੂੰ ਕੁਰਾਹੇ ਪਾਇਆ ਹੈ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਪੂਰੀ ਤਰ੍ਹਾਂ ਦ੍ਰਿੜ ਹੈ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੀ ਧਰਤੀ ਫ਼ਤਹਿਗੜ੍ਹ ਸਾਹਿਬ 'ਤੇ ਇੱਕ ਵੀ ਨਸ਼ੇ ਦਾ ਸੌਦਾਗਰ ਰਹਿਣ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੇ ਕਾਰੋਬਾਰੀਆਂ ਦੀ ਸ਼ਿਕਾਇਤ ਕਰਨ ਲਈ ਆਪਣੇ ਨੇੜਲੇ ਪੁਲਿਸ ਸਟੇਸ਼ਨ ਵਿਖੇ ਸੰਪਰਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨਿਰੰਤਰ ਜਾਰੀ ਰਹੇਗੀ ਅਤੇ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਤਸਕਰਾਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅਜੈ ਲਿਬੜਾ ਨੇ ਕਿਹਾ ਕਿ ਨਸ਼ਿਆਂ ਖਿਲਾਫ ਯੁੱਧ ਸਮਾਜ ਨੂੰ ਨਸ਼ਾ ਮੁਕਤ ਕਰਨ ਵਿੱਚ ਅਹਿਮ ਭੂਮਿਕਾ ਅਦਾ ਕਰੇਗਾ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਅੰਦਰ ਨਸ਼ਾ ਤਸਕਰਾਂ ਲਈ ਕੋਈ ਥਾਂ ਨਹੀਂ ਹੈ, ਇਸ ਲਈ ਉਹ ਇਹ ਕੰਮ ਛੱਡ ਦੇਣ ਨਹੀਂ ਤਾਂ ਉਨ੍ਹਾਂ ਦੇ ਘਰਾਂ 'ਤੇ ਵੀ ਪੀਲਾ ਪੰਜਾ ਚਲਾਇਆ ਜਾਵੇਗਾ। ਮਾਰਕੀਟ ਕਮੇਟੀ ਚਨਾਰਥਲ ਕਲਾਂ ਦੇ ਚੇਅਰਮੈਨ ਰਸ਼ਪਿੰਦਰ ਸਿੰਘ ਰਾਜਾ ਨੇ ਵੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਬਾਰੇ ਦੱਸਿਆ। ਇਥੇ ਵਰਨਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਮੁਹਿੰਮ ਦੀ ਸਥਾਨਕ ਮੁਹੱਲਾ ਨਿਵਾਸੀਆਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਮੁੱਖ ਮੰਤਰੀ ਭਗਵੰਤ ਮਾਨ ਤੇ ਪੁਲਿਸ ਪ੍ਰਸ਼ਾਸ਼ਨ ਜ਼ਿੰਦਾਬਾਦ ਦੇ ਨਾਅਰੇ ਵੀ ਲਗਾਏ ਗਏ।

# ਸ਼ਹਿਦ ਬਨਾਮ ਸ਼ੂਗਰ ਰੋਗ

ਸ਼ੂਗਰ (4⬥▲✫✥☨✥⬥↔) ਦੇ ਬਹੁਤੇ ਮਰੀਜ਼ਾਂ ਦੇ ਮਨ ਵਿਚ ਇਹ ਸਵਾਲ ਉਠਦਾ ਰਹਿੰਦਾ ਹੈ ਕਿ ਕੀ ਉਹ ਸ਼ਹਿਦ ਦੀ ਵਰਤੋਂ ਕਰ ਸਕਦੇ ਹਨ? ਇਹ ਸਮਝਣਾ ਜ਼ਰੂਰੀ ਹੈ ਕਿ ਇਸ ਰੋਗ ਦੌਰਾਨ ਜਿਗਰ ਤੇ ਮਿਹਦੇ ਦੀ ਕਿਰਿਆ ਵਿਗੜ ਜਾਂਦੀ ਹੈ, ਜਿਸ ਕਾਰਨ ਇਹ ਅੰਗ ਚੀਨੀ, ਠੰਢੇ ਤੇ ਮਿੱਠੇ. ਪਦਾਰਥਾਂ ਨੂੰ ਪਚਾਅ ਨਹੀਂ ਸਕਦੇ। ਜੇਕਰ ਸ਼ੂਗਰ ਰੋਗੀ ਦੁੱਧ ਚੀਨੀ, ਗੋਸ਼ਤ ਜਾਂ ਰਸ ਵਰਗੇ ਤਾਕਤ ਵਾਲੇ ਪਦਾਰਥ ਖਾ ਵੀ ਲਵੇ ਤਾਂ ਉਹ ਬਗੈਰ ਪਚੇ ਹੀ ਮਲ-ਮੂਤਰ ਦੇ ਨਾਲ ਬਾਹਰ ਨਿਕਲ ਜਾਣਗੇ ਅਤੇ ਥੋੜ੍ਹੇ ਬਹੁਤ ਪੇਟ ਵਿਚ ਹੀ ਪਏ ਰਹਿਣਗੇ। ਇਨ੍ਹਾਂ ਕਾਰਨਾਂ ਕਰਕੇ ਜਿਗਰ ਸਗੋਂ ਹੋਰ ਵੀ ਖਰਾਬ ਹੋ ਜਾਂਦਾ ਹੈ। ਇਹ ਸਮਝਣ ਦੀ ਲੋੜ ਹੈ ਕਿ ਅਸੀਂ ਜਿੰਨੀ ਕਿਸਮ ਦੇ ਮਿੱਠੇ ਪਦਾਰਥ ਖਾਂਦੇ ਹਾਂ ਉਹ ਪੇਟ ਵਿਚ ਜਾ ਕੇ ਰਸਾਇਣਿਕ ਕਿਰਿਆ ਰਾਹੀਂ ਡੈਕਸਟਰੋਜ਼ ਵਿਚ ਬਦਲ ਜਾਂਦੇ ਹਨ ਪ੍ਰੰਤੂ ਜਦੋਂ ਜਿਗਰ ਦੀ ਸ਼ੱਕਰ ਬਣਾਉਣ ਦੀ ਤਾਕਤ ਘੱਟ ਜਾਂਦੀ ਹੈ ਜਾਂ ਬਰਬਾਦ ਹੋ ਜਾਂਦੀ ਹੈ ਤਾਂ ਇਹ ਪਦਾਰਥ ਦ੍ਰਾਕਸ਼ ਸ਼ੱਕਰ (4✥⊘☨☛✿↔✥) ਦੇ ਰੂਪ ਵਿਚ ਤਬਦੀਲ ਨਹੀਂ ਹੋ ਸਕਦੇ ਇਸ ਕਰਕੇ ਸ਼ੂਗਰ ਰੋਗੀਆਂ ਨੂੰ ਸਾਧਾਰਨ ਸ਼ੂਗਰ ਦੀ ਥਾਂ ਮਿਲਕ ਸ਼ੂਗਰ ਤੇ ਫਰੂਟ ਸ਼ੂਗਰ ਦੀ ਵਰਤੋਂ ਕਰਨੀ ਪੈਂਦੀ ਹੈ ਪਰ ਇਨ੍ਹਾਂ ਵਿਚ ਡੈਕਸਟ੍ਰੋਜ਼ ਬਹੁਤ ਘੱਟ ਮਿਲਦੀ ਹੈ। ਪੂਨੇ ਤੋਂ ਪ੍ਰਕਾਸ਼ਿਤ ਸਿਹਤ ਮੈਗਜ਼ੀਨ 'ਸਵਾਸਥ ਔਰ ਜੀਵਨ' ਨੇ ਇਹ ਖਬਰ ਦਿੰਦਿਆਂ ਕਿਹਾ ਹੈ ਕਿ ਜੇਕਰ ਸ਼ੂਗਰ ਰੋਗੀ ਵਾਜਬ ਮਿਕਦਾਰ ਵਿਚ ਸ਼ਹਿਦ ਦਾ ਸੇਵਨ ਕਰਨ ਤਾਂ ਬਹੁਤ ਚੰਗਾ ਹੈ ਕਿਉਂਕਿ ਇਸ ਵਿਚ ਕੁਦਰਤੀ ਤਰੀਕੇ ਨਾਲ ਜਮ੍ਹਾ ਕੀਤੀ ਡੈਕਸਟ੍ਰੋਜ਼ ਲੋੜੀਂਦੀ ਮਾਤਰਾ ਵਿਚ ਮਿਲ ਜਾਂਦੀ ਹੈ।



ਸ਼ੂਗਰ ਰੋਗੀ ਜੇ ਸ਼ਹਿਦ ਦਾ ਸੇਵਨ ਕਰਦੇ ਹਨ ਤਾਂ ਉਨ੍ਹਾਂ ਦੇ ਜਿਗਰ ਨੂੰ ਲੋੜੀਂਦੀ ਮਿਠਾਸ ਬਣਾਉਣ ਲਈ ਖਾਸ ਪ੍ਰੇਸ਼ਾਨੀ ਨਹੀਂ ਉਠਾਉਣੀ ਪੈਂਦੀ ਕਿਉਂ ਜੋ ਸ਼ਹਿਦ ਵਿਚ ਮਧੂ ਮੱਖੀਆਂ ਦੀ ਲਾਰ ਵੀ ਮਿਲੀ ਹੋਣ ਕਾਰਨ ਇਹ ਪਚਦਾ ਵੀ ਛੇਤੀ ਹੈ। ਸ਼ਹਿਦ ਦੇ ਇਨ੍ਹਾਂ ਸਾਰੇ ਗੁਣਾਂ ਨੂੰ ਵੇਖਦੇ ਹੋਏ ਸ਼ੂਗਰ ਰੋਗੀਆਂ ਲਈ ਇਹ ਇਕ ਉਤਮ ਪਥ ਮੰਨਿਆ ਗਿਆ ਹੈ। ਫਿਰ ਵੀ ਇਸ ਦੀ ਵਰਤੋਂ ਆਪਣੇ ਡਾਕਟਰ ਨੂੰ ਪੁੱਛ ਕੇ ਕਰਨੀ ਜ਼ਰੂਰੀ ਹੈ।

# ਘਰੇਲੂ ਨੁਸਖੇ : ਦੂਰ ਭਜਾਉਣ ਬਿਮਾਰੀਆਂ

* ਮੂੰਹ ਦੇ ਛਾਲੇ : ਪੱਕੇ ਹੋਏ ਤਾਜ਼ੇ ਨਾਰੀਅਲ ਵਿਚੋਂ ਦੁੱਧ ਕੱਢ ਕੇ ਮੂੰਹ ਅੰਦਰ ਲਗਾਓ। ਇਸ ਨਾਲ ਮੂੰਹ ਦੇ ਛਾਲੇ ਠੀਕ ਹੋਣਗੇ।

* ਮੁਹਾਂਸੇ : ਨਿੰਬੂ ਦਾ ਰਸ, ਗੁਲਾਬ ਜਲ 'ਚ ਮਿਲਾ ਕੇ ਮੂੰਹ 'ਤੇ ਲਗਾਉਣ ਨਾਲ ਮੁਹਾਂਸੇ ਠੀਕ ਹੁੰਦੇ ਹਨ, ਇਸ ਨੂੰ ਲਗਾਉਣ ਤੋਂ ਅੱਧੇ ਘੰਟੇ ਬਾਅਦ ਤਾਜ਼ੇ ਪਾਣੀ ਨਾਲ ਮੂੰਹ ਧੋਵੋ।

* ਉਲਟੀ : ਜੇਕਰ ਤੁਹਾਨੂੰ ਉਲਟੀ ਆ ਰਹੀ ਹੈ ਜਾਂ ਘਬਰਾਹਟ ਹੋ ਰਹੀ ਹੈ ਤਾਂ ਬਿਨਾਂ ਖੰਡ ਦੀ ਕਾਲੀ ਚਾਹ ਚੁਸਕੀਆਂ ਲੈ ਕੇ ਪੀਓ। ਦਿਨ ਵਿਚ ਇਹ ਚਾਰ ਤਿੰਨ-ਚਾਰ ਵਾਰ ਪੀਓ।

* ਬੁਖਾਰ : ਜੇਕਰ ਸਰੀਰ ਵਿਚ ਬੁਖਾਰ ਜਿਹਾ ਲੱਗੇ ਤਾਂ ਇਕ ਕੱਪ ਤਾਜ਼ਾ ਨਿੰਬੂ ਦਾ ਰਸ, ਨਾਰੀਅਲ ਪਾਣੀ ਵਿਚ ਪੀਣ ਨਾਲ ਸਰੀਰ ਵਿਚ ਨਵੀਂ ਜਾਨ ਪਵੇਗੀ ਤੇ ਬੁਖਾਰ ਉਤਰ ਜਾਵੇਗਾ।

* ਖਾਂਸੀ : ਅਦਰਕ ਦਾ ਰਸ ਅਤੇ ਸ਼ਹਿਦ ਬਰਾਬਰ ਮਾਤਰਾ ਵਿਚ ਮਿਲਾ ਕੇ ਗਰਮ ਕਰ ਲਵੋ। ਇਸ ਨੂੰ ਦਿਨ ਵਿਚ 3-4 ਵਾਰ ਚੱਟਣ ਨਾਲ ਕਫ਼-ਖਾਂਸੀ ਦੂਰ ਹੁੰਦੀ ਹੈ।

* ਗਲੇ ਦੀ ਦਰਦ : ਇਕ ਛੋਟਾ ਚਮਚ ਨਿੰਬੂ ਦਾ ਰਸ ਵਿਚ ਸ਼ਹਿਦ ਮਿਲਾ ਕੇ ਦਿਨ ਵਿਚ 2-3 ਵਾਰ ਥੋੜ੍ਹੀ-ਥੋੜ੍ਹੀ ਮਾਤਰਾ ਵਿਚ ਖਾਣ ਨਾਲ ਗਲੇ ਦਾ ਦਰਦ ਠੀਕ ਹੁੰਦਾ ਹੈ।

* ਤਲਵਿਆਂ ਵਿਚ ਦਰਦ : ਲਗਭਗ ਇਕ ਮੁੱਠੀ ਕਰੇਲਿਆਂ ਦੇ ਪੱਤਿਆਂ ਦਾ ਰਸ ਪੀਸ ਕੇ ਬਾਰੀਕ ਪੇਸਟ ਬਣਾ ਲਵੋ। ਹਥੇਲੀਆਂ ਅਤੇ ਤਲਵਿਆਂ ਉਤੇ ਲਗਾਓ। ਤਲਵਿਆਂ ਦੀ ਦਰਦ ਅਤੇ ਜਲਣ ਠੀਕ ਹੋ ਜਾਵੇਗੀ।



# ਮਸੂੜ੍ਹਿਆਂ 'ਚ ਸੜਨ ਤੋਂ ਪ੍ਰੇਸ਼ਾਨ ਹੋ ?

ਸਾਰਿਆਂ ਨੂੰ ਆਪਣੀ ਜ਼ਿੰਦਗੀ ਵਿਚ ਕਦੇ ਨਾ ਕਦੇ ਮਸੂੜ੍ਹਿਆਂ ਵਿਚ ਸੜਨ ਦੀ ਸ਼ਿਕਾਇਤ ਜ਼ਰੂਰ ਹੁੰਦੀ ਹੈ। ਜ਼ਿਆਦਾਤਰ ਸਮੱਸਿਆਵਾਂ ਰੋਜ਼ਾਨਾ ਤੇ ਚੰਗੀ ਤਰ੍ਹਾਂ ਮੂੰਹ ਦੀ ਸਫਾਈ ਨਾ ਕਰਨ ਕਾਰਨ ਹੁੰਦੀਆਂ ਹਨ ਪਰ ਮਸੂੜ੍ਹਿਆਂ 'ਚ ਸੜਨ ਪਿੱਛੇ ਹੋਰ ਵੀ ਕਾਰਨ ਹੁੰਦੇ ਹਨ।



ਕਾਰਨ : ਮਸੂੜ੍ਹਿਆਂ 'ਚ ਸੜਨ ਦਾ ਮੁਖ ਕਾਰਨ ਮੂੰਹ ਦੀ ਮਤਲਬ ਦੰਦਾਂ ਤੇ ਮਸੂੜ੍ਹਿਆਂ ਦੀ ਠੀਕ ਢੰਗ ਨਾਲ ਸਫਾਈ ਨਾ ਕਰਨਾ ਹੈ। ਉਂਞ ਇਹ ਸਮੱਸਿਆ ਮਸੂੜ੍ਹਿਆਂ ਦੇ ਨੁਕਸਾਨੇ ਜਾਣ, ਔਰਤ ਦੇ ਗਰਭਵਤੀ ਹੋਣ, ਸ਼ੂਗਰ, ਤਣਾਅ, ਕੁਪੋਸ਼ਣ, ਦਵਾਈਆਂ ਦੇ ਮਾੜੇ ਅਸਰ, ਖੁਰਦਰੇ ਤੇ ਵਿੰਗੇ-ਟੇਢੇ ਦੰਦਾਂ ਕਾਰਨ ਵੀ ਹੁੰਦੀ ਹੈ।

ਲੱਛਣ : ਮਸੁੜ੍ਹਿਆਂ ਵਿਚ ਸੋਜ਼ ਤੇ ਲਾਲਗੀ ਆ ਜਾਂਦੀ ਹੈ। ਬਰੱਸ਼ ਕਰਨ 'ਤੇ ਖੂਨ ਨਿਕਲਦਾ ਹੈ। ਮਸੂੜ੍ਹਿਆਂ ਨੂੰ ਛੂਹਣ ਤੇ ਦਬਾਉਣ 'ਤੇ ਦਰਦ ਹੁੰਦਾ ਹੈ। ਇਸ ਨਾਲ ਮੂੰਹ ਬਦਬੂਦਾਰ ਬਣ ਜਾਂਦਾ ਹੈ। ਇਹ ਸਮੱਸਿਆ ਪਿਤਾ-ਪੁਰਖੀ ਕਾਰਨਾਂ ਕਰਕੇ ਵੀ ਹੁੰਦੀ ਹੈ, ਜੋ ਅੱਲੜ੍ਹ ਉਮਰ 'ਚ ਹੀ ਹੋ ਜਾਂਦੀ ਹੈ।

ਇਲਾਜ :

☛ ਮੂੰਹ ਦੀ ਰੋਜ਼ਾਨਾ 2 ਵਾਰ ਚੰਗੀ ਤਰ੍ਹਾਂ ਸਫਾਈ ਕਰੋ।

☛ ਦੰਦਾਂ ਦੇ ਡਾਕਟਰ ਤੋਂ ਸਮੇਂ-ਸਮੇਂ 'ਤੇ ਜਾਂਚ ਕਰਵਾਓ।

☛ ਸ਼ਰਾਬ, ਸਿਗਰਟਨੋਸ਼ੀ, ਪਾਨ, ਗੁਟਕੇ, ਤੰਬਾਕੂ ਤੋਂ ਦੂਰ ਰਹੋ।

☛ ਮਿੱਠੀਆਂ ਚੀਜ਼ਾਂ ਘੱਟ ਖਾਓ। ਜ਼ਿਆਦਾ ਦੇਰ ਤਕ ਭੁੱਖੇ ਨਾ ਰਹੋ।

☛ ਤਾਜ਼ਾ ਤੇ ਪੌਸ਼ਟਿਕ ਭੋਜਨ ਕਰੋ। ਭੋਜਨ ਹਮੇਸ਼ਾ ਚਬਾ-ਚਬਾ ਕੇ ਕਰੋ।

☛ ਪੁੰਗਰੇ ਹੋਏ ਅਨਾਜ, ਸਲਾਦ ਤੇ ਫਲਾਂ ਦੀ ਵਰਤੋਂ ਕਰੋ।

☛ ਹਰ ਵਾਰ ਭੋਜਨ ਤੋਂ ਬਾਅਦ ਚੂਲੀ ਜ਼ਰੂਰ ਕਰੋ।

☛ ਟੂਥਬਰੱਸ਼ ਤੇ ਟੂਥਪੇਸਟ ਨੂੰ ਸਮੇਂ-ਸਮੇਂ 'ਤੇ ਬਦਲਦੇ ਰਹੋ।

☛ ਕਿਸੇ ਦੂਜੇ ਦਾ ਟੂਥਬਰੱਸ਼ ਨਾ ਕਰੋ।

☛ ਚਾਹ, ਕੌਫੀ, ਟੌਫੀਆਂ ਆਦਿ ਖਾਣ ਤੋਂ ਬਾਅਦ ਮੂੰਹ ਸਾਫ ਕਰੋ।

☛ ਗੈਰ-ਜ਼ਰੂਰੀ ਤਣਾਅ ਤੋਂ ਬਚੋ।

☛ ਭੋਜਨ ਦੇ ਵਿਚੋਂ-ਵਿਚ ਘੁੱਟ-ਘੁੱਟ ਪਾਣੀ ਪੀਓ।

# ਸੁਭਾਅ ਤੈਅ ਕਰਦਾ ਹੈ ਤੰਦਰੁਸਤੀ

**ਸਾਡੀ ਸ਼ਖ਼ਸੀਅਤ ਦਾ ਸਿੱਧਾ ਸਬੰਧ ਸਾਡੀ ਤੰਦਰੁਸਤੀ ਨਾਲ ਹੁੰਦਾ ਹੈ ਅਤੇ ਸਾਡੀ ਤੰਦਰੁਸਤੀ ਹੀ ਸਾਡੀ ਲੰਮੀ ਉਮਰ ਅਤੇ ਜੀਵਨ ਦੀ ਗੁਣਵੱਤਾ ਨੂੰ ਨਿਰਧਾਰਤ ਕਰਦਾ ਹੈ। ਮਾਹਿਰਾਂ ਅਨੁਸਾਰ ਜੋ ਲੋਕ ਸੁਭਾਅ ਤੋਂ ਕਾਫ਼ੀ ਆਸ਼ਾਵਾਦੀ ਹੁੰਦੇ ਹਨ, ਅਜਿਹੇ ਲੋਕਾਂ ਨੂੰ ਕਾਰਡਿਕ ਸਮੱਸਿਆਵਾਂ ਹੋਣ ਦਾ ਸਭ ਤੋਂ ਵੱਧ ਖਤਰਾ ਹੁੰਦਾ ਹੈ। ਅਸੀਂ ਅਜਿਹੀਆਂ ਸਮੱਸਿਆਵਾਂ ਨੂੰ ਟਾਇਮ ਦੇ ਸ਼ਖ਼ਸੀਅਤ ਵਰਗ ਵਿਚ ਵੰਡਦੇ ਹਾਂ। ਅਜਿਹੇ ਲੋਕ ਉਤਮ ਪੁਰਸ਼ ਹੁੰਦੇ ਹਨ। ਇਹ ਹਰ ਵੇਲੇ ਵੱਧ ਤੋਂ ਵੱਧ ਪਾਉਣ ਦੀ ਇੱਛਾ ਰੱਖਦੇ ਹਨ। ਇਸ ਲਈ ਇਹ ਦੂਜਿਆਂ 'ਤੇ ਵੱਧ ਤਣਾਅਗ੍ਰਸਤ ਰਹਿੰਦੇ ਹਨ। ਹਰ ਵੇਲੇ ਤਣਾਅ ਦਿਲ ਨੂੰ ਪ੍ਰਭਾਵਿਤ ਕਰਦਾ ਹੈ। ਅਜਿਹੇ ਲੋਕਾਂ ਨੂੰ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਵਧੇਰੇ ਹੁੰਦਾ ਹੈ। ਇਹ ਹਾਈਪਰਟੈਂਸ਼ਨ ਅਤੇ ਕਾਰਡਿਕ ਬਿਮਾਰੀ ਦੇ ਘੇਰੇ ਵਿਚ ਵੀ ਆ ਸਕਦੇ ਹਨ। ਹਰ ਵੇਲੇ ਤਣਾਅ ਵਿਚ ਰਹਿਣ ਕਰਕੇ ਉਨ੍ਹਾਂ ਵਿਚ ਕਾਰਟੀਸੋਲ ਹਾਰਮੋਨ ਦੀ ਪੱਧਰ ਵਧ ਜਾਂਦੀ ਹੈ। ਜੋ ਉਨ੍ਹਾਂ ਦੀ ਬਿਮਾਰੀ ਨਾਲ ਲੜਨ ਦੀ ਸਮਰੱਥਾ ਨੂੰ ਪ੍ਰਭਾਵਿਤ ਕਰਦੀ ਹੈ।**

ਜੇਕਰ ਤੁਹਾਡੇ ਮਿੱਤਰ ਤੁਹਾਡੇ ਮਿਹਨਤੀ ਹੋਣ ਦਾ ਮਜ਼ਾਕ ਉਡਾਉਂਦੇ ਹਨ ਅਤੇ ਕਹਿੰਦੇ ਹਨ ਕਿ ਮਿਹਨਤ ਤੋਂ ਵੱਧ ਜ਼ਰੂਰੀ ਹੈ, ਕੰਮ ਨੂੰ ਚੁਸਤੀ ਨਾਲ ਕਰਨਾ ਤਾਂ ਤੁਸੀਂ ਇਸ ਨਾਲ ਨਿਰਉਤਸ਼ਾਹਿਤ ਨਾ ਹੋਵੋ ਕਿਉਂਕਿ ਤੁਸੀਂ ਆਪਣੇ ਦੋਸਤਾਂ ਤੋਂ ਕਈ ਮਾਮਲਿਆਂ ਵਿਚ ਬਿਹਤਰ ਹਾਲਤ ਵਿਚ ਹੋਵੋਗੇ। ਖਾਸ ਕਰਕੇ ਸਿਹਤ ਦੇ ਮਾਮਲੇ ਵਿਚ ਹਾਲ ਹੀ ਵਿਚ ਹੋਏ ਇਕ ਅਧਿਐਨ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਜੋ ਲੋਕ ਲੰਬੇ ਸਮੇਂ ਤੱਕ ਆਪਣੇ ਕੰਮ ਨੂੰ ਗੰਭੀਰਤਾ ਨਾਲ ਲੈਂਦੇ ਹਨ, ਉਸ ਨੂੰ ਮਿਹਨਤ ਨਾਲ ਕਰਦੇ ਹਨ, ਉਹ ਲੋਕ ਲੰਬੇ ਸਮੇਂ ਤੱਕ ਜੀਵਤ ਰਹਿੰਦੇ ਹਨ।

ਸੁਚੇਤ ਲੋਕ ਕੰਮ ਦੇ ਵਿਸ਼ੇ ਵਿਚ ਚੰਗੀਆਂ ਆਦਤਾਂ ਦੇ ਨਾਲ ਆਪਣਾ ਜੀਵਨ ਜਿਊਂਦੇ ਹਨ। ਉਨ੍ਹਾਂ ਦੀ ਹਰ ਵੇਲੇ ਕੰਮ ਦੇ ਪ੍ਰਤੀ ਚਿੰਤਤ ਰਹਿਣ ਦੀ ਆਦਤ ਉਨ੍ਹਾਂ ਨੂੰ ਗੰਭੀਰ ਬਣਾਉਂਦੀ ਹੈ ਅਤੇ ਉਹ ਆਪਣੇ ਕੰਮ ਦੇ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਰਹਿੰਦੇ ਹਨ। ਇਸ ਤਰ੍ਹਾਂ ਉਹ ਆਪਣੀਆਂ ਯੋਜਨਾਵਾਂ ਦਾ ਨਿਰਧਾਰਨ ਬਿਹਤਰ ਤਰੀਕੇ ਨਾਲ ਕਰਦੇ ਹਨ। ਉਹ ਆਪਣੀਆਂ ਭਾਵਨਾਵਾਂ ਨੂੰ ਕਾਬੂ ਵਿਚ ਰੱਖ ਕੇ ਉਚਿਤ ਸਮੇਂ 'ਤੇ ਸਹੀ ਫੈਸਲਾ ਲੈਂਦੇ ਹਨ। ਅਜਿਹੇ ਲੋਕ ਆਪਣੇ ਭਵਿੱਖ ਨੂੰ ਲੈ ਕੇ ਹਰ ਵੇਲੇ ਚਿੰਤਤ ਰਹਿੰਦੇ ਹਨ। ਅਜਿਹੇ ਲੋਕ ਬੁਰੀਆਂ ਆਦਤਾਂ ਦੇ ਸ਼ਿਕਾਰ ਨਹੀਂ ਹੁੰਦੇ।

ਉਹ ਡਾਕਟਰਾਂ ਦੀ ਗੱਲ ਦਾ ਵੀ ਗੰਭੀਰਤਾ ਨਾਲ ਪਾਲਣ ਕਰਦੇ ਹਨ ਕਿਉਂਕਿ ਅਜਿਹੇ ਲੋਕ ਸਕਾਰਾਤਮਿਕ ਹੁੰਦੇ ਹਨ, ਇਸ ਲਈ ਉਹ ਲੰਮਾ ਜੀਵਨ ਜਿਊਂਦੇ ਹਨ। ਇਸ ਦੇ ਮੁਕਾਬਲੇ ਜੋ ਲੋਕ ਡਾਕਟਰ ਦੇ ਆਦੇਸ਼ ਦੀ ਖਿਲੀ ਉਡਾਉਂਦੇ ਹਨ ਉਹ ਕਈ ਕਿਸਮ ਦੀਆਂ ਬੁਰੀਆਂ ਆਦਤਾਂ ਦਾ ਸ਼ਿਕਾਰ ਹੋ ਜਾਂਦੇ ਹਨ।

ਸਾਡੀ ਸ਼ਖ਼ਸੀਅਤ ਦਾ ਸਿੱਧਾ ਸਬੰਧ ਸਾਡੀ ਤੰਦਰੁਸਤੀ ਨਾਲ ਹੁੰਦਾ ਹੈ ਅਤੇ ਸਾਡੀ ਤੰਦਰੁਸਤੀ ਹੀ ਸਾਡੀ ਲੰਮੀ ਉਮਰ ਅਤੇ ਜੀਵਨ ਦੀ ਗੁਣਵੱਤਾ ਨੂੰ ਨਿਰਧਾਰਤ ਕਰਦਾ ਹੈ। ਮਾਹਿਰਾਂ ਅਨੁਸਾਰ ਜੋ ਲੋਕ ਸੁਭਾਅ ਤੋਂ ਕਾਫ਼ੀ ਆਸ਼ਾਵਾਦੀ ਹੁੰਦੇ ਹਨ, ਅਜਿਹੇ ਲੋਕਾਂ ਨੂੰ ਕਾਰਡਿਕ ਸਮੱਸਿਆਵਾਂ ਹੋਣ ਦਾ ਸਭ ਤੋਂ ਵੱਧ ਖਤਰਾ ਹੁੰਦਾ ਹੈ। ਅਸੀਂ ਅਜਿਹੀਆਂ ਸਮੱਸਿਆਵਾਂ ਨੂੰ ਟਾਇਮ ਦੇ ਸ਼ਖ਼ਸੀਅਤ ਵਰਗ ਵਿਚ ਵੰਡਦੇ ਹਾਂ। ਅਜਿਹੇ ਲੋਕ ਉਤਮ ਪੁਰਸ਼ ਹੁੰਦੇ ਹਨ। ਇਹ ਹਰ ਵੇਲੇ ਵੱਧ ਤੋਂ ਵੱਧ ਪਾਉਣ ਦੀ ਇੱਛਾ ਰੱਖਦੇ ਹਨ। ਇਸ ਲਈ ਇਹ ਦੂਜਿਆਂ 'ਤੇ ਵੱਧ ਤਣਾਅਗ੍ਰਸਤ ਰਹਿੰਦੇ ਹਨ। ਹਰ ਵੇਲੇ ਤਣਾਅ ਦਿਲ ਨੂੰ ਪ੍ਰਭਾਵਿਤ ਕਰਦਾ ਹੈ। ਅਜਿਹੇ ਲੋਕਾਂ ਨੂੰ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਵਧੇਰੇ ਹੁੰਦਾ ਹੈ। ਇਹ ਹਾਈਪਰਟੈਂਸ਼ਨ ਅਤੇ ਕਾਰਡਿਕ ਬਿਮਾਰੀ ਦੇ ਘੇਰੇ ਵਿਚ ਵੀ ਆ ਸਕਦੇ ਹਨ। ਹਰ ਵੇਲੇ ਤਣਾਅ ਵਿਚ ਰਹਿਣ ਕਰਕੇ ਉਨ੍ਹਾਂ ਵਿਚ ਕਾਰਟੀਸੋਲ ਹਾਰਮੋਨ ਦੀ ਪੱਧਰ ਵਧ ਜਾਂਦੀ ਹੈ। ਜੋ ਉਨ੍ਹਾਂ ਦੀ ਬਿਮਾਰੀ ਨਾਲ ਲੜਨ ਦੀ ਸਮਰੱਥਾ ਨੂੰ ਪ੍ਰਭਾਵਿਤ ਕਰਦੀ ਹੈ। ਇਸ ਦੇ ਉਲਟ ਜੋ ਲੋਕ ਹਰ ਵੇਲੇ ਖੁਸ਼ ਰਹਿੰਦੇ ਹਨ ਅਤੇ ਉਲਟ ਹਲਾਤ ਵਿਚ ਘਬਰਾਉਂਦੇ ਨਹੀਂ ਹਨ, ਉਹ ਕਿੰਨੀਆਂ ਵੀ ਮੁਸ਼ਕਿਲ ਹਾਲਤਾਂ ਵਿਚ ਹੋਣ ਉਹ ਹਮੇਸ਼ਾ ਠੰਢੇ ਰਹਿੰਦੇ ਹਨ। ਅਜਿਹੇ ਲੋਕਾਂ ਨੂੰ ਤਣਾਅਗ੍ਰਸਤ ਬਿਮਾਰੀਆਂ ਵੀ ਘੱਟ ਹੁੰਦੀਆਂ ਹਨ, ਚੀਜ਼ਾਂ ਦੇ ਪ੍ਰਤੀ ਉਨ੍ਹਾਂ ਦਾ ਨਜ਼ਰੀਆ ਉਨ੍ਹਾਂ ਦੀ ਸਿਹਤ ਨੂੰ ਪ੍ਰਭਾਵਿਤ ਕਰਦਾ ਹੈ। ਅਜਿਹੇ ਲੋਕ ਅਕਸਰ ਮੋਟਾਪੇ ਦਾ ਸ਼ਿਕਾਰ ਹੁੰਦੇ ਹਨ। ਚਾਹੁੰਦੇ ਹੋਏ ਵੀ ਇਹ ਲੋਕ ਆਪਣੇ ਭਾਰ ਨੂੰ ਜਲਦੀ ਘਟਾ ਨਹੀਂ ਸਕਦੇ ਕਿਉਂਕਿ ਅਜਿਹੇ ਲੋਕ ਹਾਂ-ਪੱਖੀ ਸੋਚ ਦੇ ਧਾਰਨੀ ਹੁੰਦੇ ਹਨ। ਇਹ ਆਪਣੇ ਭਾਰ ਅਤੇ ਆਪਣੇ ਬੇਡੋਲ ਦਿਖਾਈ ਦੇਣ ਨੂੰ ਲੈ ਕੇ ਚਿੰਤਤ ਨਹੀਂ ਹੁੰਦੇ। ਜੋ ਲੋਕ ਬਾਹਰਮੁਖੀ ਹੁੰਦੇ ਹਨ ਤੇ ਆਪਣੇ-ਆਪ ਨੂੰ ਆਸਾਨੀ ਨਾਲ ਪ੍ਰਗਟ ਕਰਦੇ ਹਨ ਉਹ ਕਦੀ ਵੀ ਤਣਾਅ ਵਿਚ ਨਹੀਂ ਆਉਂਦੇ। ਪਰ ਉਹ ਤਣਾਅ ਦੂਜਿਆਂ ਵਿਚ ਛੱਡ ਦਿੰਦੇ ਹਨ, ਉਹ ਬਿਨਾਂ ਸੋਚੇ ਸਮਝੇ ਕੋਈ ਵੀ ਗੱਲ ਕਹਿ ਦਿੰਦੇ ਹਨ। ਜਿਸ ਕਾਰਨ ਉਨ੍ਹਾਂ ਦੇ ਸਬੰਧ ਦੂਸਰਿਆਂ ਨਾਲ ਅਕਸਰ ਵਿਗੜ ਜਾਂਦੇ ਹਨ। ਜੋ ਕਹਿੰਦੇ ਹਨ ਜੋ ਲੋਕ ਸਮਾਜਿਕ ਰੂਪ ਵਿਚ ਬਹੁਤੇ ਸਰਗਰਮ ਹੁੰਦੇ ਹਨ ਉਨ੍ਹਾਂ ਦਾ ਦਿਮਾਗ ਵਧੇਰੇ ਸੁਚੇਤ ਨਹੀਂ ਹੁੰਦਾ ਉਹ ਜਲਦੀ ਥੱਕ ਜਾਂਦੇ ਹਨ। ਇਸ ਲਈ ਦੂਸਰੇ ਲੋਕਾਂ ਵਿਚ ਘੁਲਣ-ਮਿਲਣ ਵੇਲੇ ਲੋਕ ਬਹੁਤੇ ਸੁਚੇਤ ਨਹੀਂ ਹੁੰਦੇ। ਅਜਿਹੇ ਲੋਕ ਉਨੀਂਦਰੇ ਦਾ ਸ਼ਿਕਾਰ ਹੁੰਦੇ ਹਨ। ਇਸ ਦੀ ਤੁਲਨਾ ਵਿਚ ਜੋ ਲੋਕ ਅੰਤਰਮੁਖੀ ਜਾਂ ਸ਼ਰਮੀਲੇ ਹੁੰਦੇ ਹਨ ਇਹ ਅਕਸਰ ਸਿਰਦਰਦ ਜਾਂ ਪੇਟ ਵਿਚ ਗੈਸ ਆਦਿ ਤੋਂ ਪ੍ਰੇਸ਼ਾਨ ਰਹਿੰਦੇ ਹਨ। ਸੰਵੇਦਨਾਵਾਂ ਨੂੰ ਕਾਬੂ ਨਾ ਕਰ ਸਕਣ ਕਰਕੇ ਇਹ ਲੋਕ ਪੇਟ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੁੰਦੇ ਹਨ। ਇਹ ਲੋਕ ਦੂਸਰਿਆਂ ਨਾਲ ਝਗੜਾ ਕਰਨ ਤੋਂ ਘਬਰਾਉਂਦੇ ਹਨ। ਕਿਸੇ ਸਾਹਮਣੇ ਪ੍ਰਤੀਕਿਰਿਆ ਪ੍ਰਗਟ ਕਰਦੇ ਸਮੇਂ ਇਹ ਪਹਿਲਾਂ ਕਈ ਵਾਰ ਸੋਚਦੇ ਹਨ। ਇਨ੍ਹਾਂ ਦੀਆਂ ਸੰਵੇਦਨਾਵਾਂ ਦੱਬੀਆਂ ਰਹਿੰਦੀਆਂ ਹਨ। ਕੁਲ ਮਿਲਾ ਕੇ ਹਰ ਵਿਅਕਤੀ ਦੀ ਸ਼ਖ਼ਸੀਅਤ ਭਿੰਨ ਹੁੰਦੀ ਹੈ ਤੇ ਇਸ ਦੇ ਅਨੁਸਾਰ ਹੀ ਸਮੱਸਿਆਵਾਂ ਹੋ ਸਕਦੀਆਂ ਹਨ। ਬਹੁਤ ਜ਼ਿਆਦਾ ਤੇਜ਼ ਲੋਕਾਂ ਨੂੰ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਹੁੰਦਾ ਹੈ।



# ਕਿਵੇਂ ਰੱਖੀਏ ਦੰਦਾਂ ਦੀ ਖ਼ੂਬਸੂਰਤੀ ਕਾਇਮ

ਦੰਦਾਂ ਵਿਚ ਕੈਵਿਟੀ ਹੋਵੇ ਤਾਂ ਤੁਰੰਤ ਆਪਣਾ ਬਲੱਡ ਸ਼ੂਗਰ ਚੈੱਕ ਕਰਵਾਉਣ। ਕਰਡੀਓਵੈਸਕੁਲਰ ਰੈਸਪੀਰੇਟਰੀ ਅਤੇ ਸਟਰੋਕ ਨਾਲ ਸੰਬੰਧਿਤ ਸਮੂਹ ਬਿਮਾਰੀਆਂ ਮੂੰਹ ਵਿਚ ਹੋਣ ਵਾਲੇ ਇਨਫੈਕਸ਼ਨ ਕਰਕੇ ਹੁੰਦੀਆਂ ਹਨ। ਜਿਥੋਂ ਤੱਕ ਮੂੰਹ ਦਾ ਸਵਾਲ ਹੈ ਇਸ ਵਿਚੋਂ ਆਉਣ ਵਾਲੀ ਹਵਾ ਸਾਡੇ ਸਰੀਰ ਦੀਆਂ ਬਿਮਾਰੀਆਂ ਦੀ ਹਲਚਲ ਲੈ ਕੇ ਆਉਂਦੀ ਹੈ। ਸ਼ੂਗਰ ਦੇ ਮਰੀਜ਼ਾਂ ਦੀ ਸਾਹ ਮਿੱਠੀ ਹੁੰਦੀ ਹੈ। ਸਾਹ ਦੇ ਮਰੀਜ਼ਾਂ ਦਾ ਸਾਹ ਦੂਰ ਤੋਂ ਹੀ ਦੱਸ ਦਿੰਦਾ ਹੈ। ਮੂੰਹ ਵਿਚੋਂ ਆਉਣ ਵਾਲੀ ਬਦਬੂ ਮਸੂੜ੍ਹਿਆਂ ਦੀਆਂ ਬਿਮਾਰੀਆਂ ਦੀ ਸੂਚਕ ਹੁੰਦੀ ਹੈ। ਦੰਦਾਂ ਦੇ ਆਲੇ-ਦੁਆਲੇ ਜਮਾਂ ਹੋਣ ਵਾਲਾ ਪਲਾਕ ਜੇਕਰ ਨਾ ਹਟਾਇਆ ਜਾਵੇ ਤਾਂ ਮਸੂੜੇ ਅਤੇ ਮਸੂੜ੍ਹਿਆਂ ਦੀ ਹੱਡੀ ਦਾ ਨੁਕਸਾਨ ਹੋ ਜਾਂਦਾ ਹੈ।

ਡਾਕਟਰਾਂ ਅਨੁਸਾਰ ਜੇਕਰ ਅਸੀਂ ਮਨੁੱਖੀ ਸਰੀਰ ਦੀ ਕਾਰਜ ਪ੍ਰਣਾਲੀ ਨੂੰ ਸਮਝ ਕੇ ਉਸ ਦਾ ਪੂਰਾ ਖਿਆਲ ਰੱਖੀਏ ਤਾਂ ਆਪਣੇ ਸਰੀਰ ਦੇ ਅੰਗਾਂ ਦੀ ਭਾਸ਼ਾ ਸਮਝਣ ਦੇ ਵਧੇਰੇ ਸਮਰੱਥ ਹੋ ਸਕਦੇ ਹਾਂ। ਉਦਾਹਰਨ ਦੇ ਤੌਰ 'ਤੇ ਵਾਰ-ਵਾਰ ਪਿਆਸ ਲੱਗਣਾ, ਵਾਰ-ਵਾਰ ਪਿਸ਼ਾਬ ਆਉਣਾ, ਅਕਸਰ ਸ਼ੂਗਰ ਦੀਆਂ ਨਿਸ਼ਾਨੀਆਂ ਹਨ।

ਦਸ ਸਾਲ ਦੇ ਬੱਚੇ ਦੀ ਮਾਂ ਉਸ ਨੂੰ ਦੰਦਾਂ ਦੇ ਡਾਕਟਰ ਕੋਲ ਲੈ ਕੇ ਗਈ। ਪਿਛਲੇ ਕਈ ਦਿਨਾਂ ਤੋਂ ਉਸ ਦੇ ਮਸੂੜ੍ਹਿਆਂ ਵਿਚੋਂ ਬੁਰਸ਼ ਕਰਨ ਵੇਲੇ ਖੂਨ ਨਿਕਲਦਾ ਸੀ। ਮਾਂ ਕਹਿੰਦੀ ਸੀ ਕਿ ਉਹ ਰਾਤ ਨੂੰ ਖਾਣਾ ਖਾਣ ਤੋਂ ਪਿੱਛੋਂ ਬੁਰਸ਼ ਨਹੀਂ ਕਰਦਾ, ਇਸ ਵਿਚ ਉਸ ਦੇ ਦੰਦ ਖਰਾਬ ਹੋ ਰਹੇ ਹਨ। ਡਾਕਟਰ ਨੇ ਦੱਸਿਆ ਕਿ ਇਹ ਕੋਈ ਆਮ ਗੱਲ ਨਹੀਂ ਹੈ। ਜੇਕਰ ਮਸੂੜ੍ਹਿਆਂ ਵਿਚ ਖੂਨ ਨਿਕਲਦਾ ਹੈ ਤਾਂ ਪਹਿਲਾਂ ਖੂਨ ਦੀ ਜਾਂਚ ਕਰਨੀ ਪਵੇਗੀ। ਇਹ ਲਿਉਕੇਮੀਆ ਵੀ ਹੋ ਸਕਦਾ ਹੈ। ਜੋ ਕੈਂਸਰ ਵਿਚ ਵੀ ਤਬਦੀਲ ਹੋ ਸਕਦਾ ਹੈ। ਮਾਹਰ ਡਾਕਟਰਾਂ ਅਨੁਸਾਰ ਜੇਕਰ ਮਸੂੜ੍ਹਿਆਂ ਵਿਚੋਂ ਖੂਨ ਆ ਰਿਹਾ ਹੈ ਤਾਂ ਇਸ ਦਾ ਮਤਲਬ ਹੈ, ਸਾਨੂੰ ਇਲਾਜ ਦੀ ਲੋੜ ਹੈ। ਪਰ ਲੋਕ ਧਿਆਨ ਨਹੀਂ ਦਿੰਦੇ। ਇਸ ਨੂੰ ਅਣਗੌਲਿਆਂ ਕਰਦੇ ਹਨ।

ਮਨੁੱਖੀ ਸਰੀਰ ਦੀ ਇੰਜੀਨੀਅਰਿੰਗ ਵੀ ਅਜੀਬ ਹੈ, ਸਾਡੇ ਸਰੀਰ ਸਾਰੇ ਅੰਗਾਂ ਦੀ ਆਪਣੀ ਜ਼ਬਾਨ ਹੁੰਦੀ ਹੈ। ਅੱਖਾਂ ਦੇ ਹੇਠਾਂ ਕਾਲੇ ਘੇਰੇ ਜੇਕਰ ਖਰਾਬ ਕਿਡਨੀ ਦੀ ਕਹਾਣੀ ਕਹਿੰਦੇ ਹਨ ਤਾਂ ਮਾਹਵਾਰੀ ਦੇ ਦੌਰਾਨ ਵਧੇਰੇ ਖੂਨ ਆਉਣਾ ਵੀ ਟੀ. ਬੀ. ਦੀ ਨਿਸ਼ਾਨੀ ਹੋ ਸਕਦਾ ਹੈ। ਹਰ ਵੇਲੇ ਕਮਰ ਵਿਚ ਹੋਣ ਵਾਲੀ ਦਰਦ ਇਸ ਗੱਲ ਦੀ ਮੰਗ ਕਰਦੀ ਹੈ ਕਿ ਭੋਜਨ ਵਿਚ ਵਿਟਾਮਿਨ 'ਡੀ' ਦੀ ਕਮੀ ਹੈ। ਸਰੀਰ ਦੇ ਅਜਿਹੇ ਸੰਕੇਤਾਂ ਦੀ ਭਾਸ਼ਾ ਅਸੀਂ ਕਿੱਥੇ ਸੁਣਦੇ ਹਾਂ।

ਜੇਕਰ ਸਾਡੇ ਨਹੁੰ ਘੱਟ ਸੁੰਦਰ ਲਗਦੇ ਹਨ ਤਾਂ ਇਨ੍ਹਾਂ 'ਤੇ ਨਹੁੰ ਪਾਲਿਸ਼ ਲਗਾ ਕੇ ਸੁੰਦਰ ਬਣਾ ਲਓ। ਅਸੀਂ ਭੁੱਲ ਜਾਂਦੇ ਹਾਂ ਕਿ ਇਹ ਸਾਡੇ ਸਰੀਰ ਦੇ ਮੈਟਾਬੋਲਿਜ਼ਮ ਵਿਚ ਆਏ ਅਸੰਤੁਲਨ ਕਰਕੇ ਹੈ। ਚਿਹਰੇ 'ਤੇ ਹੋਣ ਵਾਲੇ ਕਿੱਲ-ਮੁਹਾਸਿਆਂ ਦਾ ਕਾਰਨ ਪਾਚਣ ਕਿਰਿਆ ਵਿਚ ਗੜਬੜ ਹੈ। ਪਰ ਅਸੀਂ ਇਨ੍ਹਾਂ ਦਾ ਇਲਾਜ ਸੁੰਦਰਤਾ ਸਾਧਨਾਂ ਨਾਲ ਕਰਨ ਦੀ ਕੋਸ਼ਿਸ਼ ਕਰਦੇ ਹਾਂ।

ਡਾਕਟਰਾਂ ਅਨੁਸਾਰ ਜੇਕਰ ਅਸੀਂ ਮਨੁੱਖੀ ਸਰੀਰ ਦੀ ਕਾਰਜ ਪ੍ਰਣਾਲੀ ਨੂੰ ਸਮਝ ਕੇ ਉਸ ਦਾ ਪੂਰਾ ਖਿਆਲ ਰੱਖੀਏ ਤਾਂ ਆਪਣੇ ਸਰੀਰ ਦੇ ਅੰਗਾਂ ਦੀ ਭਾਸ਼ਾ ਸਮਝਣ ਦੇ ਵਧੇਰੇ ਸਮਰੱਥ ਹੋ ਸਕਦੇ ਹਾਂ। ਉਦਾਹਰਨ ਦੇ ਤੌਰ 'ਤੇ ਵਾਰ-ਵਾਰ ਪਿਆਸ ਲੱਗਣਾ, ਵਾਰ-ਵਾਰ ਪਿਸ਼ਾਬ ਆਉਣਾ, ਅਕਸਰ ਸ਼ੂਗਰ ਦੀਆਂ ਨਿਸ਼ਾਨੀਆਂ ਹਨ। ਇਸ ਦੌਰਾਨ ਸਾਡੇ ਖੂਨ ਵਿਚ ਗੁਲੂਕੋਜ਼ ਦੀ ਮਾਤਰਾ ਵਧ ਜਾਂਦੀ ਹੈ। ਸਾਡਾ ਦਿਮਾਗ ਉਸ ਵੇਲੇ ਇਸ ਨੂੰ ਸਰੀਰ 'ਚੋਂ ਬਾਹਰ ਕਰਨ ਲਈ ਸੰਕੇਤ ਦਿੰਦਾ ਹੈ ਤੇ ਅਸੀਂ ਪਾਣੀ ਪੀਂਦੇ ਹਾਂ ਜਾਂ ਪਿਸ਼ਾਬ ਕਰਦੇ ਹਾਂ। ਵਾਲਾਂ ਦੇ ਝੜਨ ਦਾ ਕਾਰਨ ਅਨੀਮੀਆ ਅਤੇ ਸਰੀਰ ਵਿਚ ਕਾਪਰ ਦੀ ਕਮੀ ਹੁੰਦਾ ਹੈ। ਇਸੇ ਤਰ੍ਹਾਂ ਮੂੰਹ ਵਿਚੋਂ ਆਉਣ ਵਾਲੀ ਬਦਬੂ ਵੀ ਇਕ ਗੰਭੀਰ ਬਿਮਾਰੀ ਹੈ। ਇਸ ਲਈ ਸਾਨੂੰ ਕਿਸੇ ਲਿਵਰ ਮਾਹਰ ਨੂੰ ਮਿਲ ਕੇ ਇਸ 'ਤੇ ਸਮੇਂ ਸਿਰ ਕਾਬੂ ਪਾਉਣਾ ਚਾਹੀਦਾ ਹੈ। ਸਾਡਾ ਮੂੰਹ ਸਾਡੀ ਤੰਦਰੁਸਤੀ ਦਾ ਪ੍ਰਵਕਤਾ ਹੈ। ਬਸ਼ਰਤੇ ਕਿ ਅਸੀਂ ਇਸ ਦੀ ਸੁਣੀਏ। ਸੁੰਦਰ ਬੁੱਲ੍ਹ ਅਤੇ ਮੋਤੀਆਂ ਵਰਗੇ ਦੰਦ ਸਾਡੀ ਚੰਗੀ ਸਿਹਤ ਦੀ ਨਿਸ਼ਾਨੀ ਹਨ। ਮੂੰਹ ਦਾ ਅਕਸਰ, ਮਸੂੜ੍ਹਿਆਂ ਦੀ ਇਨਫੈਕਸ਼ਨ, ਐਚ. ਆਈ. ਵੀ. ਦੇ ਪੂਰਵ ਲੱਛਣ ਹਨ। ਖਰਾਬ ਦੰਦ ਉਸ ਦੀ ਪ੍ਰੋਸਿਸ ਦਾ ਕਾਰਨ ਬਣ ਸਕਦੇ ਹਨ। ਪੇਟ ਵਿਚ ਜਲਣ ਦੇ ਕਾਰਨ ਐਚ ਪਾਇਲੋਰੀ ਬੈਕਟੀਰੀਆ ਹੁੰਦਾ ਹੈ। ਇਹ ਬੈਕਟੀਰੀਆ ਰੋਗਗ੍ਰਸਤ ਮਸੂੜ੍ਹਿਆਂ ਵਿਚ ਆਪਣਾ ਘਰ ਬਣਾਉਂਦਾ ਹੈ। ਦੰਦਾਂ ਵਿਚ ਕੈਵਿਟੀ ਹੋਵੇ ਤਾਂ ਤੁਰੰਤ ਆਪਣਾ ਬਲੱਡ ਸ਼ੂਗਰ ਚੈੱਕ ਕਰਵਾਉਣ। ਕਰਡੀਓਵੈਸਕੁਲਰ ਰੈਸਪੀਰੇਟਰੀ ਅਤੇ ਸਟਰੋਕ ਨਾਲ ਸੰਬੰਧਿਤ ਸਮੂਹ ਬਿਮਾਰੀਆਂ ਮੂੰਹ ਵਿਚ ਹੋਣ ਵਾਲੇ ਇਨਫੈਕਸ਼ਨ ਕਰਕੇ ਹੁੰਦੀਆਂ ਹਨ। ਜਿਥੋਂ ਤੱਕ ਮੂੰਹ ਦਾ ਸਵਾਲ ਹੈ ਇਸ ਵਿਚੋਂ ਆਉਣ ਵਾਲੀ ਹਵਾ ਸਾਡੇ ਸਰੀਰ ਦੀਆਂ ਬਿਮਾਰੀਆਂ ਦੀ ਹਲਚਲ ਲੈ ਕੇ ਆਉਂਦੀ ਹੈ। ਸ਼ੂਗਰ ਦੇ ਮਰੀਜ਼ਾਂ ਦੀ ਸਾਹ ਮਿੱਠੀ ਹੁੰਦੀ ਹੈ। ਸਾਹ ਦੇ ਮਰੀਜ਼ਾਂ ਦਾ ਸਾਹ ਦੂਰ ਤੋਂ ਹੀ ਦੱਸ ਦਿੰਦਾ ਹੈ। ਮੂੰਹ ਵਿਚੋਂ ਆਉਣ ਵਾਲੀ ਬਦਬੂ ਮਸੂੜ੍ਹਿਆਂ ਦੀਆਂ ਬਿਮਾਰੀਆਂ ਦੀ ਸੂਚਕ ਹੁੰਦੀ ਹੈ। ਦੰਦਾਂ ਦੇ ਆਲੇ-ਦੁਆਲੇ ਜਮਾਂ ਹੋਣ ਵਾਲਾ ਪਲਾਕ ਜੇਕਰ ਨਾ ਹਟਾਇਆ ਜਾਵੇ ਤਾਂ ਮਸੂੜੇ ਅਤੇ ਮਸੂੜ੍ਹਿਆਂ ਦੀ ਹੱਡੀ ਦਾ ਨੁਕਸਾਨ ਹੋ ਜਾਂਦਾ ਹੈ। ਮੂੰਹ ਵਿਚੋਂ ਆਉਣ ਵਾਲੀ ਦੁਰਗੰਧ ਦਾ ਵੱਡਾ ਕਾਰਨ ਲੰਬੇ ਸਮੇਂ ਤੱਕ ਕੁਝ ਨਾ ਖਾਣਾ ਵੀ ਹੁੰਦਾ ਹੈ।



ਦੁੱਧ ਦੇ ਦੰਦਾਂ ਵਿਚ ਕੈਵਿਟੀ ਸਮੱਸਿਆ ਆਮ ਦੇਖਣ ਵਿਚ ਆਉਂਦੀ ਹੈ। ਜ਼ਿੰਦਾਦਿਲ ਮੁਸਕਾਨ ਲਈ ਦੰਦਾਂ ਦੀ ਦੇਖ-ਭਾਲ ਅਤਿ ਜ਼ਰੂਰੀ ਹੈ, ਦਿਨ ਵਿਚ ਕਈ ਕੱਪ ਕਾਫ਼ੀ ਜਾਂ ਚਾਹ ਵੀ ਦੰਦਾਂ 'ਤੇ ਬੁਰਾ ਅਸਰ ਪਾਉਂਦੀ ਹੈ। ਦਿਨ ਵਿਚ ਦੋ ਵਾਰ ਬੁਰਸ਼ ਜ਼ਰੂਰ ਕਰਨਾ ਚਾਹੀਦਾ ਹੈ। ਹਰ ਵਾਰ ਖਾਣ ਤੋਂ ਬਾਅਦ ਮੂੰਹ ਦੀ ਚੰਗੀ ਤਰ੍ਹਾਂ ਸਫਾਈ ਕਰੋ।

# ਅਣਗਿਣਤ ਰੋਗਾਂ ਨੂੰ ਜਨਮ ਦਿੰਦਾ ਹੈ ਪ੍ਰਦੂਸ਼ਣ

ਇਕ ਪਾਸੇ ਰਾਜਧਾਨੀ ਦਿੱਲੀ ਹਰ ਦਿਨ ਬੀਤਣ ਤੋਂ ਬਾਅਦ ਵਿਸ਼ਵ ਪੱਧਰੀ ਸ਼ਹਿਰ ਵਿਚ ਤਬਦੀਲ ਹੋ ਰਹੀ ਹੈ। ਦੂਜੇ ਪਾਸੇ ਇਥੋਂ ਦਾ ਵਾਤਾਵਰਨ ਲਗਾਤਾਰ ਸਿਹਤ ਲਈ ਹਾਨੀਕਾਰਕ ਹੁੰਦਾ ਜਾ ਰਿਹਾ ਹੈ। ਦਿੱਲੀ ਦੇ ਵਾਤਾਵਰਨ ਵਿਚ ਹੁਣ ਨਵਾਂ ਸੰਕਟ ਵਧਦੇ ਪਾਰੇ ਦਾ ਹੈ। ਪਾਰਾ ਭਾਵ ਮਰਕਰੀ ਨਾ ਸਿਰਫ ਸਾਨੂੰ ਬਿਮਾਰ ਕਰ ਰਿਹਾ ਹੈ, ਸਗੋਂ ਸਾਡੇ ਸਰੀਰਕ ਤੰਤਰ 'ਤੇ ਵੀ ਮਾੜਾ ਪ੍ਰਭਾਵ ਪਾ ਰਿਹਾ ਹੈ।

ਟਾਕਸਿਕ ਲਿੰਕ ਦੇ ਇਕ ਅਧਿਐਨ ਅਨੁਸਾਰ ਦਿੱਲੀ ਦੇ ਵਾਤਾਵਰਨ ਵਿਚ ਪਾਰੇ ਦੀ ਮਾਤਰਾ ਖ਼ਤਰੇ ਦੇ ਨਿਸ਼ਾਨ ਤੋਂ ਜ਼ਿਆਦਾ ਵਧ ਗਈ ਹੈ। ਦਰਅਸਲ ਸਿਹਤ ਸਬੰਧੀ ਖੇਤਰਾਂ 'ਚ ਵਰਤੋਂ ਵਿਚ ਆਉਣ ਵਾਲੇ ਵੱਖ-ਵੱਖ ਉਪਕਰਣਾਂ ਵਿਚ ਹਰ ਸਾਲ 26 ਟਨ ਤੋਂ ਜ਼ਿਆਦਾ ਪਾਰਾ ਜਾਂ ਮਰਕਰੀ ਦੀ ਵਰਤੋਂ ਹੁੰਦੀ ਹੈ। ਜਿਨ੍ਹਾਂ ਵਿਸ਼ੇਸ਼ ਉਪਕਰਣਾਂ ਤੇ ਵਸਤਾਂ ਵਿਚ ਇਹ ਇਸਤੇਮਾਲ ਹੁੰਦਾ ਹੈ, ਉਨ੍ਹਾਂ ਵਿਚ ਥਰਮਾਮੀਟਰ, ਬੈਟਰੀ, ਸਫਾਈਗਮੋਮੈਨੋਮੀਟਰ, ਟਿਊਬਲਾਈਟ, ਬੈਰੋਮੀਟਰ, ਫਲੋਰੋਸੈਂਟ ਲਾਈਟ ਅਤੇ ਪੇਂਟਸ ਆਦਿ ਹਨ।




ਸਵਾਲ ਹੈ ਦਿੱਲੀ ਦੇ ਵਾਤਾਵਰਨ ਵਿਚ ਇਹ ਜ਼ਹਿਰੀਲਾ ਪਦਾਰਥ ਕਿੱਥੋਂ ਅਤੇ ਕਿਉਂ ਆ ਰਿਹਾ ਹੈ? ਦਰਅਸਲ ਸਾਡੀ ਆਧੁਨਿਕ ਜੀਵਨਸ਼ੈਲੀ ਵਿਚ ਇਸਤੇਮਾਲ ਹੋਣ ਵਾਲੇ ਸਾਰੇ ਉਪਕਰਣ ਅਜਿਹੇ ਹਨ ਜਿਨ੍ਹਾਂ ਵਿਚ ਪਾਰੇ ਦੀ ਵਰਤੋਂ ਹੁੰਦੀ ਹੈ। ਭਾਵੇਂ ਫਿਰ ਰੋਜ਼ਾਨਾ ਦੇ ਸਾਰੇ ਇਲੈਕਟ੍ਰਾਨਿਕਸ ਉਪਕਰਣਾਂ ਵਿਚ ਇਸਤੇਮਾਲ ਹੋਣ ਵਾਲੀ ਬੈਟਰੀ ਹੋਵੇ ਜਾਂ ਸੋਨੇ ਦੇ ਸਾਰੀਆਂ ਚੀਜ਼ਾਂ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਕੰਪਿਊਟਰ ਅਤੇ ਦੂਸਰੀਆਂ ਇਲੈਕਟ੍ਰਾਨਿਕ ਚੀਜ਼ਾਂ ਵਿਚ ਸੋਨੇ ਅਤੇ ਚਾਂਦੀ ਦੀ ਬਹੁਤ ਵਰਤੋਂ ਹੋ ਰਹੀ ਹੈ। ਇਨ੍ਹਾਂ ਧਾਤੂਆਂ ਵਿਚ ਵੀ ਪਾਰਾ ਮੌਜੂਦ ਹੁੰਦਾ ਹੈ। ਇਸ ਤੋਂ ਇਲਾਵਾ ਸੀਮੈਂਟ ਦੀਆਂ ਚੀਜ਼ਾਂ ਅਤੇ ਵੱਖ-ਵੱਖ ਕਿਸਮ ਦੇ ਮੈਡੀਕਲ ਡਿਸਪੋਜ਼ਲ ਵੀ ਹਵਾ ਵਿਚ ਪਾਰੇ ਦੀ ਮੌਜੂਦਗੀ ਦਾ ਇਕ ਵੱਡਾ ਕਾਰਨ ਹਨ।

ਸਿਹਤ ਲਈ ਖ਼ਤਰਾ ਬਣ ਚੁੱਕੇ ਪਾਰੇ ਦੀ ਹਵਾ ਵਿਚ ਇਸ ਪੱਧਰ ਤੱਕ ਮੌਜੂਦਗੀ ਦਾ ਇਕ ਵੱਡਾ ਕਾਰਨ ਸਰਕਾਰ ਦਾ ਇਸ ਸਬੰਧ ਵਿਚ ਢਿੱਲਾ ਰਵੱਈਆ ਵੀ ਹੈ। ਸਰਕਾਰ ਨਾ ਤਾਂ ਇਸ ਸਬੰਧ ਵਿਚ ਆਪਣੇ ਨਿਯਮਾਂ ਨੂੰ ਸਖ਼ਤ ਬਣਾ ਰਹੀ ਹੈ ਅਤੇ ਨਾ ਹੀ ਇਨ੍ਹਾਂ ਦੇ ਪਾਲਣ ਨੂੰ ਸੁਨਿਸ਼ਚਿਤ ਕਰਵਾ ਰਹੀ ਹੈ, ਜਿਸ ਕਾਰਨ ਹਸਪਤਾਲਾਂ, ਫਿਰ ਭਾਵੇਂ ਉਹ ਸਰਕਾਰੀ ਹੋਣ ਜਾਂ ਪ੍ਰਾਈਵੇਟ। ਉਨ੍ਹਾਂ ਸਾਰਿਆਂ ਵਿਚ ਇਸ ਦੇ ਸਟੋਰੇਜ਼ ਨੂੰ ਲੈ ਕੇ ਲਾਪਰਵਾਹੀ ਦਾ ਆਲਮ ਬਣਿਆ ਰਹਿੰਦਾ ਹੈ। ਸਿੱਟੇ ਵਜੋਂ ਥਰਮਾਮੀਟਰ ਟੁੱਟ ਜਾਂਦੇ ਹਨ ਅਤੇ ਪਾਰਾ ਹਵਾ ਵਿਚ ਫੈਲ ਜਾਂਦਾ ਹੈ। ਜਦੋਂ ਪਾਰਾ ਹਵਾ ਵਿਚ ਪਹੁੰਚਦਾ ਹੈ ਤਾਂ ਇਹ ਮਿਥਾਇਲ ਪਾਰਾ ਬਣ ਜਾਂਦਾ ਹੈ ਜੋ ਸਾਧਾਰਨ ਪਾਰੇ ਤੋਂ ਵੀ ਜ਼ਿਆਦਾ ਖ਼ਤਰਨਾਕ ਹੁੰਦਾ ਹੈ।

ਆਮ ਤੌਰ 'ਤੇ ਪਾਰੇ ਦੇ ਭੰਡਾਰਨ ਲਈ ਰਾਜਧਾਨੀ ਦਿੱਲੀ ਅਤੇ ਦੇਸ਼ ਦੇ ਦੂਸਰੇ ਸ਼ਹਿਰਾਂ ਵਿਚ ਜੋ ਪ੍ਰੰਪਰਿਕ ਤਰੀਕਾ ਇਸਤੇਮਾਲ ਹੁੰਦਾ ਹੈ, ਉਸ ਮੁਤਾਬਿਕ ਗੱਤੇ ਅਤੇ ਪਲਾਸਟਿਕ ਦੇ ਡੱਬਿਆਂ ਵਿਚ ਇਸ ਨੂੰ ਸਟੋਰ ਕੀਤਾ ਜਾਂਦਾ ਹੈ। ਕਈ ਹਸਪਤਾਲਾਂ ਵਿਚ ਪਾਰੇ ਨੂੰ ਜ਼ਿਆਦਾ ਮਾਤਰਾ ਵਿਚ ਸਟੋਰ ਕਰਨ ਲਈ ਕੱਚ ਦੀਆਂ ਬੋਤਲਾਂ ਦੀ ਵਰਤੋਂ ਹੁੰਦੀ ਹੈ। ਇਸ ਕਾਰਨ ਵੀ ਇਹ ਤੇਜ਼ੀ ਨਾਲ ਹਵਾ ਵਿਚ ਸ਼ਾਮਿਲ ਹੋ ਰਿਹਾ ਹੈ। ਪਾਰਾ ਸਾਡੇ ਸਿਹਤ ਲਈ ਕਈ ਤਰ੍ਹਾ ਨਾਲ ਖ਼ਤਰਨਾਕ ਹੈ। ਆਮ ਆਦਮੀ ਨਾਲ ਇਕ ਸਮੱਸਿਆ ਇਹ ਵੀ ਹੈ ਕਿ ਉਹ ਜੀਵਨਸ਼ੈਲੀ ਵਿਚ ਸਾਰੇ ਉਪਕਰਣਾਂ ਅਤੇ ਪਦਾਰਥਾਂ ਦੀ ਵਰਤੋਂ ਕਰਨਾ ਚਾਹੁੰਦਾ ਹੈ ਪਰ ਉਹ ਇਸ ਦੀ ਵਰਤੋਂ ਦੇ ਤਰੀਕਿਆਂ ਸਬੰਧੀ ਆਧੁਨਿਕ ਰਵੱਈਆ ਨਹੀਂ ਅਪਣਾਉਂਦਾ, ਜਿਸ ਕਾਰਨ ਜੀਵਨਸ਼ੈਲੀ ਭਾਵੇਂ ਆਧੁਨਿਕ ਹੋ ਜਾਏ ਪਰ ਸੋਚ ਉਹੀ ਪੁਰਾਣੀ ਹੀ ਰਹਿੰਦੀ ਹੈ। ਇਹ ਸਿਹਤ 'ਤੇ ਗੰਭੀਰ ਖ਼ਤਰੇ ਦੀ ਸਥਿਤੀਆਂ ਬਣ ਜਾਂਦੀਆਂ ਹਨ। ਕਿਉਂਕਿ ਆਮ ਆਦਮੀ ਰਾਤੋ-ਰਾਤ ਵਿਗਿਆਨਕ ਨਜ਼ਰੀਏ ਵਾਲਾ ਨਹੀਂ ਹੋ ਸਕਦਾ ਇਸ ਲਈ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਆਮ ਲੋਕਾਂ ਦੀ ਸਿਹਤ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਕਾਰਵਾਈਆਂ 'ਤੇ ਨਿਗਾਹ ਰੱਖੇ ਅਤੇ ਉਨ੍ਹਾਂ ਨੂੰ ਰੋਕਣ ਲਈ ਸਖ਼ਤੀ ਦੀ ਵਰਤੋਂ ਕਰੇ। ਜੇ ਦਿੱਲੀ ਅਤੇ ਉਸੇ ਅਨੁਪਾਤ ਵਿਚ ਬੰਗਲੌਰ ਅਤੇ ਹੈਦਰਾਬਾਦ ਦੇ ਵਾਤਾਵਰਨ ਵਿਚ ਹਾਲ ਹੀ ਦੇ ਸਾਲਾਂ ਵਿਚ ਵਧ ਰਹੇ ਪਾਰੇ ਦੀ ਮਾਤਰਾ ਨੂੰ ਗੰਭੀਰ ਨਾ ਸਮਝਿਆ ਗਿਆ ਤਾਂ ਆਉਣ ਵਾਲੇ ਸਮੇਂ ਵਿਚ ਥਰਮਾਮੀਟਰ ਦਾ ਪਾਰਾ ਸਾਡੇ ਬੁਖਾਰ ਨਹੀਂ ਦੱਸੇਗਾ, ਸਗੋਂ ਸਾਡੇ ਬੁਖਾਰ ਦਾ ਕਾਰਨ ਬਣੇਗਾ।

# ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਮਾਨ ਦੀ ਦੂਰਦਰਸ਼ੀ ਅਗਵਾਈ ਹੇਠ 'ਆਪ' ਸਰਕਾਰ ਉਦਯੋਗ ਦੇ ਮੁੱਦਿਆਂ ਨੂੰ ਹੱਲ ਕਰਨ ਲਈ ਵਚਨਬੱਧ ਹੈ : ਸੰਸਦ ਮੈਂਬਰ ਸੰਜੀਵ ਅਰੋੜਾ

## ਸਾਡੀ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਬਾਅਦ ਜ਼ਿਆਦਾਤਰ ਉਦਯੋਗ ਦੇ ਮੁੱਦਿਆਂ ਨੂੰ ਹੱਲ ਕੀਤਾ ਹੈ, ਪੀਐਸਆਈਈਸੀ ਓਟੀਐਸ ਸਕੀਮ ਇੱਕ ਹੋਰ ਇਤਿਹਾਸਕ ਕਦਮ ਹੈ: ਅਰੋੜਾ

**ਚੰਡੀਗੜ੍ਹ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਸੰਜੀਵ ਅਰੋੜਾ ਨੇ ਅੱਜ ਕੈਬਨਿਟ ਮੀਟਿੰਗ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕਰਕੇ ਸੂਬੇ ਵਿੱਚ ਉਦਯੋਗਿਕ ਖੇਤਰ ਦੇ ਮੁੱਖ ਮਸਲਿਆਂ 'ਤੇ ਚਰਚਾ ਕੀਤੀ। ਮੀਟਿੰਗ ਦੌਰਾਨ ਸੰਸਦ ਮੈਂਬਰ ਅਰੋੜਾ ਨੇ ਪ੍ਰਮੁੱਖ ਉਦਯੋਗ ਸੰਗਠਨਾਂ ਦੁਆਰਾ ਉਜਾਗਰ ਕੀਤੀਆਂ ਚੁਣੌਤੀਆਂ ਤੋਂ ਜਾਣੂ ਕਰਵਾਇਆ ਅਤੇ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਲਈ ਸਰਕਾਰ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ।

ਨਵੀਂ ਓਟੀਐਸ ਸਕੀਮ ਦੇ ਐਲਾਨ ਤੋਂ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਸੰਸਦ ਮੈਂਬਰ ਸੰਜੀਵ ਅਰੋੜਾ ਨੇ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ ਅਤੇ ਉਦਯੋਗ ਮੰਤਰੀ ਦਾ ਉਦਯੋਗਿਕ ਮਸਲਿਆਂ ਨੂੰ ਸਰਗਰਮੀ ਨਾਲ ਹੱਲ ਕਰਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ।

ਐਮਪੀ ਅਰੋੜਾ ਨੇ ਕਿਹਾ ਮੈਂ ਸਾਡੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਜੀ, ਸਾਡੇ ਮੁੱਖ ਮੰਤਰੀ ਭਗਵੰਤ ਮਾਨ ਜੀ ਅਤੇ ਉਦਯੋਗ ਮੰਤਰੀ ਦਾ ਉਦਯੋਗ ਲਈ ਪ੍ਰਗਤੀਸ਼ੀਲ ਯੋਜਨਾਵਾਂ, ਖਾਸ ਕਰਕੇ ਪੀਐਸਆਈਈਸੀ ਵਿੱਚ ਲੰਬਿਤ ਮਾਮਲਿਆਂ ਲਈ ਓਟੀਐਸ ਸਕੀਮ ਪੇਸ਼ ਕਰਨ ਲਈ ਉਨ੍ਹਾਂ ਦਾ ਧੰਨਵਾਦੀ ਹਾਂ। ਮੈਂ ਉਦਯੋਗਿਕ ਖੇਤਰ ਦੁਆਰਾ ਉਠਾਏ ਗਏ ਕੁਝ ਮਹੱਤਵਪੂਰਨ ਮੁੱਦਿਆਂ ਬਾਰੇ ਉਨ੍ਹਾਂ ਨਾਲ ਸੰਪਰਕ ਕੀਤਾ, ਅਤੇ ਉਹ ਤੁਰੰਤ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਲਈ ਸਹਿਮਤ ਹੋ ਗਏ।



ਉਨ੍ਹਾਂ ਸਾਂਝਾ ਕੀਤਾ ਕਿ ਉਨ੍ਹਾਂ ਨੇ ਪੰਜਾਬ ਦੀਆਂ ਤਿੰਨ ਪ੍ਰਮੁੱਖ ਉਦਯੋਗ ਸੰਗਠਨਾਂ ਨਾਲ ਗੱਲਬਾਤ ਕਰਕੇ ਜ਼ਰੂਰੀ ਮੁੱਦਿਆਂ ਦੀ ਸੂਚੀ ਤਿਆਰ ਕੀਤੀ ਹੈ। ਐਸੋਸੀਏਸ਼ਨਾਂ ਨੇ ਮੈਨੂੰ ਦੱਸਿਆ ਕਿ 'ਆਪ' ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਦੇ ਜ਼ਿਆਦਾਤਰ ਮੁੱਦੇ ਪਹਿਲਾਂ ਹੀ ਹੱਲ ਹੋ ਚੁੱਕੇ ਹਨ। ਹਾਲਾਂਕਿ, ਉਨ੍ਹਾਂ ਨੇ ਸਰਬਸੰਮਤੀ ਨਾਲ ਇੱਕ ਮੁੱਖ ਮੰਗ ਉਠਾਈ ਜਿਸ ਵਿੱਚ ਵਧੀਆਂ ਜ਼ਮੀਨੀ ਕੀਮਤਾਂ ਅਤੇ ਬਕਾਇਆ ਭੁਗਤਾਨਾਂ ਨਾਲ ਸਬੰਧਤ ਵਿਵਾਦਾਂ ਦੇ ਲੰਬਿਤ ਮਾਮਲਿਆਂ ਲਈ ਇੱਕ-ਵਾਰੀ ਨਿਪਟਾਰਾ (ਓ.ਟੀ.ਐਸ) ਯੋਜਨਾ ਨੂੰ ਲਾਗੂ ਕਰਨਾ ਸ਼ਾਮਿਲ ਹੈ।

ਓ.ਟੀ.ਐਸ ਯੋਜਨਾ ਦੀ ਮਹੱਤਤਾ ਬਾਰੇ ਦੱਸਦੇ ਹੋਏ, ਐਮਪੀ ਅਰੋੜਾ ਨੇ ਕਿਹਾ, ਉਦਯੋਗਾਂ ਨੂੰ ਆਪਣੇ ਬਕਾਏ ਦੇ ਭੁਗਤਾਨ ਲਈ ਬੈਂਕਾਂ ਤੋਂ ਕਰਜ਼ੇ ਅਤੇ ਪ੍ਰਵਾਨਗੀਆਂ ਪ੍ਰਾਪਤ ਕਰਨ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ, ਅਤੇ ਅਕਸਰ ਦੂਜੇ ਵਿਭਾਗਾਂ ਦੁਆਰਾ ਪਰੇਸ਼ਾਨ ਕੀਤਾ ਜਾਂਦਾ ਸੀ। ਸਾਡੀ ਸਰਕਾਰ ਨੇ ਸਿਰਫ਼ 8% ਦੀ ਫਲੈਟ ਵਿਆਜ ਦਰ 'ਤੇ ਓ.ਟੀ.ਐਸ ਯੋਜਨਾ ਲਾਗੂ ਕਰਕੇ ਇੱਕ ਇਤਿਹਾਸਕ ਕਦਮ ਚੁੱਕਿਆ ਹੈ, ਜਿਸ ਨਾਲ ਉਦਯੋਗ ਨੂੰ ਬਹੁਤ ਲਾਭ ਹੋਵੇਗਾ।

ਸਕੀਮ ਦੁਆਰਾ ਪ੍ਰਦਾਨ ਕੀਤੀ ਗਈ ਵਿੱਤੀ ਰਾਹਤ ਨੂੰ ਉਜਾਗਰ ਕਰਦੇ ਹੋਏ, ਐਮਪੀ ਅਰੋੜਾ ਨੇ ਕਿਹਾ, ਉਦਯੋਗ ਪ੍ਰਤੀਨਿਧੀਆਂ ਨੇ ਗਣਨਾ ਕੀਤੀ ਹੈ ਕਿ ਉਹ ਇਸ ਪਹਿਲਕਦਮੀ ਕਾਰਨ ਪ੍ਰਤੀ ਵਰਗ ਗਜ਼ ?2,160 ਦੀ ਬਚਤ ਕਰਨਗੇ। ਇਹ ਲਾਭ ਸਿੱਧੇ ਤੌਰ 'ਤੇ ਉਨ੍ਹਾਂ ਦੀ ਵਿੱਤੀ ਸਥਿਤੀ ਨੂੰ ਮਜ਼ਬੂਤ ਕਰੇਗਾ ਅਤੇ ਉਨ੍ਹਾਂ ਦੀਆਂ ਬੈਲੇਂਸ ਸ਼ੀਟਾਂ ਵਿੱਚ ਸੁਧਾਰ ਕਰੇਗਾ।

ਐਮਪੀ ਅਰੋੜਾ ਨੇ ਸਿੰਗਲ ਵਿੰਡੋ ਸਿਸਟਮ ਤਹਿਤ ਦੋ ਸਮਰਪਿਤ ਕਾਊਂਟਰ ਸਥਾਪਤ ਕਰਨ ਦੀ ਵੀ ਸ਼ਲਾਘਾ ਕੀਤੀ। ਇਨ੍ਹਾਂ ਕਾਊਂਟਰਾਂ 'ਤੇ ਉਦਯੋਗਪਤੀਆਂ ਨੂੰ ਬਿਨਾਂ ਕਿਸੇ ਦੇਰੀ ਦੇ ਭੁਗਤਾਨ ਕਰਨ ਅਤੇ ਐਨਓਸੀ ਪ੍ਰਾਪਤ ਕਰਨ ਦੀ ਸਹੂਲਤ ਮਿਲੇਗੀ।

ਇਹ ਪਹਿਲ ਨੌਕਰਸ਼ਾਹੀ ਰੁਕਾਵਟਾਂ ਨੂੰ ਖਤਮ ਕਰੇਗੀ ਅਤੇ ਉਦਯੋਗਪਤੀਆਂ ਲਈ ਪ੍ਰਕਿਰਿਆ ਨੂੰ ਸਰਲ ਬਣਾਏਗੀ।÷ ਅਰੋੜਾ ਨੇ ਕਿਹਾ ÷ਮੈਂ ਉਦਯੋਗਪਤੀਆਂ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਸਾਡੀ ਸਰਕਾਰ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਅਤੇ ਸਮੇਂ ਸਿਰ ਹੱਲ ਪ੍ਰਦਾਨ ਕਰਨ ਲਈ ਵਚਨਬੱਧ ਹੈ।

ਸੰਸਦ ਮੈਂਬਰ ਸੰਜੀਵ ਅਰੋੜਾ ਨੇ ਉਦਯੋਗਪਤੀਆਂ ਨੂੰ ਆਪਣੀਆਂ ਚਿੰਤਾਵਾਂ ਲਈ ਅੱਗੇ ਆਉਣ ਦੀ ਅਪੀਲ ਕੀਤੀ ਅਤੇ ਉਨ੍ਹਾਂ ਨੂੰ ਸਰਕਾਰ ਵੱਲੋਂ ਅਟੁੱਟ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਮੈਂ ਸਾਰੇ ਉਦਯੋਗਪਤੀਆਂ ਨੂੰ ਭਰੋਸਾ ਦਿਵਾਉਣਾ ਚਾਹਾਂਗਾ ਕਿ ਉਹ ਬਿਨਾਂ ਕਿਸੇ ਝਿਜਕ ਦੇ ਆਪਣੇ ਮੁੱਦਿਆਂ ਨੂੰ ਲੈ ਕੇ ਸਾਡੇ ਨਾਲ ਸੰਪਰਕ ਕਰ ਸਕਦੇ ਹਨ। ਅਸੀਂ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਅਤੇ ਪਾਰਦਰਸ਼ੀ ਢੰਗ ਨਾਲ ਹੱਲ ਕਰਨ ਲਈ ਇੱਥੇ ਹਾਂ।

# ਟਰੈਫਿਕ ਨਿਯਮਾਂ ਦੀਆਂ ਸ਼ਹਿਰ ਦੇ ਅੰਦਰ ਸ਼ਰੇਆਮ ਉਡਾਈਆਂ ਜਾਂਦੀਆਂ ਨੇ ਧੱਜੀਆਂ

**ਗਿੱਦੜਬਾਹਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੇ ਅੰਦਰ ਬੱਸ ਸਟੈਂਡ ਦੇ ਅੱਗੇ ਇਹ ਜੋ ਇਲੈਕਟਰੋਨਿਕ ਆਟੋ ਵਾਲੇ ਜਿਨਾਂ ਦੇ ਨਾ ਤਾ ਕੋਈ ਨੰਬਰ ਪਲੇਟਾਂ ਹੈ ਨਾ ਕੋਈ ਆਰਸੀ ਹੈ ਜਿਵੇਂ ਜੀ ਕਰਦਾ ਉਵੇਂ ਆਟੋ ਚਲਾਉਂਦੇ ਹਨ ਇਨ੍ਹਾਂ ਨੂੰ ਕਿਸੇ ਦਾ ਕੋਈ ਡਰ ਤੱਕ ਨਹੀਂ ਕੋਈ ਪੁਲਿਸ ਪ੍ਰਸ਼ਾਸਨ ਦਾ ਡਰ ਨਹੀਂ ਕਿਉਂਕਿ ਇਨ੍ਹਾਂ ਦਾ ਕਿਹੜਾ ਚਲਾਨ ਹੋਣਾ ਇਹ ਤਾਂ ਮਰਜ਼ੀ ਨਾਲ ਸਵਾਰੀਆਂ ਚੜਾਉਂਦੇ ਐ ਤੇ ਮਰਜੀ ਨਾਲ ਹੀ ਲਾਉਂਦੇ ਐ ਚਾਹੇ ਰਾਸਤੇ ਚ ਤੁਰੇ ਜਾਂਦੇ ਬਰੇਕਾਂ ਮਾਰ ਦੇਣ ਪਿੱਛੋਂ ਭਾਵੇਂ ਕੋਈ ਚੀਜ਼ ਆ ਕੇ ਟਕਰਾ ਜੇ ਇਨ੍ਹਾਂ ਨੂੰ ਕੋਈ ਕਿਸੇ ਨਾਲ ਕੋਈ ਮਤਲਬ ਨਹੀਂ ਕੋਈ ਮਰੇ ਤੇ ਕੋਈ ਬਚੇ ਉਹ ਤਾਂ ਪਿੱਛੇ ਆਉਣ ਵਾਲੇ ਵਹੀਕਲ ਵਾਲੇ ਨੂੰ ਹੀ ਪਤਾ ਹੁੰਦਾ ਹੈ ਵੀ ਕਿਵੇਂ ਬਚਣਾ ਹੈ ਇਨ੍ਹਾਂ ਨੇ ਤਾਂ ਆਪਣੀ ਮਰਜ਼ੀ ਨਾਲ ਹੀ ਆਪਣੇ ਆਟੋ ਚਲਾਉਣੇ ਹਨ ਕੋਈ ਮਰੇ ਤੇ ਕੋਈ ਬਚੇ ਇਨ੍ਹਾਂ ਦੇ ਕੋਈ ਨੰਬਰ ਪਲੇਟਾਂ ਨਹੀਂ ਕੋਈ ਆਰਸੀ ਨਹੀਂ ਇਨ੍ਹਾਂ ਨੂੰ ਕਿਹਨੇ ਫੜਨਾ ਜਿਹਦੇ ਜੀ ਕਰਦਾ ਸੈਡ ਮਾਰ ਜਾਂਦੇ ਹ ਜਿਹਦੇ ਜੀ ਕਰਦਾ ਟੱਕਰ ਮਾਰ ਦਿੰਦੇ ਹ ਇਨ੍ਹਾਂ ਦੇ ਕਾਰਨ ਹੀ ਕਈ ਲੋਕ ਸੜਕ ਹਾਦਸਿਆਂ ਦਾ ਸ਼ਿਕਾਰ ਹੋ ਚੁੱਕੇ ਹਨ ਪਰ ਇਹ ਲੋਕ ਮਨ ਮਰਜ਼ੀ ਨਾਲ ਆਪਣੇ ਆਟੋ ਚਲਾਉਂਦੇ ਹਨ।

ਪੁਲਿਸ ਪ੍ਰਸ਼ਾਸਨ ਖਾਸ ਕਰ ਟਰੈਫਿਕ ਪੁਲਿਸ ਮੁਲਾਜ਼ਮ ਜਿਨਾਂ ਨੂੰ ਕੋਈ ਪਰਵਾਹ ਨਹੀਂ ਇਨ੍ਹਾਂ ਨੂੰ ਤਾਂ ਸਿਰਫ ਚਲਾਨ ਕੱਟਣ ਤੱਕ ਮਤਬਲ ਹੈ ਦੂਸਰੇ ਵਹੀਕਲਾਂ ਦੇ ਚਲਾਨ ਕੱਟਣੇ ਹੋਣ ਤੇ ਨਾਕਾਬੰਦੀ ਕਰਕੇ ਖੜ ਜਾਣਗੇ ਸੜਕ ਦੇ ਵਿਚਕਾਰ ਇਨ੍ਹਾਂ ਨੇ ਤਾਂ ਪੈਨਸ਼ਲ ਹੀ ਘੁਮਾਉਣੀ ਹੈ ਜਿੰਨਾ ਮਰਜ਼ੀ ਜੁਰਮਾਨਾ ਕਰਵਾ ਦੇਣ ਜੋ ਮਰਜ਼ੀ ਲਿਖ ਦੇਣ ਇਨ੍ਹਾਂ ਦੇ ਅੱਗੇ ਕਿਸੇ ਦਾ ਕੀ ਜ਼ੋਰ ਚੱਲਣਾ ਕਿਉਂਕਿ ਇਨ੍ਹਾਂ ਨੇ ਤਾਂ ਚਲਾਣ ਵਾਲੀਆਂ ਬੁੱਕਾਂ ਹੀ ਭਰਨੀਆਂ ਹੁੰਦੀਆਂ ਹਨ ਇਨ੍ਹਾਂ ਨੂੰ ਕੋਈ ਮਤਬਲ ਨਹੀਂ ਕਿਸੇ ਨਾਲ ਕਿਸੇ ਦੇ ਵਹੀਕਲ ਟਕਰਾਉਣ ਤੇ ਕਿਸੇ ਨੂੰ ਸੱਟਾਂ ਵੱਜਣ ਪੁਲਿਸ ਪ੍ਰਸ਼ਾਸਨ ਨੂੰ ਤਾਂ ਸਿਰਫ ਚਲਾਨ ਕੱਟਣ ਤੱਕ ਮਤਬਲ ਹੈ ਅਜਿਹੇ ਹਾਲਾਤ ਨੇ ਸਾਡੇ ਟਰੈਫਿਕ ਇੰਚਾਰਜ ਸਾਹਿਬ ਦੇ ਕਿਉਂਕਿ ਇਨ੍ਹਾਂ ਨੂੰ ਤਾਂ ਸਿਰਫ ਚਲਾਨ ਕੱਟਣ ਤੱਕ ਹੀ ਮਤਬਲ ਹੈ ਹੋਰ ਕੋਈ ਮਤਬਲ ਨਹੀਂ ਇਨ੍ਹਾਂ ਨੂੰ ਕੋਈ ਜਿੱਥੇ ਮਰਜ਼ੀ ਖੜੇ ਆਟੋ ਇਲੈਕਟਰੋਨਿਕ ਵਾਲਾ ਚਾਹੇ ਸੜਕ ਦੇ ਵਿਚਕਾਰ ਖੜੇ ਤੇ ਚਾਹੇ ਸੈਡਾ ਮਾਰੇ ਤੇ ਚਾਹੇ ਜਾਂਦੀ ਸੜਕ ਦੇ ਵਿਚਕਾਰ ਕੱਟ ਮਾਰ ਕੇ ਅਗਲੇ ਨੂੰ ਥੱਲੇ ਸਿੱਟ ਦੇਵੇ ਅਜਿਹੇ ਹਾਲਾਤ ਨੇ ਇਲੈਕਟਰੋਨਿਕ ਆਟੋ ਵਾਲਿਆਂ ਦੇ ਇਨ੍ਹਾਂ ਲਈ ਕੋਈ ਕਾਨੂੰਨੀ ਨਹੀਂ ਜੇ ਇਨ੍ਹਾਂ ਨੂੰ ਕਵੇ ਤੇ ਅੱਗੋਂ ਰੋਬ ਮਾਰਦੇ ਐ ਸਾਡਾ ਕੀ ਕੋਈ ਕਰ ਲੂਗਾ ਇਹ ਹਾਲਾਤ ਨੇ ਇਲੈਕਟਰੋਨਿਕ ਆਟੋ ਵਾਲਿਆਂ ਦੇ ਇਨ੍ਹਾਂ ਨੇ ਤਾਂ ਸਾਰੇ ਸ਼ਹਿਰ ਦੀਆਂ ਸੜਕਾਂ ਹੀ ਮੁੱਲ ਲਈਆਂ ਹੋਈਆਂ ਹਨ ਮਰਜ਼ੀ ਦੇ ਮਾਲਕ ਹਨ ਭਾਈ ਜਿੱਥੇ ਜੀ ਕਰਦਾ ਖੜਾ ਲੈਂਦੇ ਐ ਚਾਹੇ ਸੜਕ ਦੇ ਵਿਚਕਾਰ ਹੋਵੇ ਇਨ੍ਹਾਂ ਨੂੰ ਕੋਈ ਟਰੈਫਿਕ ਨਿਯਮਾਂ ਦੀ ਪਰਵਾਹ ਨਹੀਂ ਤੇ ਦੂਜੇ ਪਾਸੇ ਟਰੈਫਿਕ ਪੁਲਿਸ ਨੂੰ ਕੋਈ ਪਰਵਾਹ ਨਹੀਂ ਇਹ ਤਾਂ ਦੂਸਰੇ ਵਹੀਕਲਾਂ ਵਾਲਿਆਂ ਨੂੰ ਫੜ ਕੇ ਚਲਾਨ ਕੱਟਣ ਵਾਲੇ ਹਨ ਟਰੈਫਿਕ ਪੁਲਿਸ ਵਾਲੇ ਮੁਲਾਜ਼ਮ ਅਜਿਹੇ ਹਾਲਾਤ ਨੇ ਗਿੱਦੜਬਾਹਾ ਸ਼ਹਿਰ ਦੀ ਟਰੈਫਿਕ ਪੁਲਿਸ ਦੇ ਜੇ ਗੱਲ ਕਰੀਏ ਹੁਣ ਬੱਸ ਸਟੈਂਡ ਤੋਂ ਲੈ ਕੇ ਘੰਟਾ ਘਰ ਰੋਡ ਤੱਕ ਟਰੈਫਿਕ ਇਨਾ ਜਾਮ ਹੁੰਦਾ ਹੈ ਕਿਸੇ ਸਮੇਂ ਵੀ ਕੋਈ ਭਿਆਨਕ ਹਾਦਸਾ ਵੀ ਵਾਪਰ ਸਕਦਾ ਹੈ ਕਿਉਂਕਿ ਲੋਕ ਪਿੰਡਾਂ ਵਾਲੇ ਆਉਂਦੇ ਹਨ ਸਮਾਨ ਦੀ ਸ਼ੋਪਿੰਗ ਕਰਨ ਉਸ ਸਮੇਂ ਆਪਣੀਆਂ ਕਾਰਾਂ ਗੱਡੀਆਂ ਆਦਿ ਨੂੰ ਸੜਕ ਦੇ ਵਿਚਕਾਰ ਹੀ ਖੜੇ ਕਰਕੇ ਚਲੇ ਜਾਂਦੇ ਹਨ ਜਿਸ ਕਰਕੇ ਇੱਥੇ ਟ੍ਰੈਫਿਕ ਹਰ ਸਮੇਂ ਹੀ ਜਾਮ ਰਹਿੰਦਾ ਹੈ ਤੇ ਦੂਸਰੇ ਪਾਸੇ ਇਹ ਜੋ ਇਲੈਕਟਰੋਨਿਕ ਆਟੋ ਵਾਲੇ ਨੇ ਇਨ੍ਹਾ ਦਾ ਤਾਂ ਪਤਾ ਹੀ ਨਹੀਂ ਕਦੋਂ ਸੜਕ ਦੇ ਵਿਚਕਾਰ ਖੜਾ ਲੈਣ ਕਦੋਂ ਬੱਸ ਸਟੈਂਡ ਦੇ ਅੱਗੇ ਲਾ ਲੈਣ ਸ਼ਰੇਆਮ ਟ੍ਰੈਫਿਕ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਹਨ ਜਿਸ ਨੂੰ ਲੈ ਕੇ ਸ਼ਹਿਰ ਦੇ ਅੰਦਰ ਟ੍ਰੈਫਿਕ ਹਰ ਸਮੇਂ ਹੀ ਜਾਮ ਰਹਿੰਦਾ ਹੈ ਪਰ ਟ੍ਰੈਫਿਕ ਪੁਲਿਸ ਮੁਲਾਜ਼ਮ ਸਿਰਫ ਫਾਰਮੈਲਟੀ ਕਰਦੇ ਹਨ ਇਸ ਲਈ ਹੁਣ ਪੁਲਿਸ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਜਾ ਰਹੀ ਹੈ ਕੀ ਇੱਥੇ ਕੋਈ ਵਧੀਆ ਟਰੈਫਿਕ ਪੁਲਿਸ ਇੰਚਾਰਜ ਲਗਾਇਆ ਜਾਵੇ ਤਾਂ ਕਿ ਜੋ ਟਰੈਫਿਕ ਦੀ ਸਹੀ ਤਰੀਕੇ ਨਾਲ ਨਿਗਰਾਨੀ ਕੀਤੀ ਜਾ ਸਕੇ ਕਿਉਂਕਿ ਇਥੋਂ ਦੇ ਟ੍ਰੈਫਿਕ ਇੰਚਾਰਜ ਸਾਹਿਬ ਦੇ ਅਜਿਹੇ ਹਾਲਾਤ ਹਨ ਟ੍ਰੈਫਿਕ ਪੁਲਿਸ ਦੇ ਅਜਿਹੇ ਹਾਲਾਤ ਹਨ ਤਾਂ ਕਰਕੇ ਹੀ ਸ਼ਹਿਰ ਦੇ ਅੰਦਰ ਹਰ ਸਮੇਂ ਟ੍ਰੈਫਿਕ ਜਾਮ ਹੀ ਰਹਿੰਦਾ ਹੈ ਕਿਸੇ ਸਮੇਂ ਵੀ ਕੋਈ ਭਿਆਨਕ ਹਾਦਸਾ ਵੀ ਵਾਪਰ ਸਕਦਾ ਹੈ ਇਸ ਲਈ ਪੰਜਾਬ ਪੁਲਿਸ ਦੇ ਉੱਚ ਅਫਸਰਾਂ ਤੋਂ ਮੰਗ ਹੈ ਕਿ ਇਸ ਵੱਲ ਧਿਆਨ ਦਿੱਤਾ ਜਾਵੇ।

# ਹੌਲਾ ਮਹੱਲਾ ਦੌਰਾਨ ਦੇਸ਼ ਵਿਦੇਸ਼ ਤੋ ਆ ਰਹੇ ਸ਼ਰਧਾਲੂਆਂ ਦੀ ਸਹੂਲਤ ਲਈ ਪ੍ਰਸਾਸ਼ਨ ਕਰ ਰਿਹਾ ਹੈ ਪੁਖਤਾ ਪ੍ਰਬੰਧ : ਹਰਜੋਤ ਬੈਂਸ

**ਸ੍ਰੀ ਆਨੰਦਪੁਰ ਸਾਹਿਬ, 6 ਮਾਰਚ**
**-ਸਚਿਨ ਸੋਨੀ/ਰਾਜੂ ਧੀਮਾਨ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖ ਕੌਮ ਦੀ ਚੜ੍ਹਦੀਕਲਾਂ ਅਤੇ ਪੰਜਾਬ ਦੇ ਸ਼ਾਨਾਮੱਤੇ ਇਤਿਹਾਸ ਦਾ ਪ੍ਰਤੀਕ ਰਾਸ਼ਟਰੀ ਤਿਉਹਾਰ ਹੋਲਾ ਮਹੱਲਾ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾ ਰਿਹਾ ਹੈ। ਕੀਰਤਪੁਰ ਸਾਹਿਬ ਵਿਚ 10 ਤੋ 12 ਮਾਰਚ ਅਤੇ ਸ੍ਰੀ ਅਨੰਦਪੁਰ ਸਾਹਿਬ ਵਿੱਚ 13 ਤੋ 16 ਮਾਰਚ ਤੱਕ ਮਨਾਏ ਜਾ ਰਹੇ ਇਸ ਤਿਉਹਾਰ ਮੌਕੇ ਦੇਸ਼ ਵਿਦੇਸ਼ ਤੋ ਪਹੁੰਚ ਰਹੀਆਂ ਸੰਗਤਾਂ ਦੀ ਸਹੂਲਤ ਲਈ ਪ੍ਰਸ਼ਾਸਨ ਵੱਲੋਂ ਪੁਖਤਾ ਪ੍ਰਬੰਧ ਕੀਤੇ ਜਾ ਰਹੇ ਹਨ।

ਇਹ ਜਾਣਕਾਰੀ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਭਾਸ਼ਾ ਅਤੇ ਉਚੇਰੀ ਸਿੱਖਿਆ, ਸਕੂਲ ਸਿੱਖਿਆ ਵਿਭਾਗ ਪੰਜਾਬ ਨੇ ਹੋਲਾ ਮਹੱਲਾਂ ਲਈ ਕੀਤੇ ਜਾ ਰਹੇ ਪ੍ਰਬੰਧਾਂ ਸਬੰਧੀ ਜਾਣਕਾਰੀ ਲੈਣ ਉਪਰੰਤ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਤੇ ਐਸ.ਐਸ.ਪੀ ਗੁਲਨੀਤ ਸਿੰਘ ਖੁਰਾਨਾਂ ਦੀ ਅਗਵਾਈ ਵਿੱਚ ਹੋਲਾ ਮਹੱਲਾ ਪ੍ਰਬੰਧਾਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਸਾਰੇ ਵਿਭਾਗਾਂ ਨੂੰ ਸ਼ਰਧਾਲੂਆਂ ਦੀ ਸਹੂਲਤ ਲਈ ਸਮੇਂ ਸਿਰ ਢੁਕਵੇ ਪ੍ਰਬੰਧ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਨੇ ਦੱਸਿਆ ਕਿ ਇਸ ਵਾਰ ਮੇਲਾ ਖੇਤਰ ਨੂੰ ਨੋ ਡਾਰਕ ਜੋਨ ਐਲਾਨਿਆ ਗਿਆ ਹੈ ਹਰ ਇਲਾਕੇ ਨੂੰ ਰੁਸ਼ਨਾਇਆ ਜਾ ਰਿਹਾ ਹੈ। ਪਵਿੱਤਰ ਗੁਰੂ ਨਗਰੀ ਵਿੱਚ ਸਾਰੇ ਸਵਾਗਤੀ ਗੇਟ ਸਿੰਗਾਰੇ ਜਾ ਰਹੇ ਹਨ, ਸ਼ਹਿਰ ਨੂੰ ਐਲ.ਈ.ਡੀ ਲਾਈਟਾਂ ਨਾਲ ਲਿਸ਼ਕਾਇਆ ਗਿਆ ਹੈ।

ਸ.ਬੈਂਸ ਨੇ ਹੋਰ ਦੱਸਿਆ ਕਿ 22 ਪਾਰਕਿੰਗ ਵਾਲੀਆਂ ਥਾਵਾਂ ਤਿਆਰ ਕੀਤੀਆ ਗਈਆਂ ਹਨ, ਜਿੱਥੋ ਸ਼ਟਲ ਬੱਸ ਸਰਵਿਸ ਤੇ ਈ ਰਿਕਸ਼ਾ ਮੁਫਤ ਗੁਰਧਾਮਾਂ ਦੇ ਦਰਸ਼ਨਾ ਲਈ ਸੰਗਤਾਂ ਨੂੰ ਲੈ ਕੇ ਜਾਵੇਗੀ। ਪਾਰਕਿੰਗ ਸਥਾਨਾ ਤੇ ਰੋਸ਼ਨੀ, ਪੀਣ ਵਾਲਾ ਪਾਣੀ, ਪਖਾਨੇ ਦੀ ਸੁਚਾਰੂ ਵਿਵਸਥਾ ਹੋਵੇਗੀ। ਉਨ੍ਹਾਂ ਨੇ ਦੱਸਿਆ ਕਿ ਕੀਰਤਪੁਰ ਸਾਹਿਬ ਨੂੰ ਦੋ ਸੈਕਟਰਾਂ ਵਿਚ ਅਤੇ ਸ੍ਰੀ ਅਨੰਦਪੁਰ ਸਾਹਿਬ ਨੂੰ 11 ਸੈਕਟਰਾਂ ਵਿਚ ਵੰਡਿਆ ਗਿਆ ਹੈ। ਮੇਨ ਕੰਟਰੋਲ ਰੂਮ ਤੋ ਇਲਾਵਾ ਹਰ ਸੈਕਟਰ ਵਿਚ ਸਬ ਕੰਟਰੋਲ ਰੂਮ ਹੋਣਗੇ, ਜਿੱਥੇ ਅਧਿਕਾਰੀ ਤੈਨਾਂਤ ਹੋਣਗੇ। ਸਿਹਤ ਸਹੂਲਤਾਂ ਲਈ ਸਾਰੇ ਸੈਕਟਰਾਂ ਵਿਚ ਡਿਸਪੈਂਸਰੀਆਂ, ਨਿਹੰਗ ਸਿੰਘ ਦੇ ਘੋੜਿਆ ਲਈ ਪਸ਼ੂ ਡਿਸਪੈਂਸਰੀਆਂ, ਸੈਕੜੇ ਸਾਫ ਪੀਣ ਵਾਲੇ ਪਾਣੀ ਦੇ ਬੈਟਰੀ ਟੈਪ, ਆਰਜੀ ਪਖਾਨੇ ਲਗਾਏ ਜਾ ਰਹੇ ਹਨ। ਇਸ ਵਾਰ ਹੋਲਾ ਮਹੱਲਾ ਪ੍ਰਦੂਸ਼ਣ ਮੁਕਤ ਹਰਿਆਵਲ ਭਰਿਆ ਤੇ ਪਲਾਸਟਿਕ ਮੁਕਤ ਰੱਖਣ ਲਈ ਸ਼ਰਧਾਲੂਆਂ ਨੂੰ ਅਪੀਲ ਕੀਤੀ ਹੈ। ਦੁਕਾਨਦਾਰਾਂ, ਵਪਾਰਕ ਅਦਾਰਿਆ ਨੂੰ ਵੱਖਰੇ ਤੌਰ ਤੇ ਅਪੀਲ ਕੀਤੀ ਹੈ ਕਿ ਉਹ ਸੜਕਾਂ ਦੇ ਉਤੇ ਆਰਜ਼ੀ ਨਜਾਇਜ ਕਬਜੇ ਕਰਕੇ ਟ੍ਰੈਫਿਕ ਵਿਚ ਅੜਿੱਕੇ ਨਾ ਪਾਉਣ। ਉਨ੍ਹਾਂ ਨੇ ਦੱਸਿਆ ਕਿ ਖਾਣ ਪੀਣ ਦੀਆਂ ਵਸਤੂਆਂ ਦੇ ਮਿਆਰ ਚੈਕ ਕਰਨ ਲਈ ਟੀਮਾ ਗਠਿਤ ਕੀਤੀਆ ਗਈਆਂ ਹਨ। ਭਿਖਾਰੀਆਂ ਦੇ ਮੇਲਾ ਖੇਤਰ ਵਿਚ ਦਾਖਲੇ ਤੇ ਪਾਬੰਦੀ ਲਗਾਈ ਗਈ ਹੈ। ਨਸ਼ਿਆ ਅਤੇ ਸ਼ਰਾਬ ਦੀ ਮੇਲਾ ਖੇਤਰ ਵਿਚ ਵਿਕਰੀ ਤੇ ਰੋਕ ਲਗਾਈ ਗਈ ਹੈ। ਇਸ ਵਾਰ ਹੋਲਾ ਮਹੱਲਾ ਮੌਕੇ ਵਿਰਾਸਤ ਏ ਖਾਲਸਾ ਲਗਾਤਾਰ ਬਿਨਾ ਕਿਸੇ ਛੁੱਟੀ ਤੋ ਸਾਰਾ ਦਿਨ ਖੋਲਿਆ ਜਾਵੇਗਾ, ਉਨ੍ਹਾਂ ਨੇ ਦੱਸਿਆ ਕਿ ਵਿਰਾਸਤ ਏ ਖਾਲਸਾ ਵਿਚ ਐਡਵੈਂਚਰ ਸਪੋਰਟਸ (ਹੋਟ ਏਅਰ ਵੈਲੂਨ) ਅਤੇ ਵੋਟਿੰਗ ਲਈ ਕਿਸ਼ਤੀਆਂ ਦਾ ਪ੍ਰਬੰਧ ਹੋਵੇਗਾ। ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿਚ ਕਰਾਫਟ ਮੇਲਾ ਲਗਾ ਕੇ ਪੰਜਾਬ ਦੀ ਪ੍ਰਗਤੀ ਤੇ ਖੁਸ਼ਹਾਲੀ ਨੂੰ ਦਰਸਾਇਆ ਜਾਵੇਗਾ। ਉਨ੍ਹਾਂ ਨੇ ਦੱਸਿਆ ਕਿ ਮੇਲਾ ਖੇਤਰ ਵਿੱਚ ਵਿਸੇਸ਼ ਸਫਾਈ ਮੁਹਿੰਮ ਅਰੰਭ ਕਰ ਦਿੱਤੀ ਗਈ ਹੈ, ਪਲਾਸਟਿਕ ਤੇ ਡਿਸਪੋਜਲ ਨੂੰ ਇਕੱਠਾ ਕਰਨ ਤੇ ਕੂੜਾ ਪ੍ਰਬੰਧਨ ਲਈ ਵਿਸੇਸ਼ ਯਤਨ ਕੀਤੇ ਜਾ ਰਹੇ ਹਨ। ਇਸ ਤੋ ਇਲਾਵਾ ਦੁੱਧ ਪਿਲਾਉਣ ਵਾਲੀਆਂ ਮਾਵਾਂ ਲਈ ਬੇਬੀ ਫੀਡਿੰਗ ਸੈਂਟਰ ਬਣਾਏ ਗਏ ਹਨ। ਸ.ਬੈਂਸ ਨੇ ਹੋਰ ਦੱਸਿਆ ਕਿ ਐਮਬੂਲੈਂਸ, ਫਾਇਰ ਬ੍ਰਿਗੇਡ ਦਾ ਵਿਸੇਸ ਪ੍ਰਬੰਧ ਕੀਤਾ ਗਿਆ ਹੈ।



ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਦੱਸਿਆ ਕਿ ਸ਼ਰਧਾਲੂਆਂ ਦੀ ਸਹੂਲਤ ਲਈ ਵਿਸੇਸ ਸੁਰੱਖਿਆ ਪ੍ਰਬੰਧ ਕੀਤੇ ਜਾ ਰਹੇ ਹਨ। 4500 ਪੁਲਿਸ ਅਧਿਕਾਰੀ ਤੇ ਕਰਮਚਾਰੀ ਹੋਲਾ ਮਹੱਲਾ ਦੌਰਾਨ ਡਿਊਟੀ ਤੇ ਤੈਨਾਤ ਹੋਣਗੇ। ਸੀਸੀਟੀਵੀ ਕੈਮਰੇ ਤੇ ਉੱਚੇ ਮਚਾਣ ਤੋ ਸਮੁੱਚੇ ਮੇਲ ਖੇਤਰ ਤੇ ਨਜ਼ਰ ਰੱਖੀ ਜਾਵੇਗੀ। ਗੈਰ ਸਮਾਜੀ ਅਨਸਰਾਂ, ਨਸ਼ਿਆ ਦੇ ਵਿਕਰੇਤਾ, ਹੁੱਲੜਬਾਜ ਤੇ ਕਾਨੂੰਨ ਦੀ ਉਲੰਘਣਾਂ ਕਰਨ ਵਾਲਿਆ ਨੂੰ ਅਗਾਓ ਸਖਤ ਚੇਤਾਵਨੀ ਜਾਰੀ ਕਰ ਦਿੱਤੀ ਹੈ। ਸੁਚਾਰੂ ਟ੍ਰੈਫਿਕ ਮੈਨੇਜਮੈਂਟ ਦੇ ਪ੍ਰਬੰਧ ਕੀਤੇ ਗਏ ਹਨ। ਮੇਲਾ ਖੇਤਰ ਦੇ ਆਲੇ ਦੁਆਲੇ ਦੇ ਇਲਾਕਿਆਂ ਤੋ ਆਉਣ ਜਾਣ ਵਾਲੇ ਵਾਹਨਾਂ ਲਈ ਰੂਟ ਡਾਇਵਰਜਨ ਕਰ ਦਿੱਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਸਾਡੇ ਦੇਸ਼ ਦੇ ਵਿੱਚ ਮਨਾਏ ਜਾਣ ਵਾਲੇ ਤਿਉਹਾਰਾਂ ਵਿਚੋ ਹੋਲਾ ਮਹੱਲਾ ਇੱਕ ਪ੍ਰਮੁੱਖ ਤਿਉਹਾਰ ਹੈ। ਸੰਸਾਰ ਭਰ ਤੋ ਸੰਗਤਾਂ ਲੱਖਾਂ ਦੀ ਗਿਣਤੀ ਵਿਚ ਇੱਥੇ ਪੁੱਜਦੀਆਂ ਹਨ, ਸ਼ਰਧਾਲੂਆਂ ਦੀ ਸੁਰੱਖਿਆਂ, ਸਹੂਲਤਾਂ ਸਾਡੀ ਜਿੰਮੇਵਾਰੀ ਹੈ, ਇਸ ਲਈ ਸ਼ਿਕਾਇਤ, ਸਹੂਲਤ, ਸੁਰੱਖਿਆ ਵਾਸਤੇ ਹੈਲਪ ਲਾਈਨ ਬਣਾਇਆ ਗਈਆਂ ਹਨ। ਲੋਸਟ ਐਂਡ ਫਾਊਡ ਤੇ ਹੈਲਪ ਡੈਸਕ ਸਥਾਪਿਤ ਕੀਤੇ ਜਾ ਰਹੇ ਹਨ।

ਉਨ੍ਹਾਂ ਨੇ ਦੱਸਿਆ ਕਿ ਮੇਲਾ ਖੇਤਰ ਵਿਚ 6 ਐਲਈਡੀ ਸਕਰੀਨ ਤੋ ਮੇਲ ਖੇਤਰ ਬਾਰੇ ਸ਼ਰਧਾਲੂਆਂ ਨੂੰ ਹਰ ਜਾਣਕਾਰੀ ਦਿੱਤੀ ਜਾਵੇਗੀ। ਮੋਬਾਇਲ ਟਾਵਰ ਲਗਾ ਕੇ ਮਜਬੂਤ ਨੈਟਵਰਕ ਦਿੱਤਾ ਜਾਵੇਗਾ। ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਉਹ ਹੋਲਾ ਮਹੱਲਾ ਮੌਕੇ ਸ੍ਰੀ ਅਨੰਦਪੁਰ ਸਾਹਿਬ ਆਉਣ ਤੇ ਗੁਰੂ ਘਰਾਂ ਦੇ ਦਰਸ਼ਨ ਕਰਨ।

# ਫ਼ੌਜ ਅਤੇ ਪੁਲਿਸ ਦੀ ਭਰਤੀ ਦੀ ਤਿਆਰੀ ਲਈ ਕੈਂਪ ਸ਼ੁਰੂ

**ਬਰਨਾਲਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਨੌਜਵਾਨਾਂ ਦਾ ਸਿਖਲਾਈ ਤੇ ਰੋਜ਼ਗਾਰ ਕੇਂਦਰ ਸੀ - ਪਾਈਟ ਕੈਂਪ ਨਾਭਾ ਵੱਲੋਂ ਅਗਨੀਵੀਰ (ਫੌਜ) ਤੇ ਪੰਜਾਬ ਪੁਲਿਸ ਵਿੱਚ ਭਰਤੀ ਹੋਣ ਦੇ ਚਾਹਵਾਨ ਬੇਰੁਜ਼ਗਾਰ ਨੌਜਵਾਨਾਂ ਲਈ ਲਿਖਤੀ ਪ੍ਰੀਖਿਆ ਦੀ ਤਿਆਰੀ ਸ਼ੁਰ ਕਰ ਦਿੱਤੀ ਗਈ ਹੈ।ਆਨਲਾਇਨ ਅਤੇ ਕੰਪਿਊਟਰ ਬੇਸਡ ਪੇਪਰ ਦੀ ਤਿਆਰੀ ਤਜ਼ੁਰਬੇਕਾਰ ਸਟਾਫ ਦੁਆਰਾ ਕਰਵਾਈ ਜਾ ਰਹੀ ਹੈ।

ਇਸ ਸੰਬਧੀ ਟ੍ਰੇਨਿੰਗ ਅਫ਼ਸਰ ਯਾਦਵਿੰਦਰ ਸਿੰਘ ਨੇ ਦੱਸਿਆ ਕਿ ਕੈਂਪ ਦੌਰਾਨ ਪੇਪਰ ਦੀ ਤਿਆਰੀ, ਰਹਿਣਾ-ਖਾਣਾ ਸਭ ਪੰਜਾਬ ਸਰਕਾਰ ਵੱਲੋਂ ਮੁਫ਼ਤ ਹੈ, ਇਸ ਟ੍ਰੇਨਿੰਗ ਵਿੱਚ ਸੰਗਰੂਰ, ਬਰਨਾਲਾ, ਪਟਿਆਲਾ ਅਤੇ ਮਾਲੇਰਕੋਟਲਾ ਜ਼ਿਲ੍ਹਿਆਂ ਦੇ ਯੋਗ ਉਮੀਦਵਾਰ ਜਲਦੀ ਤੋਂ ਜਲਦੀ ਕੈਂਪ ਵਿੱਚ ਦਾਖਲਾ ਲੈਣ, ਕਿਓਂਕਿ ਸੀਟਾਂ ਸੀਮਤ ਹਨ। ਵਧੇਰੇ ਜਾਣਕਾਰੀ ਲਈ ਕੈਂਪ ਵਿੱਚ ਆਕੇ ਜਾਂ ਮੋਬਾਈਲ ਨੰਬਰ 9478205428 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਉਨ੍ਹਾਂ ਦੱਸਿਆ ਕਿ ਜੇਸੀਬੀ ਅਪਰੇਟਰ ਕੋਰਸ ਅਤੇ ਸਕਿਉਰਟੀ ਗਾਰਡ ਟ੍ਰੇਨਿੰਗ ਵੀ ਸਮੇਂ ਸਮੇਂ 'ਤੇ ਚਲਾਈ ਜਾਂਦੀ ਹੈ। ਕੈਂਪ ਦੀਆਂ ਸੋਸ਼ਲ ਮੀਡੀਆ ਸਾਈਟਾਂ 'ਤੇ ਜਾ ਕੇ ਵੀ ਵਧੇਰੇ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ।

# ਮੈਂ ਮਾਇਆਵਤੀ ਦਾ ਕੇਡਰ ਹਾਂ, ਉਨ੍ਹਾਂ ਦਾ ਹਰ ਫ਼ੈਸਲਾ ਸਿਰ-ਮੱਥੇ: ਆਕਾਸ਼ ਆਨੰਦ

**ਲਖਨਊ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸਾਰੇ ਅਹੁਦਿਆਂ ਤੋਂ ਹਟਾਏ ਜਾਣ ਤੋਂ ਇੱਕ ਦਿਨ ਬਾਅਦ, ਪਾਰਟੀ ਦੇ ਸਾਬਕਾ ਕੌਮੀ ਕੋਆਰਡੀਨੇਟਰ ਆਕਾਸ਼ ਆਨੰਦ ਨੇ ਸੋਮਵਾਰ ਨੂੰ ਕਿਹਾ ਕਿ ਉਹ ਪਾਰਟੀ ਮੁਖੀ ਮਾਇਆਵਤੀ ਦੇ ਹਰ ਫੈਸਲੇ ਦਾ ਸਤਿਕਾਰ ਕਰਦੇ ਹਨ ਅਤੇ ਉਨ੍ਹਾਂ ਦੇ ਫ਼ੈਸਲਿਆਂ ਨੂੰ 'ਪੱਥਰ ਉਤੇ ਲਕੀਰ ਮੰਨਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਪਾਰਟੀ ਮੁਖੀ ਵੱਲੋਂ ਉਨ੍ਹਾਂ ਨੂੰ ਪਾਰਟੀ ਦੇ ਕੌਮੀ ਕਨਵੀਨਰ ਦੇ ਅਹੁਦੇ ਤੋਂ ਹਟਾਏ ਜਾਣ ਅਤੇ ਨਾਲ ਹੀ ਆਪਣਾ ਜਾਨਸ਼ੀਨ ਕਰਾਰ ਦੇਣ ਦਾ ਐਲਾਨ ਵਾਪਸੇ ਲਏ ਜਾਣ ਵਰਗੇ ਫੈਸਲਿਆਂ ਦਾ ਉਨ੍ਹਾਂ 'ਤੇ ਭਾਵਨਾਤਮਕ ਪ੍ਰਭਾਵ ਪਿਆ ਹੈ, ਪਰ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਇਸ ਨੂੰ ਇੱਕ ਚੁਣੌਤੀ ਵਜੋਂ ਲਿਆ ਹੈ ਅਤੇ ਉਨ੍ਹਾਂ ਦੇ ਸਾਹਮਣੇ ਇੱਕ ਲੰਬੀ ਲੜਾਈ ਹੈ। ਗੌਰਤਲਬ ਹੈ ਕਿ ਮਾਇਆਵਤੀ ਨੇ ਐਤਵਾਰ ਨੂੰ ਆਨੰਦ, ਜੋ ਕਿ ਉਨ੍ਹਾਂ ਦਾ ਭਤੀਜਾ ਹੈ, ਨੂੰ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਹਟਾ ਦਿੱਤਾ ਅਤੇ ਉਨ੍ਹਾਂ ਦੀ ਥਾਂ ਆਕਾਸ਼ ਦੇ ਪਿਤਾ ਆਨੰਦ ਕੁਮਾਰ ਅਤੇ ਰਾਜ ਸਭਾ ਮੈਂਬਰ ਰਾਮਜੀ ਗੌਤਮ ਨੂੰ ਕੌਮੀ ਕੋਆਰਡੀਨੇਟਰ ਨਿਯੁਕਤ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਉਹ ਆਪਣੇ ਜੀਵਨ ਕਾਲ ਵਿੱਚ ਕਿਸੇ ਨੂੰ ਆਪਣਾ ਉੱਤਰ ਅਧਿਕਾਰੀ ਨਹੀਂ ਐਲਾਨਣਗੇ।



ਆਨੰਦ ਨੇ ਸੋਮਵਾਰ ਨੂੰ ਸੋਸ਼ਲ ਮੀਡੀਆ ਪਲੈਟਫਾਰਮ ਐਕਸ (✓) ਉਤੇ ਹਿੰਦੀ ਵਿੱਚ ਪਾਈ ਇਕ ਪੋਸਟ ਵਿੱਚ ਕਿਹਾ, ਮੈਂ ਮਾਇਆਵਤੀ ਜੀ ਦਾ ਇੱਕ ਕੇਡਰ ਹਾਂ ਅਤੇ ਉਨ੍ਹਾਂ ਦੀ ਅਗਵਾਈ ਵਿੱਚ ਮੈਂ ਕੁਰਬਾਨੀ, ਵਫ਼ਾਦਾਰੀ ਅਤੇ ਸਮਰਪਣ ਦੇ ਅਭੁੱਲ ਸਬਕ ਸਿੱਖੇ ਹਨ। ਇਹ ਸਭ ਮੇਰੇ ਲਈ ਸਿਰਫ਼ ਇੱਕ ਵਿਚਾਰ ਨਹੀਂ ਹਨ, ਸਗੋਂ ਮੇਰੀ ਜ਼ਿੰਦਗੀ ਦਾ ਉਦੇਸ਼ ਹਨ। ਉਨ੍ਹਾਂ ਕਿਹਾ, ਭੈਣ ਜੀ (ਮਾਇਆਵਤੀ) ਦਾ ਹਰ ਫੈਸਲਾ ਮੇਰੇ ਲਈ ਪੱਥਰ 'ਤੇ ਲਕੀਰ ਵਰਗਾ ਹੈ। ਮੈਂ ਉਨ੍ਹਾਂ ਵੱਲੋਂ ਲਏ ਗਏ ਹਰ ਫੈਸਲੇ ਦਾ ਸਤਿਕਾਰ ਕਰਦਾ ਹਾਂ ਅਤੇ ਉਨ੍ਹਾਂ ਨਾਲ ਖੜ੍ਹਾ ਹਾਂ। ਉਨ੍ਹਾਂ ਕਿਹਾ ਇਸ ਫੈਸਲੇ ਨੇ ਮੈਨੂੰ ਭਾਵੁਕ ਕਰ ਦਿੱਤਾ, ਪਰ ਇਹ ਹੁਣ ਇੱਕ ਵੱਡੀ ਚੁਣੌਤੀ ਹੈ, ਪ੍ਰੀਖਿਆ ਔਖੀ ਹੈ ਅਤੇ ਅੱਗੇ ਇੱਕ ਲੰਬੀ ਲੜਾਈ ਹੈ। ਸਿਆਸੀ ਵਿਰੋਧੀਆਂ 'ਤੇ ਨਿਸ਼ਾਨਾ ਸੇਧਦੇ ਹੋਏ ਉਨ੍ਹਾਂ ਕਿਹਾ, ਵਿਰੋਧੀ ਪਾਰਟੀਆਂ ਦੇ ਕੁਝ ਲੋਕ ਸੋਚ ਰਹੇ ਹਨ ਕਿ ਮੇਰਾ ਸਿਆਸੀ ਕਰੀਅਰ ਖਤਮ ਹੋ ਗਿਆ ਹੈ ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਕਿ ਬਹੁਜਨ ਅੰਦੋਲਨ ਕੋਈ ਕਰੀਅਰ ਨਹੀਂ ਹੈ, ਸਗੋਂ ਕਰੋੜਾਂ ਦਲਿਤਾਂ, ਸ਼ੋਸ਼ਿਤਾਂ, ਵਾਂਝੇ ਅਤੇ ਗਰੀਬ ਲੋਕਾਂ ਦੇ ਸਵੈ-ਮਾਣ ਅਤੇ ਸਵੈ-ਮਾਣ ਲਈ ਲੜਾਈ ਹੈ।

# 40.85 ਲੱਖ ਦੀ ਸਰਕਾਰੀ ਗ੍ਰਾਂਟ ਦੀ ਦੁਰਵਰਤੋਂ ਕਰਨ ਵਾਲੇ ਨਿੱਜੀ ਫਰਮ ਦਾ ਮਾਲਕ ਨੂੰ ਵਿਜੀਲੈਂਸ ਵੱਲੋਂ ਗ੍ਰਿਫ਼ਤਾਰ

**ਚੰਡੀਗੜ੍ਹ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਅਮਲੋਹ ਐਂਟਰਪ੍ਰਾਈਜ਼ਿਜ਼ ਦੇ ਮਾਲਕ ਅਤੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਅਮਲੋਹ ਦੇ ਰਹਿਣ ਵਾਲੇ ਇੱਕ ਭਗੌੜੇ ਦੋਸ਼ੀ ਸਤਵਿੰਦਰ ਨੂੰ ਸਰਕਾਰੀ ਗ੍ਰਾਂਟਾਂ ਵਿੱਚ 40,85,175 ਰੁਪਏ ਦੀ ਹੇਰਾ-ਫੇਰੀ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਸਤਵਿੰਦਰ ਅਮਲੋਹ ਬਲਾਕ ਅਤੇ ਵੱਖ-ਵੱਖ ਗ੍ਰਾਮ ਪੰਚਾਇਤਾਂ ਲਈ ਅਲਾਟ ਹੋਏ ਫੰਡਾਂ ਦੀ ਦੁਰਵਰਤੋਂ ਨਾਲ ਸਬੰਧਤ ਇੱਕ ਮਾਮਲੇ ਵਿੱਚ ਲੋੜੀਂਦਾ ਸੀ, ਜਿਸ ਵਿੱਚ ਫਤਿਹਗੜ੍ਹ ਸਾਹਿਬ ਦੇ ਤਤਕਾਲੀ ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀ ਕੁਲਵਿੰਦਰ ਸਿੰਘ ਰੰਧਾਵਾ ਦੀ ਮਿਲੀਭੁਗਤ ਵੀ ਸ਼ਾਮਲ ਸੀ।

ਇਹ ਖੁਲਾਸਾ ਕਰਦਿਆਂ ਅੱਜ ਇੱਥੇ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਸ ਕੇਸ ਵਿੱਚ 9 ਅ ਗਸਤ, 2024 ਨੂੰ ਵਿਜੀਲੈਂਸ ਬਿਊਰੋ ਪੁਲਿਸ ਥਾਣਾ, ਪਟਿਆਲਾ ਰੇਂਜ ਵਿਖੇ ਆਈਪੀਸੀ ਦੀ ਧਾਰਾ 409 ਅਤੇ 120-ਬੀ ਦੇ ਨਾਲ-ਨਾਲ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਦੀ ਧਾਰਾ 13(1) ਦੇ ਨਾਲ-ਨਾਲ ਧਾਰਾ 13(2) ਦੇ ਤਹਿਤ ਐਫਆਈਆਰ ਨੰਬਰ 37 ਦਰਜ ਕੀਤੀ ਗਈ ਸੀ। ਇਸ ਕੇਸ ਵਿੱਚ ਕੁਲਵਿੰਦਰ ਸਿੰਘ ਰੰਧਾਵਾ, ਜੋ ਹੁਣ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਧਿਕਾਰੀ (ਡੀਡੀਪੀਓ) ਹੈ, ਸਮੇਤ ਪੰਜ ਮੁਲਜ਼ਮ ਸ਼ਾਮਲ ਹਨ, ਜਿਨ੍ਹਾਂ 'ਤੇ ਸਰਕਾਰੀ ਫੰਡਾਂ ਦੀ ਦੁਰਵਰਤੋਂ ਕਰਕੇ ਗੈਰ-ਕਾਨੂੰਨੀ ਢੰਗ ਨਾਲ ਨਿੱਜੀ ਫਰਮਾਂ ਅਤੇ ਵਿਅਕਤੀਆਂ ਨੂੰ ਇਨ੍ਹਾਂ ਫੰਡਾਂ ਦੇ ਲਾਭ ਦੇਣ ਦਾ ਦੋਸ਼ ਹੈ।



ਬੁਲਾਰੇ ਨੇ ਅੱਗੇ ਦੱਸਿਆ ਕਿ ਦੋ ਮੁਲਜ਼ਮਾਂ, ਕੁਲਵਿੰਦਰ ਸਿੰਘ ਰੰਧਾਵਾ ਅਤੇ ਹੰਸਪਾਲ ਨਾਮ ਦੇ ਇੱਕ ਨਿੱਜੀ ਵਿਅਕਤੀ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਵਿਜੀਲੈਂਸ ਬਿਊਰੋ ਵੱਲੋਂ ਜਾਂਚ ਜਾਰੀ ਹੈ ਅਤੇ ਬਾਕੀ ਮੁਲਜ਼ਮਾਂ ਦੀ ਸਰਗਰਮੀ ਨਾਲ ਭਾਲ ਕੀਤੀ ਜਾ ਰਹੀ ਹੈ।

# ਸਰਕਾਰ ਨੇ ਕਲੋਨਾਈਜ਼ਰਾਂ ਦੀਆਂ ਮਨਮਾਨੀਆਂ ਨੂੰ ਠੱਲ੍ਹ ਪਾਉਣ ਲਈ ਸਰਕਾਰ ਹੋਈ ਸਖਤ

**ਬਰਨਾਲਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬਰਨਾਲਾ ਦੇ ਵਿਚ ਕੁਝ ਸਾਲਾਂ ਦੌਰਾਨ ਅਮਰਵੇਲ ਵਾਂਗ ਹੋਂਦ 'ਚ ਆਈਆਂ ਰਿਹਾਇਸ਼ੀ ਅਤੇ ਵਪਾਰਕ ਕਲੋਨੀਆਂ ਦੇ ਮਾਲਕਾਂ ਵੱਲੋਂ ਸਰਕਾਰੀ ਨਿਯਮਾਂ ਨੂੰ ਛਿੱਕੇ ਟੰਗਦੇ ਹੋਏ ਮਨਮਾਨੀਆਂ ਕੀਤੀਆਂ ਜਾ ਰਹੀਆਂ ਹਨ। ਸਰਕਾਰ ਨੇ ਕਲੋਨਾਈਜ਼ਰਾਂ ਦੀਆਂ ਮਨਮਾਨੀਆਂ ਨੂੰ ਠੱਲ੍ਹ ਪਾਉਣ ਲਈ ਸਖ਼ਤੀ ਕਰਨ ਦਾ ਮਨ ਬਣਾ ਲਿਆ ਹੈ। ਸ਼ਹਿਰ 'ਚ ਬਣੀਆਂ ਕਈ ਰਿਹਾਇਸ਼ੀ ਕਲੋਨੀਆਂ 'ਚ ਪਲਾਟਾਂ ਦੇ ਭਾਅ ਇੰਨੇ ਜ਼ਿਆਦਾ ਹਨ ਕਿ ਆਰਥਿਕ ਪੱਖੋਂ ਕਮਜ਼ੋਰ ਵਿਅਕਤੀ ਪਲਾਟ ਲੈਣ ਲਈ ਸੁਫ਼ਨਾ ਵੀ ਨਹੀਂ ਦੇਖ ਸਕਦਾ। ਹਾਲਾਂਕਿ ਨਿਯਮਾਂ ਤਹਿਤ ਕਲੋਨਾਈਜ਼ਰਾਂ ਨੂੰ ਕੁੱਲ ਕੱਟੀ ਰਿਹਾਇਸ਼ੀ ਥਾਂ 'ਚ 5 ਪ੍ਰਤੀਸ਼ਤ ਥਾਂ ਆਰਥਿਕ ਪੱਖੋਂ ਕਮਜ਼ੋਰ ਵਰਗਾਂ ਨੂੰ ਸਰਕਾਰੀ ਭਾਅ 'ਤੇ ਪਲਾਟ ਦੇ ਰੂਪ ਵਿੱਚ ਦੇਣੀ ਹੁੰਦੀ ਹੈ ਪਰ ਸ਼ਹਿਰ ਦੇ ਕਿਸੇ ਕਲੋਨਾਈਜ਼ਰ ਵੱਲੋਂ ਅੱਜ ਤੱਕ ਕਿਸੇ ਆਰਥਿਕ ਪੱਖੋਂ ਕਮਜ਼ੋਰ ਕਿਸੇ ਵਿਅਕਤੀ ਨੂੰ ਸਰਕਾਰੀ ਭਾਅ 'ਤੇ ਪਲਾਟ ਨਹੀਂ ਦਿੱਤਾ ਗਿਆ। ਨਗਰ ਕੌਂਸਲ ਤੋਂ ਮਿਲੀ ਜਾਣਕਾਰੀ ਅਨੁਸਾਰ ਸ਼ਹਿਰ 'ਚ ਕੁੱਲ 38 ਵਪਾਰਕ ਅਤੇ ਰਿਹਾਇਸ਼ੀ ਕਲੋਨੀਆਂ ਹਨ। ਇਹ ਕਲੋਨੀਆਂ ਵੱਖ ਵੱਖ ਸਕੀਮਾਂ ਤਹਿਤ ਪਾਸ ਕਰਵਾਈਆਂ ਗਈਆਂ ਹਨ। ਸ਼ਹਿਰ 'ਚ 35 ਰਿਹਾਇਸ਼ੀ ਕਲੋਨੀਆਂ 435 ਏਕੜ ਦੇ ਕਰੀਬ ਥਾਂ 'ਚ ਬਣਾਈਆਂ ਗਈਆਂ ਹਨ। 35 ਰਿਹਾਇਸ਼ੀ ਕਲੋਨੀਆਂ 'ਚੋਂ ਸਿਰਫ਼ 16 ਕਲੋਨੀਆਂ 'ਚ ਹੀ 58531.13 ਸਕੇਅਰ ਯਾਰਡ ਥਾਂ ਆਰਥਿਕ ਪੱਖੋਂ ਕਮਜ਼ੋਰ ਵਰਗ ਲਈ ਛੱਡੀ ਗਈ ਹੈ। ਬਾਕੀ 19 ਕਲੋਨੀਆਂ 'ਚ ਆਰਥਿਕ ਪੱਖੋਂ ਕਮਜ਼ੋਰ ਵਰਗ ਲਈ ਕੋਈ ਥਾਂ ਹੀ ਨਹੀਂ ਛੱਡੀ ਗਈ ਹੈ। ਰਾਏਕੋਟ ਰੋਡ 'ਤੇ 57.2511 ਏਕੜ 'ਚ ਪਾਪਰਾ ਸਕੀਮ 'ਚ ਪਾਸ ਇਕ ਕਲੋਨੀ 'ਚ 13854.77 ਸੁਕੇਅਰ ਯਾਰਡ ਜਗ੍ਹਾ ਆਰਥਿਕ ਪੱਖੋਂ ਕਮਜ਼ੋਰ ਵਰਗ ਲਈ ਛੱਡੀ ਗਈ ਹੈ। ਜਿਹੜੀਆਂ 19 ਕਲੋਨੀਆਂ ਚ ਆਰਥਿਕ ਪੱਖੋਂ ਕਮਜ਼ੋਰ ਵਰਗਾਂ ਲਈ ਜਗ੍ਹਾ ਨਹੀਂ ਛੱਡੀ ਗਈ, ਉਹ ਸਾਰੀਆਂ ਕਲੋਨੀਆਂ ਟੀਪੀ ਸਕੀਮ, ਪੁੱਡਾ ਸਕੀਮ ਅਤੇ ਡੀਟੀਪੀ ਸਕੀਮ 'ਚ ਪਾਸ ਕਰਵਾਈਆਂ ਗਈਆਂ ਹਨ। ਬੀਤੇ ਦਿਨੀਂ ਸੂਬੇ ਦੇ ਵਿੱਤ ਮੰਤਰੀ ਵੱਲੋਂ ਦਿੱਤੇ ਬਿਆਨ ਅਨੁਸਾਰ ਕਿ ਜਿਹੜੇ ਕਲੋਨਾਈਜ਼ਰਾਂ ਨੇ ਆਪਣੀਆਂ ਕਲੋਨੀਆਂ 'ਚ ਆਰਥਿਕ ਪੱਖੋਂ ਕਮਜ਼ੋਰ ਵਰਗ ਲਈ ਪਲਾਟ ਨਹੀਂ ਰੱਖੇ ਉਨ੍ਹਾਂ ਤੋਂ ਪਲਾਟਾਂ ਦੀ ਬਾਜ਼ਾਰੀ ਕੀਮਤ 'ਤੇ ਜੁਰਮਾਨੇ ਦੀ ਰਕਮ ਵਸੂਲ ਕੀਤੀ ਜਾਵੇਗੀ।

# ਪਟਿਆਲਾ ਸ਼ਹਿਰ ਦੇ ਸਨਾਤਨੀ ਸੱਤ ਮਾਰਚ ਨੂੰ ਬਾਜ਼ਾਰਾਂ ਵਿੱਚ ਕਰਨਗੇ ਰੋਸ ਪ੍ਰਦਰਸ਼ਨ

## ਇਤਿਹਾਸਿਕ ਅਤੇ ਪ੍ਰਾਚੀਨ ਵਾਮਨ ਅਵਤਾਰ ਮੰਦਿਰ ਅਤੇ ਸਰੋਵਰ ਦੀ ਹੋ ਰਹੀ ਬੇਅਦਬੀ ਦੇ ਖਿਲਾਫ ਇੱਕਜੁੱਟ ਹੋਏ ਸ਼ਹਿਰ ਵਾਸੀ

**ਪਟਿਆਲਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਸ਼ਹਿਰ ਅਤੇ ਪਟਿਆਲਾ ਵਾਸੀਆਂ ਲਈ ਬੜੇ ਮਾਨ ਦੀ ਗੱਲ ਹੈ ਕਿ ਪਟਿਆਲਾ ਵਿੱਚ ਭਗਵਾਨ ਸ੍ਰੀ ਵਿਸ਼ਨੂ ਜੀ ਦੇ ਅਵਤਾਰ ਵਾਮਨ ਦੇਵਤਾ ਜੀ ਦਾ ਪੁਰਾਤਨ ਮੰਦਿਰ ਸ਼ਸ਼ੋਭਿਤ ਹੈ। ਕਿਹਾ ਜਾਂਦਾ ਹੈ ਕਿ ਵਾਮਨ ਭਗਵਾਨ ਦੇ ਦੁਨੀਆਂ ਵਿੱਚ ਦੋ ਹੀ ਮੰਦਿਰ ਹਨ, ਜਿਨਾਂ ਵਿੱਚੋਂ ਇੱਕ ਅੰਬਾਲਾ ਸ਼ਹਿਰ ਵਿੱਚ ਸਥਿਤ ਹੈ ਤੇ ਦੂਸਰਾ ਪਟਿਆਲਾ ਸ਼ਹਿਰ ਦੇ ਵਿੱਚ ਸਥਿਤ ਹੈ। ਪਰ ਇਸ ਇਤਿਹਾਸਿਕ ਪੁਰਾਤਨ ਮੰਦਿਰ ਅਤੇ ਕਰੋੜਾਂ ਹਿੰਦੂਆਂ ਦੀ ਆਸਥਾ ਦਾ ਕੇਂਦਰ ਅੱਜ ਪਟਿਆਲਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦੀ ਅਣਦੇਖੀ ਦਾ ਸ਼ਿਕਾਰ ਹੋ ਰਿਹਾ ਹੈ। ਕਿਉਂਕਿ ਇਸ ਮੰਦਿਰ ਦੇ ਇਤਿਹਾਸਿਕ ਸਰੋਵਰ ਤੇ ਆਲੇ ਦੁਆਲੇ ਦੇ ਲੋਕਾਂ ਵੱਲੋਂ ਨਜਾਇਜ਼ ਕਬਜ਼ੇ ਕਰਕੇ ਇਸ ਨੂੰ ਭਰਿਆ ਜਾ ਰਿਹਾ ਹੈ। ਅਤੇ ਨਾਲ ਹੀ ਸ਼ਹਿਰ ਦਾ ਗੰਦ ਇਕੱਠਾ ਕਰਕੇ, ਘਰਾਂ ਦੀਆਂ ਨਾਲੀਆਂ ,ਗਟਰ ਦੇ ਪਾਈਪ ਇਸ ਵਿੱਚ ਸਿੱਟ ਕੇ ਹਿੰਦੂਆਂ ਦੀ ਭਾਵਨਾਵਾਂ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਅੱਜ ਮੰਦਿਰ ਦੀ ਇਸ ਤਰਸੀਯੋਗ ਹਾਲਤ ਨੂੰ ਦੇਖਦੇ ਹੋਏ ਪਟਿਆਲਾ ਸ਼ਹਿਰ ਦੇ ਧਰਮ ਵਿੱਚ ਆਸਥਾ ਰੱਖਣ ਵਾਲੇ ਲੋਕ ਸਰੋਵਰ ਤੇ ਇਕੱਠੇ ਹੋਏ ਅਤੇ ਪਟਿਆਲਾ ਪ੍ਰਸ਼ਾਸਨ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਇੱਥੇ ਹੀ ਵੰਦੇ ਮਾਤਰਮ ਦਲ ਦੇ ਪ੍ਰਧਾਨ ਅਨੁਰਾਗ ਸ਼ਰਮਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਸਰੋਵਰ ਦੀ 2012 ਦੇ ਵਿੱਚ ਵੀ ਹਾਲਤ ਇਸੇ ਤਰ੍ਹਾਂ ਭੱਦੀ ਬਣੀ ਹੋਈ ਸੀ। ਜਿਸ ਤਰ੍ਹਾਂ ਹੀ ਉਹਨਾਂ ਦੀ ਟੀਮ ਦੀ ਇਸ ਪਵਿੱਤਰ ਪ੍ਰਾਚੀਨ ਇਤਿਹਾਸਕ ਅਸਥਾਨ ਤੇ ਨਜ਼ਰ ਪਈ ਤਾਂ ਉਹਨਾਂ ਦੀ ਆਤਮਾ ਨੇ ਉਹਨਾਂ ਨੂੰ ਝੰਜੋੜ ਕੇ ਰੱਖ ਦਿੱਤਾ ਅਤੇ ਉਹਨਾਂ ਨੇ ਆਪਣੀ ਟੀਮ ਨਾਲ 2012 ਦੇ ਵਿੱਚ ਇਸ ਪਵਿੱਤਰ ਸਰੋਵਰ ਦੀ ਸਫਾਈ ਸ਼ੁਰੂ ਕਰਵਾਈ ਅਤੇ ਸੈਂਕੜਾ ਟਰੈਲੀਆਂ ਗੰਦੇ ਕੂੜੇ, ਮਲਵੇ, ਕੀਚ ਦੀਆਂ ਕਢਵਾ ਕੇ ਹੱਥੀ ਕਾਰ ਸੇਵਾ ਕਰ ਜੇਬਾਂ ਵਿੱਚੋਂ ਪੈਸਾ ਖਰਚ ਕੇ ਇਸ ਸਰੋਵਰ ਨੂੰ ਖੂਬਸੂਰਤ ਦਿੱਖ ਵਾਲਾ ਬਣਾ ਦਿੱਤਾ ਸੀ। ਇਸ ਦੀ ਖੂਬਸੂਰਤੀ ਨੂੰ ਕਾਇਮ ਰੱਖਣ ਲਈ ਸਰਕਾਰ ਤੱਕ ਆਵਾਜ਼ ਪਹੁੰਚਾਣ ਲਈ ਮਰਨ ਵਰਤ ਕੀਤਾ, ਸਮੇਂ ਦੀਆਂ ਸਰਕਾਰਾਂ ਵੱਲੋਂ ਲਗਾਤਾਰ ਆਸ਼ਵਾਸਨ ਦਿੱਤੇ ਜਾਂਦੇ ਰਹੇ ਅਤੇ ਉਹ ਸਾਫ ਸੁਥਰਾ ਕੀਤਾ ਸਰੋਵਰ ਇੱਕ ਵਾਰ ਫਿਰ ਆਸ ਪਾਸ ਰਹਿੰਦੇ ਲੋਕਾਂ ਵੱਲੋਂ ਗੰਦਗੀ ਦੇ ਢੇਰ ਵਿੱਚ ਤਬਦੀਲ ਕਰ ਦਿੱਤਾ ਗਿਆ। ਇੱਥੇ ਹੀ ਜੇਕਰ ਗੱਲ ਕਰ ਲਈਏ ਇਸ ਮੰਦਰ ਦੀ ਤਾਂ ਇਸ ਦੀ ਇਮਾਰਤ ਵੀ ਜਰਜਰ ਹੁੰਦੀ ਨਜ਼ਰ ਆ ਰਹੀ ਹੈ। ਇੱਥੇ ਹੀ ਦੱਸ ਦਈਏ ਕਿ ਪਟਿਆਲਾ ਸ਼ਹਿਰ ਦੇ ਵਿੱਚ ਵਾਮਨ ਦੁਆਦਸੀ ਦਾ ਮੇਲਾ ਬੜੀ ਹੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਲੋਕ ਭਗਵਾਨ ਵਾਮਨ ਜੀ ਦੇ ਵਿੱਚ ਬਹੁਤ ਆਸਥਾ ਰੱਖਦੇ ਹਨ। ਇਸ ਦੇ ਬਾਵਜੂਦ ਵੀ ਇਹ ਕਾਰਨ ਸਮਝ ਤੋਂ ਪਰੇ ਹੈ ਕਿ ਉਹਨਾਂ ਦਾ ਇੱਕੋ ਇੱਕ ਮੰਦਰ ਜੋ ਕਿ ਬਹੁਤ ਪ੍ਰਾਚੀਨ ਬਣਿਆ ਹੋਇਆ ਹੈ ਉਸ ਦੀ ਐਸੀ ਹਾਲਤ ਕਿਉਂ ਹੈ।





ਆਖਰ ਕਿਉਂ ਨਹੀਂ ਪ੍ਰਸ਼ਾਸਨ ਦਾ ਇਸ ਵੱਲ ਧਿਆਨ ਜਾਂਦਾ। ਕਿਉਂਕਿ ਇਹ ਮੰਦਿਰ ਧਰਮ ਅਰਥ ਬੋਰਡ ਦੇ ਅਧੀਨ ਆਉਂਦਾ ਹੈ ਡਿਪਟੀ ਕਮਿਸ਼ਨਰ ਇਸ ਦੇ ਚੇਅਰ ਪਰਸਨ ਹੁੰਦੇ ਹਨ ਅਤੇ ਧਰਮ ਅਰਥ ਬੋਰਡ ਵਿਭਾਗ ਵੱਲੋਂ ਇਸ ਤਰ੍ਹਾਂ ਦੇ ਅਸਥਾਨਾਂ ਦੀ ਦੇਖਰੇਖ ਅਤੇ ਸਾਂਭ ਸੰਭਾਲ ਦੀ ਪੂਰੀ ਜਿੰਮੇਵਾਰੀ ਹੁੰਦੀ ਹੈ। ਪਰ ਇਹ ਸਾਰੇ ਲੋਕ ਆਪਣੀ ਜਿੰਮੇਵਾਰੀ ਤੋਂ ਅੱਖਾਂ ਫੇਰ ਕੇ ਬੈਠੇ ਹੋਏ ਨਜ਼ਰ ਆਉਂਦੇ ਹਨ ਜਾਂ ਕਹਿ ਦਈਏ ਕਿ ਇਸ ਧਾਰਮਿਕ ਅਸਥਾਨ ਨੂੰ ਖਤਮ ਕਰਨ ਲਈ ਉਤਾਰੂ ਹਨ। ਇਸ ਨੂੰ ਦੇਖ ਕੇ ਅੱਜ ਇਕੱਠੇ ਹੋਏ ਸਨਾਤਨੀਆਂ ਵੱਲੋਂ ਪਟਿਆਲਾ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦੇ ਹੋਏ ਇਹ ਸਾਫ ਕਰ ਦਿੱਤਾ ਗਿਆ ਹੈ ਕਿ ਆਣ ਵਾਲੀ ਸੱਤ ਮਾਰਚ ਸ਼ੁਕਰਵਾਰ ਨੂੰ ਸਵੇਰੇ 10 ਵਜੇ ਆਰੀਆ ਸਮਾਜ ਚੌਂਕ ਤੋਂ ਪਟਿਆਲਾ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਚੋਂ ਹੁੰਦੇ ਹੋਏ ਇੱਕ ਰੋਸ਼ ਮਾਰਚ ਵਾਮਨ ਅਵਤਾਰ ਮੰਦਿਰ ਤੱਕ ਪਹੁੰਚੇਗਾ ਅਤੇ ਇੱਥੇ ਭੁੱਖ ਹੜਤਾਲ ਕਰੇਗਾ। ਜੇਕਰ ਪ੍ਰਸ਼ਾਸਨ ਇਹਨਾਂ ਦੀ ਗੱਲ ਸੁਣਨ ਲਈ ਇੱਥੇ ਪਹੁੰਚਦਾ ਹੈ ਮੰਗ ਪੱਤਰ ਲੈਂਦਾ ਹੈ ਤਾਂ ਇਹ ਇੱਕ ਦਿਨ ਦੀ ਭੁੱਖ ਹੜਤਾਲ ਹੋਏਗੀ ਨਹੀਂ ਤਾਂ ਅਗਲੀ ਰਣਨੀਤੀ ਉਸੇ ਦਿਨ ਤੈਅ ਕਰਕੇ ਅੱਗੇ ਤਿੱਖੇ ਸੰਘਰਸ਼ ਕੀਤੇ ਜਾਣਗੇ। ਇਸ ਸੰਘਰਸ਼ ਦੇ ਨਾਲ ਹਜ਼ਾਰਾਂ ਦੀ ਸੰਖਿਆ ਦੇ ਵਿੱਚ ਲੋਕ ਸੋਸ਼ਲ ਮੀਡੀਆ ਤੇ ਜੁੜ ਰਹੇ ਹਨ ਅਤੇ ਇਸ ਨੂੰ ਕਾਮਯਾਬ ਕਰਨ ਲਈ ਵੱਧ ਚੜ ਕੇ ਸ਼ਾਮਿਲ ਹੋਣ ਦਾ ਭਰੋਸਾ ਵੀ ਦੇ ਰਹੇ ਹਨ। ਇੱਥੇ ਹੀ ਲੋਕਾਂ ਵੱਲੋਂ ਮੰਗ ਕੀਤੀ ਗਈ ਕਿ ਜਿਹੜੇ ਲੋਕਾਂ ਵੱਲੋਂ ਇਸ ਤਰ੍ਹਾਂ ਹਿੰਦੂ ਧਰਮ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਆਹਤ ਕੀਤਾ ਗਿਆ ਠੇਸ ਪਹੁੰਚਾਈ ਗਈ ਹੈ। ਉਹਨਾਂ ਦੇ ਉੱਤੇ ਕਾਰਵਾਈ ਕਰਦੇ ਹੋਏ ਬਣਦੀ ਧਾਰਾ ਦੇ ਤਹਿਤ ਮਾਮਲੇ ਵੀ ਦਰਜ ਕੀਤੇ ਜਾਣ।

ਉਹਨਾਂ ਤੋਂ ਹੀ ਇਹ ਸਰੋਵਰ ਨੂੰ ਸਾਫ ਸੁਥਰਾ ਕਰਵਾਇਆ ਜਾਵੇ।ਇਸ ਮੌਕੇ ਤੇ ਮੌਜੂਦ ਰਹੇ ਅਨੁਰਾਗ ਸ਼ਰਮਾ, ਵਰੁਣ ਜਿੰਦਲ, ਸੁਸ਼ੀਲ ਨਈਅਰ, ਕੁਸ਼ਲ ਚੋਪੜਾ, ਵਕੀਲ ਦਵਿੰਦਰ ਰਾਜਪੂਤ, ਜਤਿਨ ਸ਼ਰਮਾ, ਸੋਲੰਕੀ ਜੀ, ਚਿਰਾਗ ਸਿੰਗਲਾ, ਲੋਕੇਸ਼, ਧੀਰਜ ਗੋਇਲ, ਮੁਕੇਸ਼ ਕੁਮਾਰ, ਸਨੀ ਗੁਪਤਾ, ਅਤੇ ਬਹੁਤ ਸਾਰੇ ਸ਼ਰਧਾਲੂ।

# 75 ਐਮਜੀ ਤੋਂ ਵੱਧ ਮਾਤਰਾ ਦੇ ਕੈਪਸੂਲ/ਟੇਬਲੇਟਸ ਦੀ ਵਿਕਰੀ 'ਤੇ ਮੁਕੰਮਲ ਪਾਬੰਦੀ : ਜ਼ਿਲ੍ਹਾ ਮੈਜਿਸਟ੍ਰੇਟ

**ਫਾਜ਼ਿਲਕਾ, 6 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲਾ ਮੈਜਿਸਟ ?ਰੇਟ ਅਮਰਪ੍ਰੀਤ ਕੌਰ ਸੰਧੂ ਨੇ ਬੀ.ਐਨ.ਐਸ.ਐਸ ਦੀ ਧਾਰਾ 163 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋ ਕਰਦਿਆਂ ਜ਼ਿਲ੍ਹੇ ਵਿੱਚ ਪ੍ਰੀਗਾਬਾਲਿਨ 75 ਐਮਜੀ ਤੋਂ ਵੱਧ ਮਾਤਰਾ ਦੇ ਕੈਪਸੂਲ/ਟੇਬਲੇਟਸ ਦੀ ਵਿਕਰੀ 'ਤੇ ਮੁਕੰਮਲ ਤੌਰ ਪਾਬੰਦੀ ਲਗਾਈ ਹੈ।

ਉਨ੍ਹਾਂ ਨਿਰਦੇਸ਼ ਦਿੱਤੇ ਕਿ ਕੈਮਿਸਟ ਵੱਲੋਂ ਦਵਾਈ ਦੇਣ ਸਮੇਂ ਪ੍ਰਿਸਕ੍ਰਿਪਸ਼ਨ ਸਲਿੱਪ 'ਤੇ ਆਪਣੀ ਮੋਹਰ ਲਗਾਈ ਜਾਵੇਗੀ ਅਤੇ ਦਵਾਈ ਦੇਣ ਦੀ ਮਿਤੀ ਦਰਜ ਕੀਤੀ ਜਾਵੇਗੀ। ਇਹ ਪਾਬੰਦੀਆਂ 30 ਅਪ੍ਰੈਲ 2025 ਤੱਕ ਲਾਗੂ ਰਹਿਣਗੀਆਂ।

ਇਹ ਹੁਕਮ ਸਿਹਤ ਵਿਭਾਗ ਫਾਜ਼ਿਲਕਾ ਦੇ ਪੱਤਰ ਉੱਤੇ ਕੀਤੀ ਗਈ ਕਾਰਵਾਈ ਸਬੰਧੀ ਜਾਰੀ ਕੀਤਾ ਗਿਆ ਹੈ। ਸਿਹਤ ਵਿਭਾਗ ਵੱਲੋਂ ਆਪਣੀ ਰਿਪੋਰਟ 'ਚ ਦੱਸਿਆ ਹੈ ਕਿ ਕੈਪਸੂਲ ਦਾ ਆਮ ਲੋਕਾਂ ਵੱਲੋਂ ਮੈਡੀਕਲ ਨਸ਼ੇ ਵਜੋਂ ਸੇਵਨ ਕੀਤਾ ਜਾ ਰਿਹਾ ਹੈ।

# ਹਰਿਆਣਾ ਤੋਂ ਅੱਤਵਾਦੀ ਗ੍ਰਿਫ਼ਤਾਰ

**ਏਜੰਸੀਆਂ**

ਫਰੀਦਾਬਾਦ 6 ਮਾਰਚ। ਹਰਿਆਣਾ ਦੇ ਫਰੀਦਾਬਾਦ 'ਚ ਗੁਜਰਾਤ ਏਟੀਐੱਸ (ਅੱਤਵਾਦ ਵਿਰੋਧੀ ਦਸਤਾ), ਫਰੀਦਾਬਾਦ ਐੱਸਟੀਐੱਫ (ਸਪੈਸ਼ਲ ਟਾਸਕ ਫੋਰਸ) ਅਤੇ ਇੰਟੈਲੀਜੈਂਸ ਬਿਊਰੋ (ਆਈਬੀ) ਦੀਆਂ ਟੀਮਾਂ ਨੇ ਛਾਪਾ ਮਾਰ ਕੇ ਇਕ ਅੱਤਵਾਦੀ ਨੂੰ ਫੜਿਆ ਹੈ। ਉਸ ਕੋਲੋਂ 2



ਹੱਥਗੋਲੇ ਬਰਾਮਦ ਹੋਏ ਹਨ। ਇਸ ਤੋਂ ਇਲਾਵਾ ਕੁਝ ਸ਼ੱਕੀ ਵੀਡੀਓ ਵੀ ਮਿਲੇ ਹਨ, ਜਿਨ੍ਹਾਂ 'ਚ ਕੁਝ ਥਾਵਾਂ ਅਤੇ ਧਰਮ ਸੰਬੰਧੀ ਕੁਝ ਵੇਰਵੇ ਹਨ। ਫਿਲਹਾਲ ਇਨ੍ਹਾਂ ਬਾਰੇ ਜਾਣਕਾਰੀ ਜੁਟਾਈ ਜਾ ਰਹੀ ਹੈ। ਦੋਸ਼ੀ ਨੌਜਵਾਨ ਅਬਦੁੱਲ ਰਹਿਮਾਨ (19) ਹੈ, ਜੋ ਉੱਤਰ ਪ੍ਰਦੇਸ਼ ਦੇ ਮਿਲਕੀਪੁਰ ਫੈਜ਼ਾਬਾਦ ਦਾ ਰਹਿਣ ਵਾਲਾ ਹੈ। ਕੇਂਦਰੀ ਏਜੰਸੀ ਦੇ ਇਨਪੁਟ ਦੇ ਆਧਾਰ 'ਤੇ ਫਰੀਦਾਬਾਦ ਦੇ ਸੋਹਨਾ ਰੋਡ ਸਥਿਤ ਪਾਲੀ ਇਲਾਕੇ 'ਚ ਐਤਵਾਰ ਰਾਤ ਇਕ ਖੰਡਹਰਨੁਮਾ ਮਕਾਨ ਤੋਂ ਉਸ ਦੀ ਗ੍ਰਿਫ਼ਤਾਰੀ ਕੀਤੀ ਗਈ ਹੈ। ਕਰੀਬ 4 ਘੰਟੇ ਤੱਕ ਚੱਲੀ ਜਾਂਚ ਤੋਂ ਬਾਅਦ ਟੀਮਾਂ ਨੌਜਵਾਨ ਨੂੰ ਆਪਣੇ ਨਾਲ ਲੈ ਗਈਆਂ। ਗੁਜਰਾਤ ਏਟੀਐੱਸ ਵਲੋਂ ਜਾਰੀ ਪ੍ਰੈੱਸ ਨੋਟ 'ਚ ਦੱਸਿਆ ਗਿਆ ਹੈ ਕਿ ਅਹਿਮਦਾਬਾਦ 'ਚ ਮੁੜ ਤੋਂ ਇਕ ਵਾਰ ਅੱਤਵਾਦੀ ਸੰਗਠਨ ਸਰਗਰਮ ਹੋਇਆ ਹੈ, ਜੋ ਡਰ ਪੈਦਾ ਕਰ ਰਿਹਾ ਹੈ। ਇਸੇ ਸਿਲਸਿਲੇ 'ਚ ਹਰਿਆਣਾ ਕੋਲ 2 ਅੱਤਵਾਦੀਆਂ ਦੀ ਜਾਣਕਾਰੀ ਮਿਲੀ ਹੈ। ਇਨ੍ਹਾਂ 'ਚੋਂ ਇਕ ਅੱਤਵਾਦੀ ਦੀ ਉਮਰ ਸਿਰਫ਼ 19 ਸਾਲ ਹੈ, ਜਿਸ ਦਾ ਨਾਂ ਅਬਦੁੱਲ ਰਹਿਮਾਨ ਦੱਸਿਆ ਗਿਆ ਹੈ। ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਫਿਲਹਾਲ ਇਸ ਮਾਮਲੇ 'ਚ ਹਰਿਆਣਾ 'ਚ ਸਿਰਫ਼ ਅਬਦੁੱਲ ਖ਼?ਲਾਫ਼ ਸ਼ਿਕਾਇਤ ਦਰਜ ਕਰਵਾਈ ਗਈ ਹੈ। ਕਰੀਬ 4 ਘੰਟੇ ਚੱਲੀ ਜਾਂਚ ਤੋਂ ਬਾਅਦ ਟੀਮਾਂ ਨੌਜਵਾਨ ਨੂੰ ਆਪਣੇ ਨਾਲ ਲੈ ਗਈਆਂ। ਦੂਜੇ ਨੌਜਵਾਨ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਸੂਤਰਾਂ ਅਨੁਸਾਰ ਅਬਦੁੱਲ ਕਈ ਦਿਨਾਂ ਤੋਂ ਪਾਲੀ ਪਿੰਡ 'ਚ ਨਾਂ ਬਦਲ ਕੇ ਰਹਿ ਰਿਹਾ ਸੀ। ਜਦੋਂ ਟੀਮ ਨੇ ਉਸ ਨੂੰ ਫੜਿਆ ਤਾਂ ਉਹ ਦੌੜਨ ਦੀ ਕੋਸ਼ਿਸ਼ ਕਰਨ ਲੱਗਾ ਪਰ ਉਸ ਨੂੰ ਫੜ ਲਿਆ ਗਿਆ। ਸੂਚਨਾ ਮਿਲੀ ਤਾਂ ਫਰੀਦਾਬਾਦ ਪੁਲਸ ਦੀਆਂ ਟੀਮਾਂ ਵੀ ਪਿੰਡ ਪਹੁੰਚੀਆਂ। ਪੁਲਸ ਡਿਪਟੀ ਕਮਿਸ਼ਨਰ ਐੱਨ.ਆਈ.ਟੀ. ਕੁਲਦੀਪ ਸਿੰਘ ਵੀ ਮੌਕੇ 'ਤੇ ਪਹੁੰਚੇ ਅਤੇ ਮਾਮਲੇ ਦੀ ਜਾਣਕਾਰੀ ਲਈ। ਪੁਲਸ ਡਿਪਟੀ ਕਮਿਸ਼ਨਰ ਐੱਨ.ਆਈ.ਟੀ. ਅਨੁਸਾਰ, ਹੁਣ ਨੌਜਵਾਨ ਅਬਦੁੱਲ ਬਾਰੇ ਜਾਣਕਾਰੀ ਜੁਟਾਈ ਜਾ ਰਹੀ ਹੈ। ਉਹ ਇੱਥੇ ਕਦੋਂ ਤੋਂ ਰਹਿ ਰਿਹਾ ਸੀ, ਕਿਸ ਕੋਲ ਰਹਿ ਰਿਹਾ ਸੀ, ਕੀ ਕਰਦਾ ਸੀ ਅਤੇ ਕਿਸ ਨਾਲ ਮਿਲਦਾ-ਜੁਲਦਾ ਸੀ? ਜਾਂਚ ਤੋਂ ਬਾਅਦ ਪੁਲਸ ਖੁਲਾਸਾ ਕਰੇਗੀ। ਅਬਦੁੱਲ ਰਹਿਮਾਨ ਕੋਲੋਂ 2 ਹੱਥਗੋਲੇ ਦੇਖ ਕੇ ਟੀਮਾਂ ਦੇ ਵੀ ਹੋਸ਼ ਉੱਡ ਗਏ।

# ਰੁਜ਼ਗਾਰ ਵਧਿਆ ਪਰ ਮਹਿੰਗਾਈ ਦੇ ਹਿਸਾਬ ਨਾਲ ਰੈਗੂਲਰ ਕਰਮਚਾਰੀਆਂ ਦੀ ਤਨਖ਼ਾਹ ਨਹੀਂ

**ਸਰਦੂਲ ਸਿੰਘ**

ਨਵੀਂ ਦਿੱਲੀ 6 ਮਾਰਚ। ਨੀਤੀ ਆਯੋਗ ਦੇ ਮੈਂਬਰ ਡਾ. ਅਰਵਿੰਦ ਵਿਰਮਾਨੀ ਨੇ ਕਿਹਾ ਹੈ ਕਿ ਦੇਸ਼ 'ਚ ਰੋਜ਼ਗਾਰ ਤਾਂ ਵਧ ਰਿਹਾ ਹੈ ਪਰ ਰੈਗੂਲਰ ਨੌਕਰੀਆਂ ਦੇ ਮਾਮਲੇ 'ਚ 7 ਸਾਲ 'ਚ ਅਸਲ ਮਿਹਨਤਾਨਾ ਮਹਿੰਗਾਈ ਦੇ ਹਿਸਾਬ ਨਾਲ ਨਹੀਂ ਵਧਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਨੌਕਰੀ ਅਤੇ ਹੁਨਰ ਇਕ ਹੀ ਸਿੱਕੇ ਦੇ 2 ਪਹਿਲੂ ਹਨ, ਤੁਹਾਡੇ 'ਚ ਹੁਨਰ ਹੈ ਤਾਂ ਉਸ ਨਾਲ ਨੌਕਰੀ ਮਿਲਣਾ ਆਸਾਨ ਹੋ ਜਾਂਦਾ ਹੈ। ਵਿਰਮਾਨੀ ਅਨੁਸਾਰ, ਕੌਮਾਂਤਰੀ ਜਨਸੰਖਿਆ ਦੇ ਮਾਮਲੇ 'ਚ ਸਾਡੇ ਕੋਲ ਮੌਕੇ ਹਨ, ਉਸ ਦਾ ਲਾਭ ਚੁੱਕਣ ਦੀ ਲੋੜ ਹੈ ਅਤੇ ਇਸ ਲਈ ਸਿੱਖਿਆ ਅਤੇ ਸਿੱਖਲਾਈ ਦੀ ਗੁਣਵੱਤਾ 'ਚ ਸੁਧਾਰ ਮਹੱਤਵਪੂਰਨ ਹੈ। ਉਨ੍ਹਾਂ ਕਿਹਾ,"ਪੀ. ਐੱਲ. ਐੱਫ. ਐੱਸ. (ਮਿਆਦੀ ਕਿਰਤ ਬਲ ਸਰਵੇ) ਅੰਕੜਿਆਂ ਅਨੁਸਾਰ, ਪਿਛਲੇ 7 ਸਾਲਾਂ 'ਚ ਕੰਮ ਕਰਨ ਵਾਲੀ ਆਬਾਦੀ ਦਾ ਅਨੁਪਾਤ ਸਾਫ ਤੌਰ 'ਤੇ ਵਧ ਰਿਹਾ ਹੈ। ਇਸ ਦਾ ਮਤਲੱਬ ਹੈ ਕਿ ਨੌਕਰੀਆਂ ਦੀ ਗਿਣਤੀ ਆਬਾਦੀ ਵਾਧੇ ਦੇ ਮੁਕਾਬਲੇ ਜ਼ਿਆਦਾ ਵਧ ਰਹੀ ਹੈ। ਇਸ 'ਚ ਉਤਰਾਅ-ਚੜ੍ਹਾਅ ਵੀ ਹੈ ਪਰ ਜੋ ਰੁਖ ਹੈ, ਉਹ ਦੱਸਦਾ ਹੈ ਕਿ ਨੌਕਰੀਆਂ ਵਧ ਰਹੀਆਂ ਹਨ। ਆਖਿਰ ਇਹ ਕਹਿਣਾ ਗਲਤ ਹੈ ਕਿ ਨੌਕਰੀਆਂ ਨਹੀਂ ਵਧ ਰਹੀਆਂ ਹਨ।" ਗਲੋਬਲ ਡੈਮੋਗ੍ਰਾਫਿਕ (ਕੌਮਾਂਤਰੀ ਆਬਾਦੀ) ਦੇ ਪੱਧਰ 'ਤੇ ਜੋ ਸਾਡੇ ਕੋਲ ਮੌਕੇ ਹਨ, ਉਨ੍ਹਾਂ ਦਾ ਲਾਭ ਚੁੱਕਣ ਦੀ ਲੋੜ ਹੈ। ਇਸ ਲਈ ਸਿੱਖਿਆ ਦੇ ਨਾਲ ਸਿੱਖਿਆ ਅਤੇ ਸਿਖਲਾਈ ਦੀ ਗੁਣਵੱਤਾ 'ਚ ਸੁਧਾਰ ਮਹੱਤਵਪੂਰਨ ਹੈ। ਇੱਥੇ ਧਿਆਨ ਦੇਣ ਦੀ ਲੋੜ ਹੈ, ਜਿਸ ਨਾਲ ਅਸੀਂ ਉੱਚ ਕਮਾਈ ਦੇ ਪੱਧਰ 'ਤੇ ਪੁੱਜੀਏ। ਇਸ ਤਰ੍ਹਾਂ ਸਪਲਾਈ ਲੜੀ



ਹੈ, ਜਿਸ 'ਤੇ ਕੰਮ ਕਰਨ ਦੀ ਲੋੜ ਹੈ। ਭਾਰਤੀਆਂ ਨੂੰ 30,000 ਅਰਬ ਡਾਲਰ ਦੀ ਅਰਥਵਿਵਸਥਾ ਬਣਨ ਲਈ ਸਖਤ ਮਿਹਨਤ ਕਰਨੀ ਚਾਹੀਦੀ ਹੈ : ਕਾਂਤ ਨੀਤੀ ਆਯੋਗ ਦੇ ਸਾਬਕਾ ਸੀ. ਈ. ਓ. ਅਮਿਤਾਭ ਕਾਂਤ ਨੇ ਕਿਹਾ ਕਿ ਭਾਰਤੀਆਂ ਨੂੰ 2047 ਤੱਕ 30,000 ਅਰਬ ਡਾਲਰ ਦੀ ਅਰਥਵਿਵਸਥਾ ਬਣਨ ਦੇ ਮਹੱਤਵਪੂਰਨ ਟੀਚੇ ਨੂੰ ਹਾਸਲ ਕਰਨ ਲਈ ਸਖਤ ਮਿਹਨਤ ਕਰਨੀ ਚਾਹੀਦੀ ਹੈ। ਕੰਮ ਦੇ ਘੰਟਿਆਂ 'ਤੇ ਚੱਲ ਰਹੀ ਬਹਿਸ 'ਚ ਸ਼ਾਮਲ ਹੁੰਦੇ ਹੋਏ ਭਾਰਤ ਦੇ ਜੀ-20 ਸ਼ੇਰਪਾ ਨੇ ਕਿਹਾ ਕਿ ਜਾਪਾਨ, ਦੱਖਣ ਕੋਰੀਆ ਅਤੇ ਚੀਨ ਨੇ ਮਜ਼ਬੂਤ ਕਾਰਜ ਨੀਤੀ ਜ਼ਰੀਏ ਆਰਥਿਕ ਸਫਲਤਾ ਹਾਸਲ ਕੀਤੀ ਹੈ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਭਾਰਤ ਨੂੰ ਵਿਸ਼ਵ ਪੱਧਰੀ ਅਰਥਵਿਵਸਥਾ ਬਣਾਉਣ ਲਈ ਇਸੇ ਤਰ੍ਹਾਂ ਦੀ ਮਾਨਸਿਕਤਾ ਵਿਕਸਿਤ ਕਰਨੀ ਚਾਹੀਦੀ ਹੈ। ਪੀ. ਐੱਲ. ਐੱਫ. ਐੱਸ. ਦੀ ਸਾਲਾਨਾ ਰਿਪੋਰਟ 2023-24 (ਜੁਲਾਈ-ਜੂਨ) ਅਨੁਸਾਰ, ਕੰਮ ਕਰਨ ਵਾਲੀ ਆਬਾਦੀ ਦਾ ਅਨੁਪਾਤ ਸਾਰੀ ਉਮਰ ਦੇ ਵਿਅਕਤੀਆਂ ਦੇ ਮਾਮਲੇ 'ਚ 2023-24 'ਚ ਵਧ ਕੇ 43.7 ਫੀਸਦੀ ਹੋ ਗਿਆ, ਜੋ 2017-18 'ਚ 34.7 ਫੀਸਦੀ ਸੀ। ਉਨ੍ਹਾਂ ਕਿਹਾ,"ਜੇਕਰ ਪੀ. ਐੱਲ. ਐੱਫ. ਐੱਸ. 'ਚ ਮਿਹਨਤਾਨੇ ਦੇ ਅੰਕੜਿਆਂ ਨੂੰ ਵੇਖੀਏ, ਜੋ ਕੈਜ਼ੂਅਲ ਵਰਕਰ (ਠੇਕੇ 'ਤੇ ਕੰਮ ਕਰਨ ਵਾਲੇ) ਹਨ, ਦੀ ਅਸਲ ਤਨਖਾਹ 7 ਸਾਲਾਂ ਦੌਰਾਨ ਵਧੀ ਹੈ ਅਤੇ ਇਸ ਦੌਰਾਨ ਉਨ੍ਹਾਂ ਦੀ ਸਥਿਤੀ ਸੁਧਰੀ ਹੈ। ਅੰਕੜੇ ਇਸ ਦੀ ਪੁਸ਼ਟੀ ਕਰਦੇ ਹਨ। ਉਥੇ ਹੀ, ਅਰਥਸ਼ਾਸਤਰੀ ਵਿਰਮਾਨੀ ਨੇ ਕਿਹਾ,"ਪਰ ਇਕ ਵੱਡਾ ਮੁੱਦਾ ਰੈਗੂਲਰ ਤਨਖਾਹ ਵਾਲੀਆਂ ਨੌਕਰੀਆਂ ਦੇ ਮਾਮਲੇ 'ਚ ਹੈ। ਇਸ ਸ਼?ਰੇਣੀ 'ਚ 7 ਸਾਲਾਂ 'ਚ ਅਸਲ ਮਿਹਨਤਾਨਾ ਮਹਿੰਗਾਈ ਦੇ ਹਿਸਾਬ ਨਾਲ ਨਹੀਂ ਵਧਿਆ ਹੈ।

## ਸੋਨਾ ਹੀ ਦੇਵੇਗਾ ਤਗੜਾ ਰਿਟਰਨ, ਕੀਮਤ ਹੋਰ ਵਧੇਗੀ

ਬਿਜ਼ਨੈੱਸ ਡੈਸਕ 6 ਮਾਰਚ। ਸੋਨੇ ਨੂੰ ਹਮੇਸ਼ਾ ਤੋਂ ਮਜ਼ਬੂਤ ਨਿਵੇਸ਼ ਵਿਕਲਪ ਮੰਨਿਆ ਜਾਂਦਾ ਰਿਹਾ ਹੈ ਪਰ ਆਉਣ ਵਾਲੇ ਸਮੇਂ 'ਚ ਇਸ ਦੀ ਕੀਮਤ ਹੋਰ ਵਧ ਸਕਦੀ ਹੈ। ਦੇਸ਼ ਦੇ ਮੁੱਖ ਆਰਥਿਕ ਸਲਾਹਕਾਰ ਅਨੰਤ ਨਾਗੇਸਵਰਨ ਖੁਦ ਮੰਨਦੇ ਹਨ ਕਿ ਆਉਣ ਵਾਲੇ ਸਾਲਾਂ ਵਿੱਚ ਸੋਨਾ ਇੱਕ ਮਹੱਤਵਪੂਰਨ ਸੰਪੱਤੀ ਵਰਗ ਦੇ ਰੂਪ ਵਿੱਚ ਹੋਰ ਵੀ ਢੁਕਵਾਂ ਬਣ ਜਾਵੇਗਾ। ਉਨ੍ਹਾਂ ਨੇ ਆਈਜੀਪੀਸੀ-ਆਈਆਈਐਮਏ ਸਲਾਨਾ ਗੋਲਡ ਅਤੇ ਗੋਲਡ ਮਾਰਕੀਟ ਕਾਨਫਰੰਸ 2025 ਵਿੱਚ ਕਿਹਾ ਕਿ ਸੋਨਾ ਸਿਰਫ਼ ਮੁੱਲ ਦੇ ਰੂਪ ਵਿੱਚ ਹੀ ਨਹੀਂ ਸਗੋਂ ਸੱਭਿਆਚਾਰਕ, ਧਾਰਮਿਕ ਅਤੇ ਪੋਰਟਫੋਲੀਓ ਵਿਭਿੰਨਤਾ ਵਿੱਚ ਵੀ ਮਹੱਤਵਪੂਰਨ ਰਹੇਗਾ। ਉਨ੍ਹਾਂ ਕਿਹਾ ਕਿ ਜਦੋਂ ਤੱਕ ਵਿਸ਼ਵ ਮੌਜੂਦਾ ਅੰਤਰਰਾਸ਼ਟਰੀ ਮੁਦਰਾ ਗੈਰ-ਪ੍ਰਣਾਲੀ ਤੋਂ ਇੱਕ ਅੰਤਰਰਾਸ਼ਟਰੀ ਮੁਦਰਾ ਪ੍ਰਣਾਲੀ ਵੱਲ ਜਾਣ ਦੇ ਯੋਗ ਨਹੀਂ ਹੁੰਦਾ, ਸੋਨਾ ਇੱਕ ਸੰਪੱਤੀ ਸ਼੍ਰੇਣੀ ਵਜੋਂ ਮਹੱਤਵਪੂਰਨ ਹੁੰਦਾ ਰਹੇਗਾ। ਪਿਛਲੇ ਤਿੰਨ ਮਹੀਨਿਆਂ ਵਿੱਚ ਸੋਨੇ ਦੀ ਕੀਮਤ 200 ਡਾਲਰ ਪ੍ਰਤੀ ਔਂਸ ਜਾਂ ਅੱਠ ਫੀਸਦੀ ਤੋਂ ਵੱਧ ਵਧ ਕੇ 2,860 ਡਾਲਰ ਪ੍ਰਤੀ ਔਂਸ ਹੋ ਗਈ ਹੈ।



ਨਾਗੇਸਵਰਨ ਨੇ ਇਹ ਵੀ ਉਮੀਦ ਜ਼ਾਹਰ ਕੀਤੀ ਕਿ ਭਾਰਤ ਆਪਣੇ ਕੋਲ ਸੋਨੇ ਦੀ ਸੰਪੱਤੀ ਦੀ ਉਤਪਾਦਕ ਵਰਤੋਂ ਕਰਨ ਦੇ ਤਰੀਕੇ ਲੱਭੇਗਾ। 2023 ਅਤੇ 2024 ਵਾਂਗ ਸਾਲ 2025 ਵਿੱਚ ਵੀ ਸੋਨੇ ਦੀਆਂ ਕੀਮਤਾਂ ਵਿੱਚ ਵਾਧਾ ਜਾਰੀ ਰਹੇਗਾ। ਖਾਸ ਗੱਲ ਇਹ ਹੈ ਕਿ ਇਨ੍ਹਾਂ ਦੋਹਾਂ ਸਾਲਾਂ 'ਚ ਸੋਨੇ ਨੇ ਦੋਹਰੇ ਅੰਕਾਂ 'ਚ ਵਾਧਾ ਦਰਜ ਕੀਤਾ ਹੈ। ਜਦੋਂ ਕਿ ਸੋਨੇ ਨੇ 2023 ਵਿੱਚ 13% ਦਾ ਰਿਟਰਨ ਦਿੱਤਾ, ਇਸਨੇ 2024 ਵਿੱਚ 27% ਦਾ ਰਿਟਰਨ ਦਿੱਤਾ। ਕਮੋਡਿਟੀ ਮਾਰਕਿਟ ਮਾਹਿਰਾਂ ਮੁਤਾਬਕ ਸੋਨੇ ਦਾ ਇਹ ਜ਼ਬਰਦਸਤ ਪ੍ਰਦਰਸ਼ਨ 2025 'ਚ ਚੰਗਾ ਹੋ ਸਕਦਾ ਹੈ। ਗਲੋਬਲ ਬ੍ਰੋਕਰੇਜ ਹਾਊਸ ਯੂਬੀਐਸ ਨੇ ਦਾਅਵਾ ਕੀਤਾ ਹੈ ਕਿ 2025 ਦੇ ਅੰਤ ਤੱਕ ਸੋਨੇ ਦੀਆਂ ਕੀਮਤਾਂ 2900 ਡਾਲਰ ਪ੍ਰਤੀ ਔਂਸ ਤੱਕ ਜਾ ਸਕਦੀਆਂ ਹਨ, ਜਦਕਿ ਗੋਲਡਮੈਨ ਸਾਕਸ ਅਤੇ ਸਿਟੀ ਗਰੁੱਪ ਨੇ ਕਿਹਾ ਕਿ ਇਹ ਅੰਕੜਾ 3000 ਡਾਲਰ ਪ੍ਰਤੀ ਔਂਸ ਤੱਕ ਜਾ ਸਕਦਾ ਹੈ।

## ਬਿਜਲੀ ਖਪਤਕਾਰਾਂ ਲਈ ਵੱਡੀ ਖੁਸ਼ਖ਼ਬਰੀ

ਨੈਸ਼ਨਲ ਡੈਸਕ 6 ਮਾਰਚ। ਬਿਜਲੀ ਖਪਤਕਾਰਾਂ ਲਈ ਵੱਡੀ ਖੁਸ਼ਖਬਰੀ ਹੈ। ਪ੍ਰਧਾਨ ਮੰਤਰੀ ਸੂਰਿਆ ਘਰ ਯੋਜਨਾ ਤਹਿਤ ਹੁਣ ਸੌਰ ਊਰਜਾ ਕੁਨੈਕਸ਼ਨ ਲਗਾਉਣ ਦੀ ਇਕ ਮਹੱਤਵਪੂਰਨ ਪਹਿਲ ਸ਼ੁਰੂ ਕੀਤੀ ਜਾ ਰਹੀ ਹੈ। ਇਸ ਯੋਜਨਾ ਤਹਿਤ ਕੁੱਲ 27 ਹਜ਼ਾਰ ਸੌਰ ਊਰਜਾ ਕੁਨੈਕਸ਼ਨ ਲਗਾਏ ਜਾਣਗੇ, ਜਿਸ ਨਾਲ ਖਪਤਕਾਰ ਮੁਫ਼ਤ ਬਿਜਲੀ ਪ੍ਰਾਪਤ ਕਰ ਸਕਣਗੇ। ਇਹ ਐਲਾਨ ਹਰਿਆਣਾ ਸਰਕਾਰ ਵਲੋਂ ਕੀਤਾ ਗਿਆ ਹੈ। ਹਰਿਆਣਾ ਦੇ ਫਰੀਦਾਬਾਦ ਅਤੇ ਪਲਵਲ ਇਨ੍ਹਾਂ ਦੋਵਾਂ ਜ਼ਿਲ੍ਹਿਆਂ 'ਚ ਇਹ ਪਹਿਲ ਸ਼ੁਰੂ ਕੀਤੀ ਜਾਵੇਗੀ। ਪ੍ਰਧਾਨ ਮੰਤਰੀ ਸੂਰਿਆ ਘਰ ਯੋਜਨਾ ਕੇਂਦਰ ਸਰਕਾਰ ਦੀ ਇਕ ਮਹੱਤਵਪੂਰਨ ਯੋਜਨਾ ਹੈ, ਜਿਸ ਦਾ ਉਦੇਸ਼ ਦੇਸ਼ ਭਰ 'ਚ ਸੂਰਜੀ ਊਰਜਾ ਨੂੰ ਉਤਸ਼ਾਹਿਤ ਕਰਨਾ ਹੈ। ਇਸ ਯੋਜਨਾ ਤਹਿਤ ਘਰਾਂ ਦੀਆਂ ਛੱਤਾਂ 'ਤੇ ਸੋਲਰ ਪੈਨਲ ਲਗਾਏ ਜਾਂਦੇ ਹਨ, ਜੋ ਬਿਜਲੀ ਪੈਦਾ ਕਰਦੇ ਹਨ। ਇਸ ਨਾਲ ਨਾ ਸਿਰਫ ਬਿਜਲੀ ਦਾ ਬਿੱਲ ਘੱਟ ਆਵੇਗਾ ਸਗੋਂ ਵਾਤਾਵਰਣ ਨੂੰ ਵੀ ਫਾਇਦਾ ਹੁੰਦਾ ਹੈ। ਇਸ ਯੋਜਨਾ ਤਹਿਤ 3 ਕਿਲੋਵਾਟ ਤੱਕ ਦੇ ਸੌਰ ਊਰਜਾ ਕੁਨੈਕਸ਼ਨਾਂ 'ਤੇ 78 ਹਜ਼ਾਰ ਰੁਪਏ ਦੀ ਸਬਸਿਡੀ ਦਿੱਤੀ ਜਾਵੇਗੀ। ਇਹ ਸਬਸਿਡੀ ਯੋਜਨਾ ਨੂੰ ਹੋਰ ਵੀ ਕਿਫਾਇਤੀ ਅਤੇ ਪਹੁੰਚਯੋਗ ਬਣਾਵੇਗੀ, ਜਿਸ ਨਾਲ ਵੱਧ ਤੋਂ ਵੱਧ ਲੋਕ ਇਸ ਦਾ ਲਾਭ ਲੈ ਸਕਣਗੇ। ਵੱਖ-ਵੱਖ ਵਿੱਤੀ ਸਾਲਾਂ 'ਚ ਫਰੀਦਾਬਾਦ ਵਿਚ ਕੁੱਲ 19,435 ਸੌਰ ਊਰਜਾ ਕੁਨੈਕਸ਼ਨ ਲਗਾਏ ਜਾਣਗੇ, ਜਦੋਂ ਕਿ ਪਲਵਲ 'ਚ 7,625 ਕੁਨੈਕਸ਼ਨ ਦਿੱਤੇ ਜਾਣਗੇ। ਇਸ ਯੋਜਨਾ ਨੂੰ ਆਉਣ ਵਾਲੇ ਵਿੱਤੀ ਸਾਲਾਂ 'ਚ ਵਿਆਪਕ ਰੂਪ ਨਾਲ ਲਾਗੂ ਕੀਤਾ ਜਾਵੇਗਾ। ਇਸ ਨਾਲ ਬਿਜਲੀ ਬਿੱਲ ਵਿਚ ਬੱਚਤ ਹੋਵੇਗੀ। 3 ਕਿਲੋਵਾਟ ਦੇ ਸੌਰ ਊਰਜਾ ਕੁਨੈਕਸ਼ਨ ਨਾਲ ਖਪਤਕਾਰਾਂ ਨੂੰ ਹਰ ਮਹੀਨੇ 450 ਯੂਨਿਟ ਬਿਜਲੀ ਮਿਲੇਗੀ

# ਟੀ. ਬੀ. ਦੀ ਜਾਂਚ 'ਚ ਜ਼ਿਲ੍ਹਾ ਮਾਲੇਰਕੋਟਲਾ ਸੂਬੇ ਭਰ 'ਚੋਂ ਰਿਹਾ ਮੋਹਰੀ

**ਕਿਸ਼ਨ ਪਾਲ**

ਮਾਲੇਰਕੋਟਲਾ 6 ਮਾਰਚ। ਸਿਵਲ ਸਰਜਨ ਮਾਲੇਰਕੋਟਲਾ ਡਾ. ਸੰਜੇ ਗੋਇਲ ਅਤੇ ਸਹਾਇਕ ਸਿਵਲ ਸਰਜਨ ਡਾ. ਸਜ਼ੀਲਾ ਖਾਨ ਦੀ ਅਗਵਾਈ ਹੇਠ ਜ਼ਿਲ੍ਹਾ ਟੀ. ਬੀ. ਕੰਟਰੋਲ ਅਫ਼ਸਰ ਡਾ. ਮੁਨੀਰ ਮੁਹੰਮਦ ਵੱਲੋਂ ਸਿਵਲ ਸਰਜਨ ਮਾਲੇਰਕੋਟਲਾ ਵਿਖੇ ਟੀ. ਬੀ. ਕੰਟਰੋਲ ਪ੍ਰੋਗਰਾਮ ਸਬੰਧੀ ਮੀਟਿੰਗ ਕੀਤੀ ਗਈ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਟੀ. ਬੀ. ਅਫ਼ਸਰ ਡਾ. ਮੁਨੀਰ ਮੁਹੰਮਦ ਨੇ ਦੱਸਿਆ ਕਿ ਜ਼ਿਲ੍ਹਾ ਮਾਲੇਰਕੋਟਲਾ ਇਸ ਸਾਲ ਟੀ. ਬੀ. ਦੀ ਜਾਂਚ 'ਚ ਸੂਬੇ ਭਰ 'ਚੋਂ ਮੋਹਰੀ ਰਿਹਾ ਹੈ, ਜਿਸ ਦਾ ਸਿਹਰਾ ਜ਼ਿਲ੍ਹੇ 'ਚ ਟੀ. ਬੀ. ਪ੍ਰੋਗਰਾਮ ਲਈ ਕੰਮ ਕਰਦੀ ਸਾਰੀ ਟੀਮ ਨੂੰ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ 'ਚ ਪੰਜ ਟੀ. ਬੀ. ਜਾਂਚ ਕੇਂਦਰ ਹਨ ਜਿੱਥੇ ਮੁਫ਼ਤ ਜਾਂਚ ਕੀਤੀ ਜਾਂਦੀ ਹੈ, ਜਿਨ੍ਹਾਂ 'ਚ ਪੀ. ਐੱਚ. ਸੀ. ਪੰਜਗਰਾਈਆਂ, ਸਿਵਲ ਹਸਪਤਾਲ ਮਾਲੇਰਕੋਟਲਾ, ਸੀ. ਐੱਚ. ਸੀ. ਅਹਿਮਦਗੜ੍ਹ, ਸੀ. ਐੱਚ. ਸੀ. ਅਮਰਗੜ੍ਹ ਅਤੇ ਹਜਰਤ ਹਲੀਮਾ ਹਸਪਤਾਲ ਮਾਲੇਰਕੋਟਲਾ ਹਨ। ਉਨ੍ਹਾਂ



ਦੱਸਿਆ ਕਿ ਇਸ ਵਾਰ ਮਾਲੇਰਕੋਟਲਾ ਹਸਪਤਾਲ ਵੱਲੋਂ 502, ਪੰਜਗਰਾਈਆਂ ਵੱਲੋਂ 396, ਅਹਿਮਦਗੜ੍ਹ ਵੱਲੋਂ 186 ਅਤੇ ਅਮਰਗੜ੍ਹ ਵੱਲੋਂ 124 ਲੋਕਾਂ ਦੀ ਜਾਂਚ ਕੀਤੀ ਗਈ ਹੈ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਸਜ਼ੀਲਾ ਖਾਨ ਨੇ ਕਿਹਾ ਕਿ ਸਰਕਾਰ ਵੱਲੋਂ ਟੀ.ਬੀ. ਦੀ ਜਾਂਚ ਤੇ ਇਲਾਜ ਮੁਫ਼ਤ ਕੀਤਾ ਜਾਂਦਾ ਹੈ ਅਤੇ ਜਿਨ੍ਹਾਂ ਵੀ ਮਰੀਜ਼ਾਂ ਨੂੰ 2 ਹਫ਼ਤੇ ਤੋਂ ਵੱਧ ਖਾਂਸੀ ਹੈ ਉਹ ਆਪਣੇ ਨੇੜੇ ਦੇ ਸਿਹਤ ਕੇਂਦਰ ਰਾਹੀਂ ਬਲਗਮ ਦੀ ਜਾਂਚ ਜ਼ਰੂਰ ਕਰਾਉਣ। ਉਨ੍ਹਾਂ ਦੱਸਿਆ ਕਿ ਟੀ. ਬੀ. ਦੀ ਬੀਮਾਰੀ ਤੋਂ ਡਰਨ ਦੀ ਲੋੜ ਨਹੀਂ ਹੈ। ਇਸ ਦਾ ਇਲਾਜ ਹੈ ਅਤੇ ਦਵਾਈ ਖਾਣ ਨਾਲ ਮਰੀਜ਼ ਬਿਲਕੁਲ ਤੰਦਰੁਸਤ ਹੋ ਸਕਦਾ ਹੈ। ਇਸ ਮੌਕੇ ਜ਼ਿਲ੍ਹਾ ਸਿਹਤ ਅਫ਼ਸਰ ਡਾ. ਪੁਨੀਤ ਸਿੱਧੂ, ਜ਼ਿਲ੍ਹਾ ਟੀ. ਬੀ. ਅਫ਼ਸਰ ਡਾ. ਮੁਨੀਰ ਮੁਹੰਮਦ, ਬਲਾਕ ਪੰਜਗਰਾਈਆਂ ਦੇ ਟੀ. ਬੀ. ਕੰਟਰੋਲ ਪ੍ਰੋਗਰਾਮ ਇੰਚਾਰਜ ਰਾਜੇਸ਼ ਰਿਖੀ, ਐੱਸ. ਟੀ. ਐੱਸ. ਕੁਲਦੀਪ ਸਿੰਘ, ਐੱਲ. ਟੀ. ਪ੍ਰਵੀਨ ਖਾਤੂੰਨ, ਹਰਜੀਤ ਕੌਰ ਅਤੇ ਮੁਹੰਮਦ ਸਿਰਾਜ ਵੀ ਹਾਜ਼ਰ ਸਨ।

## ਰਿਸ਼ੀਕੇਸ਼ 'ਚ ਸਿੱਖ ਵਪਾਰੀ ਦੀ ਕੁੱਟਮਾਰ ਕਰਨ ਦੀ ਘਟਨਾ 'ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਵੱਡਾ ਬਿਆਨ

ਅੰਮ੍ਰਿਤਸਰ 6 ਮਾਰਚ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਉੱਤਰਾਖੰਡ ਦੇ ਰਿਸ਼ੀਕੇਸ਼ ਵਿਚ ਇਕ ਸਿੱਖ ਵਪਾਰੀ ਦੀ ਫਿਰਕੂ ਸਮੂਹ ਵਲੋਂ ਕੀਤੀ ਗਈ ਕੁੱਟਮਾਰ ਅਤੇ ਉਸ ਦੀ ਦਸਤਾਰ ਅਤੇ ਕੇਸਾਂ ਦੀ ਬੇਅਦਬੀ ਦੀ ਘਟਨਾ ਨੂੰ ਦੇਸ਼ ਅੰਦਰ ਵੱਖ-ਵੱਖ ਧਰਮਾਂ ਦੇ ਅਧਿਕਾਰਾਂ ਤੇ ਆਜ਼ਾਦੀ 'ਤੇ ਹਮਲਾ ਕਰਾਰ ਦਿੱਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਲਿਖਤੀ ਬਿਆਨ ਵਿਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਵੱਖ-ਵੱਖ ਧਰਮਾਂ, ਭਾਈਚਾਰਿਆਂ ਦੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਅਤੇ ਆਜ਼ਾਦੀ ਨੂੰ ਬਰਕਰਾਰ ਰੱਖਣਾ ਹਰੇਕ ਜਮਹੂਰੀ ਸਰਕਾਰ ਦਾ ਬੁਨਿਆਦੀ ਫਰਜ਼ ਬਣਦਾ ਹੈ। ਉਨ੍ਹਾਂ ਕਿਹਾ ਕਿ ਰਿਸ਼ੀਕੇਸ਼ ਵਿਚ ਇਕ ਮਾਮੂਲੀ ਤਕਰਾਰ ਨੂੰ ਲੈ ਕੇ ਭੜਕੀ ਭੀੜ ਵਲੋਂ ਇਕ ਸਿੱਖ ਵਪਾਰੀ ਦੀ ਦਸਤਾਰ ਅਤੇ ਕੇਸਾਂ ਨੂੰ ਨਿਸ਼ਾਨਾ ਬਣਾ ਕੇ ਹਮਲਾ ਕਰਨਾ ਇਸ ਦੇਸ਼ ਦੀ ਜਮਹੂਰੀਅਤ ਲਈ ਬੇਹੱਦ ਸ਼ਰਮਨਾਕ ਹੈ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਬੇਸ਼ੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਘਟਨਾ ਨੂੰ ਲੈ ਕੇ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਅਤੇ ਉੱਤਰਾਖੰਡ ਪੁਲਸ ਨੂੰ ਪੱਤਰ ਲਿਖ ਕੇ ਦੋਸ਼ੀਆਂ ਖ਼?ਲਾਫ਼ ਸਖ਼ਤ ਕਾਰਵਾਈ ਕਰਨ ਲਈ ਮੰਗ ਕੀਤੀ ਹੈ ਪਰ ਪੰਜਾਬ ਸਰਕਾਰ ਦਾ ਵੀ ਫਰਜ਼ ਬਣਦਾ ਹੈ ਕਿ ਉਹ ਵੀ ਉੱਤਰਾਖੰਡ ਸਰਕਾਰ ਕੋਲ ਪਹੁੰਚ ਕਰਕੇ ਦੋਸ਼ੀਆਂ ਖ਼?ਲਾਫ ਸਖ਼ਤ ਕਾਨੂੰਨੀ ਕਾਰਵਾਈ ਯਕੀਨੀ ਬਣਾਵੇ ਤਾਂ ਜੋ ਦੇਸ਼ ਅੰਦਰ ਘੱਟ-ਗਿਣਤੀਆਂ ਦੀ ਸੁਰੱਖਿਆ ਅਤੇ ਆਜ਼ਾਦੀ ਨੂੰ ਬਰਕਰਾਰ ਰੱਖਿਆ ਜਾ ਸਕੇ।

## ਡਰੱਗ ਇੰਸਪੈਕਟਰ ਵੱਲੋਂ ਦਵਾਈਆਂ ਵੇਚਣ ਵਾਲਿਆਂ ਦੀਆਂ ਦੁਕਾਨਾਂ ਦੀ ਕੀਤੀ ਅਚਨਚੇਤ ਚੈਕਿੰਗ

ਨਵਾਂਸ਼ਹਿਰ 6 ਮਾਰਚ। ਡਰੱਗ ਇੰਸਪੈਕਟਰ ਮਨਪ੍ਰੀਤ ਸਿੰਘ ਦੀ ਟੀਮ ਨੇ ਕਸਬੇ ਰਾਹੋਂ ਵਿਖੇ ਅੱਧੀ ਦਰਜਨ ਤੋਂ ਵੱਧ ਦਵਾਈਆਂ ਵੇਚਣ ਵਾਲਿਆਂ ਦੀਆਂ ਦੁਕਾਨਾਂ ਦੀ ਅਚਨਚੇਤ ਚੈਕਿੰਗ ਕੀਤੀ। ਕਮਿਸ਼ਨਰ ਡਰੱਗ ਅਭਿਨਵ ਤ੍ਰਿਖਾ ਅਤੇ ਪੰਜਾਬ ਸਰਕਾਰ ਦੇ ਨਸ਼ਾ ਵਿਰੋਧੀ ਪ੍ਰੋਗਰਾਮ ਤਹਿਤ ਕੀਤੀ ਗਈ ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਡਰੱਗ ਇੰਸਪੈਕਟਰ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਅਚਨਚੇਤ ਚੈਕਿੰਗ ਦੌਰਾਨ ਨਸ਼ਾ ਵੇਚਣ ਵਾਲਿਆਂ ਦੇ ਸੇਲ-ਪਰਚੇਜ਼ ਰਿਕਾਰਡ ਦੀ ਜਾਂਚ ਕੀਤੀ ਗਈ। ਚੈਕਿੰਗ ਦੌਰਾਨ ਕੁਝ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਬੰਦ ਕਰਵਾਈਆਂ। ਉਨ੍ਹਾਂ ਦੱਸਿਆ ਕਿ ਡਰੱਗ ਵਿਭਾਗ ਵੱਲੋਂ ਦਵਾਈਆਂ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਅਤੇ ਦਵਾਈਆਂ ਦੀ ਦੁਰਵਰਤੋਂ ਨੂੰ ਰੋਕਣ ਲਈ ਹਰ ਮਹੀਨੇ ਦਵਾਈ ਵਿਕਰੇਤਾਵਾਂ ਦੀ ਅਚਨਚੇਤ ਚੈਕਿੰਗ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਰਾਹੋਂ ਕਸਬੇ



ਵਿੱਚ ਕੀਤੀ ਗਈ ਅਚਨਚੇਤ ਚੈਕਿੰਗ ਦੌਰਾਨ ਕੁਝ ਦਵਾਈ ਵਿਕਰੇਤਾਵਾਂ ਵੱਲੋਂ ਡਰੱਗ ਐਂਡ ਕਾਸਮੈਟਿਕ ਐਕਟ ਦੀ ਉਲੰਘਣਾ ਪਾਈ ਗਈ ਅਤੇ ਉਨ੍ਹਾਂ ਨੂੰ ਨੋਟਿਸ ਜਾਰੀ ਕਰਕੇ ਵਿਭਾਗੀ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕੈਮਿਸਟਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਸ਼ਡਿਊਲ ਐੱਚ-1 ਦਵਾਈਆਂ ਦਾ ਰਿਕਾਰਡ ਕਾਇਮ ਰੱਖਣ ਤੇ ਬਿਨਾਂ ਪਰਚੀ ਤੋਂ ਦਵਾਈਆਂ ਨਾ ਦੇਣ। ਕੈਮਿਸਟਾਂ ਨੂੰ ਵੀ ਹਦਾਇਤ ਕੀਤੀ ਗਈ ਹੈ ਕਿ ਉਹ ਨਸ਼ੇੜੀਆਂ ਨਾਲ ਸੰਪਰਕ ਨਾ ਕਰਨ। ਉਨ੍ਹਾਂ ਕੈਮਿਸਟਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਭਵਿੱਖ ਵਿਚ ਜੇਕਰ ਕੋਈ ਵੀ ਡਰੱਗ ਐਂਡ ਕਾਸਮੈਟਿਕ ਐਕਟ ਦੀ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਸ ਖ਼?ਲਾਫ਼ ਕਾਨੂੰਨ ਤਹਿਤ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਗੜੇਮਾਰੀ ਕਾਰਨ ਹੋਏ ਨੁਕਸਾਨ ਸਬੰਧੀ ਇਸ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੈਲਪਲਾਈਨ ਨੰਬਰ ਜਾਰੀ

ਅੰਮ੍ਰਿਤਸਰ 6 ਮਾਰਚ। ਬੀਤੇ ਦਿਨੀਂ ਅੰਮ੍ਰਿਤਸਰ ਦੇ ਕਈ ਇਲਾਕਿਆਂ ਵਿਚ ਹੋਈ ਭਾਰੀ ਗੜੇਬਾਰੀ ਕਰਨ ਫਸਲਾਂ ਦੇ ਹੋਏ ਸੰਭਾਵੀ ਨੁਕਸਾਨ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਦਿੱਤੀਆਂ ਹਦਾਇਤਾਂ ਦੇ ਮੱਦੇਨਜ਼ਰ ਮਾਲ ਵਿਭਾਗ ਅਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਪਿੰਡਾਂ ਵਿਚ ਫਸਲਾਂ ਦੇ ਨੁਕਸਾਨ ਦਾ ਜਾਇਜ਼ਾ ਲੈ ਰਹੇ ਹਨ। ਇਹ ਟੀਮਾਂ ਸਾਰੇ ਪੀੜਤ ਪਿੰਡਾਂ ਵਿਚ ਪਹੁੰਚ ਕਰ ਰਹੀਆਂ ਹਨ, ਇਸ ਦੇ ਨਾਲ ਹੀ ਜ਼ਿਲ੍ਹਾ ਪ੍ਰਸ਼ਾਸਨ ਨੇ ਫਸਲਾਂ ਸਬੰਧੀ ਹੋਏ ਨੁਕਸਾਨ ਬਾਰੇ ਰਿਪੋਰਟ ਦੇਣ ਲਈ ਹੈਲਪਲਾਈਨ ਨੰਬਰ ਵੀ ਜਾਰੀ ਕੀਤਾ ਹੈ। ਜੇਕਰ ਕਿਸੇ ਨੂੰ ਵੀ ਕੋਈ ਸਹਾਇਤਾ ਦੀ ਲੋੜ ਹੈ ਜਾਂ ਆਪਣੀ ਫਸਲ ਸਬੰਧੀ ਕੁਝ ਵੀ ਦੱਸਣਾ ਚਾਹੁੰਦੇ ਹਨ ਤਾਂ ਇਸ ਹੈਲਪ ਲਾਈਨ ਨੰਬਰ 9815828858 'ਤੇ ਵੀ ਸੰਪਰਕ ਕਰ ਸਕਦੇ ਹੈ। ਡਿਪਟੀ ਕਮਿਸ਼ਨਰ ਨੇ ਇਹ ਜਾਣਕਾਰੀ ਦਿੰਦੇ ਹੋਏ ਵਿਭਾਗਾਂ ਨੂੰ ਹਦਾਇਤ ਵੀ ਕੀਤੀ ਕਿ ਉਹ ਪਿੰਡਾਂ ਵਿਚ ਇਸ ਸਬੰਧੀ ਅਨਾਊਂਸਮੈਂਟ ਵੀ ਕਰਵਾਉਣ। ਉਨ੍ਹਾਂ ਦੱਸਿਆ ਕਿ ਮੁੱਢਲੀ ਰਿਪੋਰਟਾਂ ਵਿਚ ਰਾਜਾਸਾਂਸੀ, ਮਜੀਠਾ, ਅਜਨਾਲਾ, ਬਾਬਾ ਬਕਾਲਾ ਸਾਹਿਬ ਦੇ ਇਲਾਕਿਆਂ ਵਿਚ ਗੜੇਮਾਰੀ ਕਾਰਨ ਹੋਏ ਨੁਕਸਾਨ ਦਾ ਪਤਾ ਲੱਗਾ ਹੈ। ਇਸ ਤੋਂ ਇਲਾਵਾ ਵੀ ਜੇਕਰ ਜ਼ਿਲ੍ਹੇ ਦੇ ਕਿਸੇ ਹਿੱਸੇ ਵਿੱਚ ਗੜੇਮਾਰੀ ਕਾਰਨ ਕਿਸੇ ਦਾ ਕੋਈ ਨੁਕਸਾਨ ਹੋਇਆ ਹੈ ਤਾਂ ਉਹ ਉਕਤ ਨੰਬਰ ਉੱਪਰ ਫੋਨ ਕਰ ਕੇ ਜਾਣਕਾਰੀ ਦੇ ਸਕਦਾ।

# 16 ਮਾਰਚ ਤਕ ਲਗਾਤਾਰ 4 ਛੁੱਟੀਆਂ ਦਾ ਐਲਾਨ, ਬੰਦ ਰਹਿਣਗੇ ਸਕੂਲ-ਕਾਲਜ ਤੇ ਸਰਕਾਰੀ ਦਫਤਰ

**ਏਜੰਸੀਆਂ**

ਨੈਸ਼ਨਲ ਡੈਸਕ 6 ਮਾਰਚ। ਮਾਰਚ ਮਹੀਨਾ ਸ਼ੁਰੂ ਹੁੰਦੇ ਹੀ ਤਿਉਹਾਰਾਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਇਸ ਮਹੀਨੇ ਹੋਣ ਵਾਲੀਆਂ ਛੁੱਟੀਆਂ ਦੀ ਸੂਚੀ ਆ ਗਈ ਹੈ। 16 ਮਾਰਚ ਦਿਨ ਸ਼ੁੱਕਰਵਾਰ ਨੂੰ ਹੋਲੀ ਦਾ ਤਿਉਹਾਰ ਆ ਰਿਹਾ ਹੈ, ਜਿਸ ਕਾਰਨ ਪੰਜਾਬ 'ਚ ਸਰਕਾਰੀ ਛੁੱਟੀ ਰਹੇਗੀ। ਇਸ ਮੌਕੇ ਸਾਰੇ ਸਕੂਲ-ਕਾਲਜ ਤੇ ਵਿੱਦਿਅਕ ਅਦਾਰੇ ਬੰਦ ਰਹਿਣਗੇ। ਇਸ ਸਾਲ ਉੱਤਰ ਪ੍ਰਦੇਸ਼ ਦੇ ਕਈ ਸੂਬਿਆਂ ਵਿੱਚ ਹੋਲੀ ਅਤੇ ਹੋਲਿਕਾ ਦਹਨ ਕਾਰਨ ਲਗਾਤਾਰ ਚਾਰ ਦਿਨਾਂ ਦੀ ਛੁੱਟੀ ਐਲਾਨੀ ਗਈ ਹੈ। ਇਸ ਦੌਰਾਨ ਸੂਬੇ ਦੇ ਸਾਰੇ ਸਕੂਲ, ਕਾਲਜ, ਬੈਂਕ ਅਤੇ ਸਰਕਾਰੀ ਦਫ਼ਤਰ ਬੰਦ ਰਹਿਣਗੇ। ਯਾਨੀ ਜੇਕਰ ਤੁਹਾਡੇ ਕੋਲ ਬੈਂਕ ਜਾਂ ਸਰਕਾਰੀ ਦਫ਼ਤਰ ਨਾਲ ਸਬੰਧਤ ਕੋਈ ਜ਼ਰੂਰੀ ਕੰਮ ਹੈ ਤਾਂ ਉੱਤਰ ਪ੍ਰਦੇਸ਼ ਸਰਕਾਰ ਦੇ ਅਧਿਕਾਰਤ ਕੈਲੰਡਰ ਅਨੁਸਾਰ ਇਨ੍ਹਾਂ ਛੁੱਟੀਆਂ ਦਾ ਐਲਾਨ ਕੀਤਾ ਗਿਆ ਹੈ ਤਾਂ ਜੋ ਲੋਕ ਤਿਉਹਾਰ ਦਾ ਪੂਰਾ ਆਨੰਦ ਲੈ ਸਕਣ। ਹੋਲੀ ਮੌਕੇ ਉੱਤਰ ਪ੍ਰਦੇਸ਼ 'ਚ ਲਗਾਤਾਰ ਚਾਰ ਦਿਨ ਛੁੱਟੀਆਂ ਹੋਣਗੀਆਂ। 16 ਮਾਰਚ ਨੂੰ ਹੋਲੀਕਾ ਦਹਨ ਅਤੇ 16 ਮਾਰਚ ਨੂੰ ਹੋਲੀ ਦੇ ਕਾਰਨ ਸਰਕਾਰੀ ਛੁੱਟੀ ਹੋਵੇਗੀ। ਇਸ ਦੌਰਾਨ ਸਾਰੇ ਸਰਕਾਰੀ ਦਫ਼ਤਰ, ਸਕੂਲ ਅਤੇ ਮਾਨਤਾ ਪ੍ਰਾਪਤ ਬੇਸਿਕ ਸਕੂਲ



ਬੰਦ ਰਹਿਣਗੇ। 16 ਮਾਰਚ ਨੂੰ ਦੂਜਾ ਸ਼ਨੀਵਾਰ ਹੋਣ ਕਾਰਨ ਸਾਰੇ ਬੈਂਕ ਬੰਦ ਰਹਿਣਗੇ ਅਤੇ 16 ਮਾਰਚ ਨੂੰ ਐਤਵਾਰ ਦੀ ਛੁੱਟੀ ਹੋਵੇਗੀ। ਮਾਰਚ ਮਹੀਨੇ ਵਿਚ ਇਸ ਵਾਰ ਜਿੱਥੇ 5 ਐਤਵਾਰ ਹਨ, ਉੱਥੇ ਹੀ 4 ਸਰਕਾਰੀ ਛੁੱਟੀਆਂ ਵੀ ਆ ਰਹੀਆਂ ਹਨ, ਜਿਨ੍ਹਾਂ ਵਿਚ 2 ਰਾਖਵੀਆਂ ਛੁੱਟੀਆਂ ਹਨ ਜਦਕਿ ਇਕ ਸਰਕਾਰੀ ਛੁੱਟੀ ਐਤਵਾਰ ਵਾਲੇ ਦਿਨ ਆ ਰਹੀ ਹੈ। 16 ਮਾਰਚ ਦਿਨ ਸ਼ੁੱਕਰਵਾਰ ਨੂੰ ਹੋਲੀ ਦਾ ਤਿਉਹਾਰ ਆ ਰਿਹਾ ਹੈ, ਜਿਸ ਕਾਰਨ ਸਰਕਾਰੀ ਛੁੱਟੀ ਰਹੇਗੀ। ਇਸ ਮੌਕੇ ਸਾਰੇ ਸਕੂਲ-ਕਾਲਜ ਤੇ ਵਿੱਦਿਅਕ ਅਦਾਰੇ ਬੰਦ ਰਹਿਣਗੇ। ਇਸ ਤੋਂ ਇਲਾਵਾ 26 ਮਾਰਚ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦਾ ਸ਼ਹੀਦੀ ਦਿਵਸ ਮਨਾਇਆ ਜਾਵੇਗਾ। 31 ਮਾਰਚ ਦਿਨ ਸੋਮਵਾਰ ਨੂੰ ਈਦ-ਉੱਲ-ਫਿਤਰ ਦਾ ਤਿਉਹਾਰ ਆ ਰਿਹਾ ਹੈ, ਜਿਸ ਕਰਕੇ ਸਰਕਾਰੀ ਛੁੱਟੀ ਐਲਾਨੀ ਗਈ ਹੈ। ਅੰਤਰ-ਰਾਸ਼ਟਰੀ ਮਹਿਲਾ ਦਿਵਸ ਦੀ ਛੁੱਟੀ 8 ਮਾਰਚ ਸ਼ਨੀਵਾਰ ਨੂੰ ਆ ਰਹੀ ਹੈ, ਜਿਸ ਦੇ ਚੱਲਦੇ ਪੂਰੇ ਪੰਜਾਬ ਵਿਚ ਰਾਖਵੀ ਛੁੱਟੀ ਰਹਿਣ ਵਾਲੀ ਹੈ। ਇਸ ਤੋਂ ਇਲਾਵਾ 16 ਮਾਰਚ ਸ਼ਨੀਵਾਰ ਨੂੰ ਹੋਲਾ-ਮੁਹੱਲਾ ਆ ਰਿਹਾ ਹੈ। 8 ਮਾਰਚ ਅਤੇ 16 ਮਾਰਚ ਦੀਆਂ ਰਾਖਵੀਆਂ ਛੁੱਟੀਆਂ ਐਲਾਨੀਆਂ ਗਈਆਂ ਹਨ। ਦੱਸਣਯੋਗ ਹੈ ਕਿ ਮਾਰਚ ਮਹੀਨੇ ਵਿਚ ਜਿੱਥੇ 5 ਐਤਵਾਰ ਆ ਰਹੇ ਹਨ, ਉੱਥੇ ਹੀ 5 ਸ਼ਨੀਵਾਰ ਵੀ ਆ ਰਹੇ ਹਨ, ਸੂਬੇ ਦੇ ਕਈ ਸਕੂਲਾਂ ਵਿਚ ਸ਼ਨੀਵਾਰ ਦੀ ਵੀ ਛੁੱਟੀ ਹੁੰਦੀ ਹੈ।

# ਪੰਜਾਬ ਵਾਸੀਆਂ ਲਈ ਖ਼ਤਰੇ ਦੀ ਘੰਟੀ, ਟੁੱਟਣ ਦੀ ਕਗਾਰ 'ਤੇ ਪਹੁੰਚਿਆ ਪੰਜਾਬ ਦਾ ਇਹ ਵੱਡਾ ਪੁਲ

**ਏਜੰਸੀਆਂ**

ਸ੍ਰੀ ਅਨੰਦਪੁਰ ਸਾਹਿਬ 6 ਮਾਰਚ। ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਅਤੇ ਸਨਾਤਨ ਧਰਮ ਦੇ ਪ੍ਰਸਿੱਧ ਸ਼ਕਤੀਪੀਠ ਮਾਤਾ ਨੈਣਾ ਦੇਵੀ ਜਿਹੇ ਆਸਥਾ ਭਰਪੂਰ ਅਸਥਾਨਾਂ ਨੂੰ ਦੁਆਬੇ ਅਤੇ ਮਾਝੇ ਨਾਲ ਜੋੜਨ ਵਾਲਾ ਮਹਿਜ ਇਕੋ-ਇਕ ਮਾਰਗ ਸ੍ਰੀ ਅਨੰਦਪੁਰ ਸਾਹਿਬ-ਟੂ ਗੜ੍ਹਸ਼ੰਕਰ ਹੀ ਹੈ। ਇਸੇ ਮਾਰਗ 'ਤੇ ਕਸਬਾ ਸ੍ਰੀ ਅਨੰਦਪੁਰ ਸਾਹਿਬ ਤੋਂ ਕਰੀਬ 7 ਕਿ.ਮੀ. ਪਿੱਛੇ ਪੰਜਾਬ ਦਾ ਸਭ ਤੋਂ ਵੱਡਾ ਪੁਲ ਸਤਲੁਜ ਦਰਿਆ ਅਤੇ ਸੁਆਂ ਨਦੀ 'ਤੇ ਸਥਿਤ ਹੈ। ਸੁਆਂ ਨਦੀ ਅਤੇ ਸਤਲੁਜ ਦਾ ਸੰਗਮ ਹੋਣ ਕਾਰਨ ਇਸ ਥਾਂ ਨੂੰ ਦੁਮੇਲ ਦਾ ਪੱਤਣ ਕਰਕੇ ਵੀ ਜਾਣਿਆ ਜਾਂਦਾ ਹੈ। ਇਸ ਪੱਤਣ ਉੱਤੇ ਬਣੇ ਸੂਬੇ ਦੇ ਸਭ ਤੋਂ ਲੰਬੇ ਪੁਲ ਦੀ ਲੰਬਾਈ 1006 ਮੀਟਰ (1 ਕਿ.ਮੀ.) ਅਤੇ ਚੌੜਾਈ 10 ਮੀਟਰ ਹੈ। ਚਾਰ ਦਹਾਕਿਆਂ ਤੋਂ ਮੌਜੂਦ ਇਸ ਲੰਮੇ ਪੁਲ ਦੇ ਹੇਠ 70-70 ਫੁੱਟ ਡੂੰਘੀਆਂ ਕੁੱਲ੍ਹ 21 ਖੂਹੀਆਂ ਸਥਾਪਤ ਹਨ। ਕਿਸੇ ਵੇਲੇ ਇਨ੍ਹਾਂ ਖੂਹੀਆਂ ਦੇ ਬਰਾਬਰਲੇ ਤਲ ਤੱਕ ਦਾ ਹਿੱਸਾ ਜ਼ਮੀਨੀ ਤਲ ਦੇ ਸਮਤਲ ਸੀ ਅਤੇ ਸਤਲੁਜ ਤੇ ਸੁਆਂ ਨਦੀ ਦਾ ਵਹਾਅ ਇਨ੍ਹਾਂ ਤੋਂ ਕਈ ਗਜ਼ ਦੂਰ ਵਗਦਾ ਹੁੰਦਾ ਸੀ ਪਰ ਮਾਈਨਿੰਗ ਮਾਫ਼ੀਏ ਕਾਰਨ 50 ਤੋਂ 80 ਫੁੱਟ ਤੱਕ ਦੀ ਡੂੰਘਾਈ ਤੱਕ ਇਥੋਂ ਰੇਤ, ਬਜਰੀ ਅਤੇ ਪੱਥਰ ਆਧੁਨਿਕ ਮਸ਼ੀਨਾਂ ਨਾਲ ਚੁੱਕ ਕੇ ਇਸ ਦਾ ਪੱਧਰ ਪੁਲ ਹੇਠਲੀਆਂ ਖੂਹੀਆਂ ਦੇ ਬੁਨਿਆਦੀ ਤਲ ਤੱਕ ਲਿਆਂਦਾ ਗਿਆ ਹੈ। ਕਈ ਖੂਹੀਆਂ ਦੀ ਹੇਠਲੀ ਜ਼ਮੀਨ ਡੂੰਘੇ ਖਾਰ ਪੈਣ ਨਾਲ ਰੁੜ੍ਹ ਚੁੱਕੀ ਹੈ ਅਤੇ ਇਹ ਖੂਹੀਆਂ ਜ਼ਮੀਨੀ ਤਲ ਤੋਂ ਕਿਤੇ ਉੱਚੀਆਂ ਦਿਸ ਰਹੀਆਂ ਹਨ। ਵਿਭਾਗੀ ਨਿਯਮਾਂ ਅਨੁਸਾਰ ਕਿਸੇ ਵੀ ਪੁਲ ਜਾਂ ਬੰਨ੍ਹ ਤੋਂ ਖੋਦਾਈ ਕਰਨੀ ਗੈਰ-ਕਾਨੂੰਨੀ ਮੰਨੀ ਗਈ ਹੈ ਪਰ ਮਾਈਨਿੰਗ ਮਾਫ਼ੀਏ ਅੱਗੇ ਸਾਰੀ ਕਾਨੂੰਨੀ ਪ੍ਰਕਿਰਿਆ ਦਮ ਤੋੜ ਚੁੱਕੀ ਹੈ। ਕਦੇ ਇਸ ਦਾ ਰਮਣੀਕ ਨਜ਼ਾਰਾ ਕੁਦਰਤੀ ਨਜ਼ਾਰਿਆਂ ਦੀ ਲਾਮਿਸਾਲ ਤਸਵੀਰ ਸਿਰਜਦਾ ਹੁੰਦਾ ਸੀ ਅਤੇ ਇਹ ਥਾਂ ਵਾਤਾਵਰਣ ਪ੍ਰੇਮੀਆਂ ਲਈ ਵੱਡੇ ਖਿੱਚ ਦਾ ਕੇਂਦਰ ਬਣੀ ਹੋਈ ਸੀ ਪਰ ਅਜੋਕੀ ਤ੍ਰਾਸਦੀ ਨੇ ਇਸ ਨੂੰ ਮਾਈਨਿੰਗ ਮਾਫ਼ੀਏ ਦੀ ਹੱਬ ਵਜੋਂ ਵਿਕਸਿਤ ਕਰਕੇ ਇਸ ਦਾ ਪੁਰਾਤਨ ਸੁੰਦਰ ਸਰੂਪ ਖ਼ਤਮ ਕਰ ਦਿੱਤਾ ਹੈ। ਇਸ ਪੁਲ ਦੇ ਆਸ-ਪਾਸ ਅਤੇ ਹੇਠਾਂ ਲੰਮੇ ਅਰਸੇ ਤੋਂ ਵੱਡੇ ਪੈਮਾਨੇ 'ਤੇ ਹੋ ਰਹੀ ਨਾਜਾਇਜ਼ ਮਾਈਨਿੰਗ ਨੇ ਨਾਂ ਸਿਰਫ਼ ਸਤਲੁਜ ਦਰਿਆ ਤੇ ਸੁਆਂ ਨਦੀ ਨੂੰ ਕਰੂਪ ਕਰ ਦਿੱਤਾ ਹੈ ਸਗੋਂ ਖੇਤਰ ਦੇ ਲੋਕਾਂ ਵੱਲੋਂ ਵੱਡੇ ਸੰਘਰਸ਼ 'ਤੇ ਹੋਂਦ 'ਚ ਆਇਆ ਇਹ ਪੁਲ ਟੁੱਟਣ ਦੀ ਕਗਾਰ 'ਤੇ ਆ ਚੁੱਕਾ ਹੈ। ਹਾਲਾਤ ਇਹੋ ਰਹੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਇਹ ਪੁਲ ਗਏ ਗੁਜ਼ਰੇ ਜ਼ਮਾਨੇ ਦੀ ਗੱਲ ਹੋ ਜਾਵੇਗਾ।



ਸਮੇਂ-ਸਮੇਂ ਭਾਵੇਂ ਸਰਕਾਰਾਂ ਇਸ ਪੁਲ ਨੂੰ ਬਚਾਉਣ ਦੇ ਦਾਅਵੇ ਕਰਦੀਆਂ ਰਹੀਆਂ ਹਨ ਪਰ ਇਸ ਦੇ ਬਾਵਜੂਦ ਸਿਆਸੀ ਸਰਪ੍ਰਸਤੀ ਹੇਠ ਮਾਈਨਿੰਗ ਮਾਫ਼ੀਆ ਸ਼ਰੇਆਮ ਸਤਲੁਜ ਦਰਿਆ ਅਤੇ ਸੁਆਂ ਨਦੀ ਦਾ ਸੀਨਾ ਪੌਕਲਾਈਨ ਅਤੇ ਜੇ. ਸੀ. ਬੀ. ਆਦਿ ਮਸ਼ੀਨਾਂ ਨਾਲ ਚੀਰ ਕੇ ਕਾਨੂੰਨ ਦੀਆਂ ਧੱਜੀਆਂ ਉਡਾਉਂਦਾ ਰਿਹਾ ਹੈ। ਕਈ ਵਾਰ ਤਫ਼ਤੀਸ਼ ਉਪਰੰਤ ਅਧਿਕਾਰੀਆਂ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਸਪੱਸ਼ਟ ਰੂਪ 'ਚ ਦੱਸਿਆ ਜਾਂਦਾ ਰਿਹਾ ਹੈ ਕਿ ਜੇ ਨਾਜਾਇਜ਼ ਮਾਈਨਿੰਗ ਇਸ ਤਰਜ 'ਤੇ ਜਾਰੀ ਰਹੀ ਤਾਂ ਇਹ ਪੁਲ ਮਾਈਨਿੰਗ ਮਾਫ਼ੀਆ ਦੀ ਬਦੌਲਤ ਡਿੱਗ ਪਵੇਗਾ ਪਰ ਮਾਈਨਿੰਗ ਮਾਫ਼ੀਏ 'ਚ ਮਸ਼ਰੂਫ ਕੁਝ ਉੱਚੀਆਂ ਸਿਆਸੀ ਛੂੰਹਾਂ ਵਾਲੇ ਅਤੇ ਅੰਤਰ-ਰਾਜੀ ਪੁਲਸ ਅਧਿਕਾਰੀਆਂ ਅੱਗੇ ਪ੍ਰਸ਼ਾਸਨਿਕ ਅਧਿਕਾਰੀ ਬੇਵੱਸ ਹੁੰਦੇ ਰਹੇ ਹਨ। ਬੀਤੀਆਂ ਕਾਂਗਰਸ ਅਤੇ ਅਕਾਲੀ ਸਰਕਾਰਾਂ ਤੋਂ ਬਾਅਦ ਇਹ ਮਾਫ਼ੀਆ ਅੱਜ ਆਪ ਸਰਕਾਰ ਦੇ ਵਿਚ ਵੀ ਪੂਰੀ ਤਰ੍ਹਾਂ ਸਰਗਰਮ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਅੱਜ ਤੋਂ 14 ਮਹੀਨੇ ਪਹਿਲਾਂ ਦਸੰਬਰ 2023 ਵਿਚ ਸੁਆਂ ਨਦੀ 'ਤੇ ਬਣਿਆ ਨੰਗਲ ਅਤੇ ਨੂਰਪੁਰ ਬੇਦੀ ਖੇਤਰ ਨੂੰ ਜੋੜਨ ਵਾਲਾ ਪੁਲ ਵੀ ਟੁੱਟ ਚੁੱਕਾ ਹੈ ਅਤੇ ਇਕ ਸਾਲ ਤੋਂ ਵੱਧ ਸਮਾਂ ਬੀਤਣ ਦੇ ਬਾਵਜੂਦ ਉਕਤ ਰੋਡ 'ਤੇ ਚੱਲਣ ਵਾਲੀ ਟ?ਰੈਫਿਕ ਮੁਕੰਮਲ ਰੂਪ ਵਿਚ ਬੰਦ ਹੈ। ਇਸ ਪੁਲ ਦੇ ਟੁੱਟਣ ਦਾ ਕਾਰਨ ਸੁਆਂ ਨਦੀ ਵਿਚ ਹੋਈ ਨਾਜਾਇਜ਼ ਮਾਈਨਿੰਗ ਨੂੰ ਹੀ ਮੰਨਿਆ ਗਿਆ ਹੈ। ਅੱਜ ਲੋਕ ਸਵਾਲ ਕਰ ਰਹੇ ਹਨ ਕਿ ਜਦੋਂ ਉਕਤ ਤ੍ਰਾਸਦੀ ਤੋਂ ਪ੍ਰਸ਼ਾਸਨ ਨੇ ਕੋਈ ਸਬਕ ਨਹੀਂ ਸਿੱਖਿਆ ਤਾਂ ਕਿ ਸਰਕਾਰ ਇਸ ਪੁਲ ਦੇ ਟੁੱਟਣ ਦਾ ਵੀ ਇੰਤਜਾਰ ਕਰ ਰਹੀ ਹੈ? ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਹਰ ਵਰ੍ਹੇ ਭਰਨ ਵਾਲਾ ਕੌਮਾਂਤਰੀ ਪ੍ਰਸਿੱਧ ਜੋੜ-ਮੇਲਾ ਹੋਲਾ-ਮਹੱਲਾ ਮਾਰਚ ਦੇ ਦੂਜੇ ਹਫ਼ਤੇ ਤੋਂ ਸ਼ੁਰੂ ਹੋ ਰਿਹਾ ਹੈ। ਇਸ ਦੌਰਾਨ ਲੱਖਾਂ ਦੀ ਤਦਾਦ 'ਚ ਸੰਗਤਾਂ ਇਸ ਪੁਲ ਤੋਂ ਗੁਜ਼ਰ ਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚਦੀਆਂ ਹਨ। ਜੇ ਸਥਿਤੀ ਇਹੋ ਰਹੀ ਤਾਂ ਇਹ ਪੁਲ ਟੁੱਟਣ ਉਪਰੰਤ ਵੱਡੀ ਸਮੱਸਿਆ ਦਾ ਜਰੀਆ ਵੀ ਬਣ ਸਕਦਾ ਹੈ। ਅੱਜ ਜਦੋਂ ਇਸ ਦੀਆਂ ਡੂੰਘੀਆਂ ਖੂਹੀਆਂ ਦੇ ਆਲੇ-ਦੁਆਲਿਓਂ ਵੱਡੇ ਪੈਮਾਨੇ 'ਤੇ ਮਾਈਨਿੰਗ ਹੋ ਚੁੱਕੀ ਹੈ ਤਾਂ ਇਸ ਦਾ ਉੱਪਰਲਾ ਤਲ ਓਵਰਲੋਡ ਟਿੱਪਰਾਂ ਵੱਲੋਂ ਬੁਰੀ ਤਰ੍ਹਾਂ ਤੋੜ ਦਿੱਤਾ ਗਿਆ ਹੈ। ਸਿਤਮਜਰੀਫੀ ਦੀ ਗੱਲ ਇਹ ਹੈ ਕਿ ਪੁਲ ਦੇ ਦੋਵੇਂ ਕਿਨਾਰਿਆਂ 'ਤੇ ਪੁਲਸ ਦੀਆਂ ਪੱਕੀਆਂ ਚੌਕੀਆਂ ਸਥਾਪਤ ਹਨ, ਜਿੱਥੇ ਮੁਲਾਜ਼ਮ 24 ਘੰਟੇ ਡਿਊਟੀ ਪਾਬੰਦ ਰਹਿੰਦੇ ਹਨ। ਇਸ ਦੇ ਬਾਵਜੂਦ ਮਾਈਨਿੰਗ ਮਾਫ਼ੀਏ ਦੇ ਕੰਨ 'ਤੇ ਕੋਈ ਜੂੰ ਨਹੀਂ ਸਰਕ ਰਹੀ।